ਸਚ ਕੀ ਬਾਣੀ ਨਾਨਕੁ ਆਖੈ

# ਗੁਰੂ ਨਾਨਕ ਬਾਣੀ ਵਿੱਚ ਸਮਕਾਲੀ ਸਮਾਜ ਦਾ ਚਿੱਤਰ

ਐਮ. ਏ. ਪੰਜਾਬੀ
ਭਾਗ ਦੂਜੇ ਦੇ ਚੌਥੇ ਪਰਚੇ ਵਜੋਂ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪ੍ਰਸਤੁਤ

## ਖੋਜ–ਪ੍ਰਬੰਧ

1974

ਪੱਥ-ਪ੍ਰਦਰਸ਼ਕ :
ਪ੍ਰੋ: ਜੁਗਿੰਦਰ ਸਿੰਘ,
ਐਮ. ਏ., ਪੀ. ਈ. ਐਸ.,
ਮੁਖੀ, ਪੰਜਾਬੀ ਵਿਭਾਗ,
ਗੌਰਮਿੰਟ ਕਾਲਜ,
ਲੁਧਿਆਣਾ।

ਲੇਖਕ :
ਜੁਗਿੰਦਰ ਕੌਰ,
ਐਮ. ਏ., ਭਾਗ ਦੂਜਾ,
ਗੌਰਮਿੰਟ ਕਾਲਜ,
ਲੁਧਿਆਣਾ।

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਤ ਤ ਕ ਰਾ


| ਕੀ ? | ਕਿਥੇ ? |
|---|---|
| ਭੂਮਿਕਾ | ੳ ਤੋਂ ਖ |
| **ਕਾਂਡ ਪਹਿਲਾ** | |
| ਕਵਿਤਾ, ਸਮਾਜ ਤੇ ਗੁਰੂ ਨਾਨਕ | 2 ਤੋਂ 9 |
| **ਕਾਂਡ ਦੂਜਾ** | |
| ਗੁਰੂ ਨਾਨਕ ਦੇਵ ਜੀ ਦੀ ਕਵਿਤਾ ਦਾ ਇਤਿਹਾਸਕ ਪਿਛੋਕੜ | 11 ਤੋਂ 25 |
| **ਕਾਂਡ ਤੀਜਾ** | |
| ਗੁਰੂ ਨਾਨਕ ਦੇਵ ਜੀ ਦਾ ਜੀਵਨ | 27 ਤੋਂ 54 |
| **ਕਾਂਡ ਚੌਥਾ** | |
| ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ | 55 ਤੋਂ 85 |
| **ਕਾਂਡ ਪੰਜਵਾਂ** | |
| ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ | 87 ਤੋਂ 157 |
| **ਕਾਂਡ ਛੇਵਾਂ** | |
| ਗੁਰੂ ਨਾਨਕ ਦੇਵ ਜੀ ਦੀ ਕਾਵਿ ਸ਼ੈਲੀ | 159 ਤੋਂ 184 |
| ਸਾਰੰਸ਼ | |
| ਪੁਸਤਕ ਸੂਚੀ | |


-=:0:=-

ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

-=: ਭੂ ਮਿ ਕਾ :=-

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਭੂਮਿਕਾ

ਉਹੀ ਰਚਨਾ ਮਹਾਨ ਹੈ, ਜੋ ਮਨੁੱਖ ਦੇ ਮਨ, ਬਚਨ ਤੇ ਕਰਮ ਦੇ ਖੇਤਰ ਵਿਚ ਸਿਧਾਂਤਕ ਜਾਂ ਕਲਾਤਮਿਕ ਪ੍ਰੇਰਨਾ ਪ੍ਰਮਾਣ ਬਣ ਕੇ, ਵਿਆਪਕ ਤੇ ਪ੍ਰਬਲ ਰੂਪ ਵਿਚ ਛਾ ਜਾਵੇ, ਜਿੰਨੇ ਵੱਧ ਸਮੇਂ ਲਈ ਜਿੰਨੇ ਵੱਧ ਮਨੁੱਖਾਂ ਤੇ ਕੋਈ ਰਚਨਾ ਕਰਮ ਕਰੇਗੀ, ਓਨੀ ਹੀ ਵੱਧ ਮਹਾਨ ਤੇ ਪ੍ਰਭਾਵਸ਼ਾਲੀ ਮੰਨੀ ਜਾਂਦੀ ਹੈ। ਇਹ ਭਾਰਤੀ ਸੰਸਕ੍ਰਿਤ ਤੇ ਸਾਹਿੱਤ ਦਾ ਅਮੁੱਲ ਖਜ਼ਾਨਾ ਹੈ, ਜਿਸ ਨੂੰ ਜਿਸ ਤਰ੍ਹਾਂ ਮਰਜ਼ੀ ਫਰੋਲਿਆ ਜਾਵੇ, ਇਹ ਗਿਆਨ ਤੇ ਰਸ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਗਿਆਨ, ਅਮਲ ਤੇ ਆਚਰਣ ਅਧੀਨ ਹੈ, ਪ੍ਰਕਾਸ਼ ਤੇ ਰਸ ਭਰਪੂਰ ਹੈ, ਸ਼ਾਂਤੀ ਤੇ ਪ੍ਰੇਮ ਭਿੰਨੀ ਹੈ ਤੇ ਸਮਾਜ ਵਿਚ ਅਦਵੈਤ ਤੇ ਮਿਲਾਪ ਦੀ ਜ਼ਿੰਦਗੀ ਜੀਉਣ ਦੀ ਪ੍ਰਤੀਕ ਹੈ। ਇਹ ਗਿਆਨ, ਮਿਠਾਸ, ਨਿਮਰਤਾ ਤੇ ਕੋਮਲਤਾ ਸਿਖਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੈਦਾ ਨਹੀਂ ਕਰਦੀ। ਇਹ ਬਾਣੀ ਗੌਰਵਸ਼ੀਲ ਹੈ ਜਿਸ ਦੇ ਵਿਸ਼ਵ ਵਿਚ ਵਸਦਾ ਹਰ ਇਨਸਾਨ - ਜਿਸ ਵਿਚ ਇਨਸਾਨੀਅਤ ਹੈ, ਮਨੁੱਖਤਾ ਲਈ ਦਰਦ ਹੈ, ਪਿਆਰ ਤੇ ਸਤਿਕਾਰ ਹੈ, ਸਾਂਝੀ ਪੱਧਰ ਤੇ ਮਿਲ ਬੈਠਣ ਦੀ ਚਾਅ ਹੈ, ਇਕ ਦੂਜੇ ਵਾਸਤੇ ਕੁਰਬਾਨ ਹੋ ਜਾਣ ਦਾ ਸਾਹਸ ਹੈ, ਦਲੇਰੀ ਹੈ, ਨਿਡਰਤਾ ਹੈ। ਇਸ ਬਾਣੀ ਵਿਚ ਆਰਤੀ ਵੀ ਹੈ ਤੇ ਨਿਵਾਜ਼ ਵੀ ਹੈ। ਇਥੇ ਨਾ ਮਜ਼ਬ ਦਾ ਵਿਤਕਰਾ ਹੈ, ਨਾ ਰੰਗ, ਜਾਤ ਤੇ ਬੋਲੀ ਦਾ। ਇਸ ਵਿਚ ਵਿਅੱਕਤੀਗਤ ਪੱਧਰ ਤੇ ਨਾ ਕਿਸੇ ਦਾ ਵਿਰੋਧ ਹੈ, ਨਾ ਕਿਸੇ ਦੀ ਉਸਤੱਤੀ ਹੈ, ਨਾ ਕਿਸੇ ਦੀ ਜੀਵਨ ਕਥਾ ਦਾ ਬਿਆਨ ਹੈ ਤੇ ਨਾ ਹੀ ਕਲਪਿਤ, ਕਿਆਸੀ, ਜਜ਼ਬਾਤੀ ਜ਼ਿੰਦਗੀ ਦਾ ਗਿਆਨ ਹੈ। ਇਤਿਹਾਸ ਸੀਮਾਂ ਵਿਚ ਇਸ ਦੀ ਕਵਿਤਾ ਪੰਜਾਬ ਅਤੇ ਭਾਰਤ ਦੇ ਅਧਿਆਤਮਕ, ਸਭਿਆਚਾਰਕ ਤੇ ਸਦਾਚਾਰਕ ਸਮਾਜ ਦਾ ਪ੍ਰਤੀਬਿੰਬ ਇਤਿਹਾਸ ਹੈ ਜਿਵੇਂ-

'ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨਾ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥'

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਉਸ ਸਮੇਂ ਦੇ ਪੰਜਾਬ-ਭਾਰਤ ਦੇ ਸਮੂਹਕ ਭਾਵਾਂ, ਸਮਜਜਿਕ, ਰਾਜਨੀਤਕ, ਧਾਰਮਿਕ ਤੇ ਆਰਥਿਕ ਤੱਥਾਂ ਦੇ ਪੂਰਨ ਤੇ ਪ੍ਰਭਾਵਸ਼ਾਲੀ ਸੰਕੇਤਕ ਪ੍ਰਤੀਬਿੰਬ ਮੂਰਤੀਮਾਨ ਹੁੰਦੇ ਹਨ, ਕਿਉਂਕਿ ਇਸ ਬਾਣੀ ਦਾ ਕਵੀ ਆਦਰਸ਼ਕ ਸਮਾਜ

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗ੍ਰਹਿਸਤ ਸੀ। ਇਸ ਬਾਣੀ ਦੀ ਇਤਿਹਾਸਕ ਤੇ ਸਮਾਜਿਕ ਵਿਸ਼ੇਸ਼ਤਾ ਬੜੀ ਮਹੱਤਵਪੂਰਨ ਤੇ ਮੌਲਿਕ ਹੈ। ਆਪ ਦੀ ਬਾਣੀ ਇਕ ਪੁਲ ਹੈ, ਜਿਸ ਨਾਲ ਹਿੰਦੂ ਤੇ ਮੁਸਲਮਾਨ ਨੇੜੇ ਆਉਂਦੇ ਹਨ।

ਆਪ ਦੀ ਬਾਣੀ ਸਾਹਿੱਤਕ ਰਚਨਾਵਾਂ ਵਿਚੋਂ ਇਕ ਸਰਬ ਸ੍ਰੇਸ਼ਟ ਤੇ ਸ੍ਰੇਸ਼ਟਮ ਸਾਹਿੱਤ ਰਚਨਾ ਹੈ।। 'ਦਰਸ਼ਨ' ਦੇ ਖੇਤਰ ਵਿਚ ਸ੍ਰੇਸ਼ਟ ਤੇ ਮੌਲਿਕ ਹੈ, ਪਰ ਸਾਹਿੱਤਕ ਖੇਤਰ ਵਿਚ ਜੋ ਖੂਬਸੂਰਤੀ ਵਿਸ਼ੇ, ਰੂਪ ਤੇ ਵਿਚਾਰ, ਵਿਲੱਖਣ ਰਾਗ ਪ੍ਰਣਾਲੀ, ਭਿੰਨਾਤਮਿਕ ਛੰਦਾਂ ਦੀ ਵਿਸ਼ਾਲ ਭਾਵੀ, ਅਲੰਕਾਰਾਂ ਤੇ ਰੂਪਕਾਂ ਦੀ ਬਿੰਬਾਂ ਤੇ ਚਿੰਨਾਂ ਤੇ ਸੰਕੇਤਾਂ ਦੀ, ਭਾਰਤ ਰਸ ਪਰੰਪਰਾ ਦੀ ਵਿਆਕਰਣਿਕ ਠੁੱਕ ਬਾਜੀ ਦੀ ਢੁੱਕਵੀਂ ਸ਼ਬਦ ਚੋਣ ਤੇ ਵੱਖ ਵੱਖ ਭਾਸ਼ਾਵਾਂ ਦੀ ਵਰਤੋਂ ਇਸੇ ਬਾਣੀ ਰੂਪੀ ਮਾਲਾ ਦੇ ਹੀ ਮੋਤੀ ਹਨ।

ਬੁਨਿਆਦੀ ਤੌਰ ਤੇ ਅਨੁਭਵੀ ਗਿਆਨ ਦਾ ਅਨੁਪਮ ਤੇ ਅਮੁੱਕ ਭੰਡਾਰ ਹੈ। ਆਪ ਦੀ 'ਕਵਿਤਾ' ਆਵੇਸ਼ ਹੈ, ਆਪ ਮੁਹਾਰੇ ਅੰਤਿਮ ਆਤਮਾ ਵਿਚੋਂ ਸੁਫੁੱਟ ਹੋਇਆ ਅਮੁੱਕ ਤੇ ਅਮੁੱਲ ਕਾਵਿ ਪ੍ਰਕਾਸ਼ ਹੈ। ਇਸ ਕਾਵਿ ਪ੍ਰਕਾਸ਼ ਦੇ ਕਵੀ ਗੁਰੂ ਨਾਨਕ ਨੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਆਪ ਨੂੰ ਸ਼ਾਇਰ ਆਖਿਆ ਹੈ, ਕਿਧਰੇ ਢਾਡੀ ਤੇ ਕਿਤੇ ਪਾਰਖੂ ਦਾ ਦਾਹਵਾ ਕੀਤਾ ਹੈ -

1. "ਨਾਨਕ 'ਸਾਇਰ' ਏਵ ਕਹਤੁ ਹੈ ਸਚੇ ਪਰਵਦਗਾਰਾ ॥"
2. "ਹਉ ਢਾਡੀ ਕਾ ਨੀਚ ਜਾਤਿ ਹੋਰ ਉਤਮ ਜਾਤਿ ਸਦਾਇਦਾ॥"
3. "ਨਾਨਕੁ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆਂ ।"

'ਸ਼ਾਇਰ' ਅਸਲ ਵਿਚ ਉਹੀ ਮਹਾਨ ਤੇ ਪ੍ਰਸਿੱਧ ਹੁੰਦਾ ਹੈ, ਜਿਹੜਾ ਲੋਕਾਂ ਦਾ ਸ਼ਾਇਰ ਹੋਵੇ ਤੇ ਲੋਕ ਕਵਿਤਾ ਦਾ ਅਨੁਸਾਰੀ ਹੋਵੇ, ਲੋਕ ਧੜਕਣ ਨੂੰ ਆਪਣੀ ਕਵਿਤਾ ਦਾ ਪ੍ਰਮੁੱਖ ਵਿਸ਼ਾ ਬਣਾਵੇ, ਲੋਕ ਸ਼ੈਲੀ ਨੂੰ ਆਪਣੀ ਕਵਿਤਾ ਦਾ ਸ਼ਿੰਗਾਰ ਬਣਾਏ। ਆਪ ਇਕ ਲੋਕ ਕਵੀ ਹਨ। ਕਵੀ ਹਮੇਸ਼ਾਂ ਅਨੁਭਵ ਆਧਾਰਤ ਜ਼ਿੰਦਗੀ ਦੇ ਸੁਆਮੀ ਹੁੰਦੇ ਹਨ। ਅਨੁਭਵ ਆਧਾਰਤ ਜ਼ਿੰਦਗੀ ਹੀ ਅਸਲ ਵਿਚ ਆਚਰਣਵਾਦੀ ਦੀ ਜ਼ਿੰਦਗੀ ਹੈ। ਦੈਵੀ ਤੇ ਸ੍ਰੇਸ਼ਟ ਕਵਿਤਾ ਸ਼ੁੱਧ ਆਚਰਣ ਵਿਚੋਂ ਪ੍ਰਕਾਸ਼ਮਾਨ ਹੁੰਦੀ ਹੈ। ਇਸ ਕਰਕੇ ਗੁਰੂ ਨਾਨਕ ਦੀ ਕਵਿਤਾ ਦੈਵੀ ਤੇ ਸ੍ਰੇਸ਼ਟ ਹੈ।

ਦੈਵੀ ਤੇ ਸ੍ਰੇਸ਼ਟ ਕਵਿਤਾ ਹਮੇਸ਼ਾਂ ਲੋਕ ਜੀਵਨ ਦਾ ਅੰਗ ਹੁੰਦੀ ਹੈ, ਲੋਕ ਧੜਕਣ ਨੂੰ ਆਪਣੇ ਕਾਵਿ ਬਿੰਬ ਵਿਚ ਪਹਿਲ ਦਿੰਦੀ ਹੈ। ਇਸ ਤਰ੍ਹਾਂ ਦੀ ਕਵਿਤਾ ਦੇ ਰਚਣਹਾਰੇ, ਲੋਕਾਂ ਨਾਲ ਭਿਜ ਕੇ ਪਿਆਰ ਕਰਿਆ ਕਰਦੇ ਹਨ। ਗੁਰੂ ਨਾਨਕ ਦੇਵ ਜੀ

ਲੋਕ ਰਹੇ ਸਨ, ਲੋਕਾਂ ਵਿਚ ਰਹਿਣਾ, ਬਹਿਣਾ, ਹੱਸਣਾ, ਖੇਡਣਾ, ਵਾਦ ਵਿਵਾਦ ਕਰਨਾ, ਕੁਝ ਸਿਖਣਾ ਤੇ ਕੁਝ ਸਿਖਾਣਾ, ਕੁਝ ਲੈਣਾ ਤੇ ਕੁਝ ਦੇਣਾ, ਇਸ ਵਿਹਾਰਕ ਤੇ ਸੁਹਿਰਦ ਜ਼ਿੰਦਗੀ ਦੇ ਆਪ ਧਾਰਨੀ ਸਨ। ਇਸੇ ਕਰਕੇ ਆਪ ਦੇ ਅੰਤਰ ਆਤਮਾ ਵਿਚੋਂ ਜੋ ਕਾਵਿ ਪ੍ਰਕਾਸ਼ ਉਤਰਿਆ, ਉਹ ਲੋਕ ਜਜ਼ਬਿਆਂ ਦਾ ਕਾਵਿ ਪ੍ਰਕਾਸ਼ ਸੀ।

ਸਾਹਿੱਤ ਹਮੇਸ਼ਾਂ ਲੋਕਾਂ ਵਾਸਤੇ ਲਿਖਿਆ ਜਾਂਦਾ ਹੈ। ਸਦੀਵੀ ਕਾਲ ਤਕ ਲੋਕਾਂ ਨੂੰ ਤਾਜ਼ੀ ਜ਼ਿੰਦਗੀ ਪ੍ਰਦਾਨ ਕਰਨ ਵਾਲਾ ਹੀ ਸਾਹਿੱਤ ਪ੍ਰਭਾਵਸ਼ਾਲੀ ਤੇ ਤੇ ਵਿਸ਼ਾਲ ਭਾਵੀ ਹੁੰਦਾ ਹੈ। ਸਾਹਿੱਤ ਤਾਂ ਸਮੂਹਕ ਜ਼ਿੰਦਗੀ ਦਾ ਪ੍ਰਤੀਬਿੰਬ ਹੁੰਦਾ ਹੈ। ਜ਼ਿੰਦਗੀ ਦੀਆਂ ਸਮੂਹਕ ਕੀਮਤਾਂ ਨੂੰ ਮੂਰਤੀਮਾਨ ਕਰਨ ਵਾਲਾ ਹੁੰਦਾ ਹੈ, ਕਿਉਂਕਿ ਸਮੂਹਕ ਜੀਵਨ ਕੀਮਤਾਂ ਵਿਚ ਭਾਵੁਕ ਤੇ ਬੌਧਿਕ ਵਿਸ਼ੇ ਵੀ ਹੁੰਦੇ ਹਨ। 'ਭਾਵ ਤੇ ਬੁੱਧੀ' ਦੇ ਮੇਲ ਤੋਂ ਹੀ ਪੂਰਨਤਾ ਦੀ ਸਿਰਜਨਾ ਹੁੰਦੀ ਹੈ। ਚੰਗਾ ਸਾਹਿੱਤ ਕਿਸੇ ਸੰਪੂਰਨ ਅਨੁਭਵ ਦਾ ਹੀ ਪ੍ਰਗਟਾ ਹੁੰਦਾ ਹੈ। ਗੁਰੂ ਨਾਨਕ ਬਾਣੀ ਭਾਵੁਕ ਤੌਰ ਤੇ ਵੀ ਮਨੁੱਖੀ ਆਤਮਾ ਨੂੰ ਟੁੰਬਦੀ ਹੈ, ਤੇ ਬੌਧਿਕ ਤੌਰ ਤੇ ਦਿਮਾਗ਼ ਨੂੰ ਹਿਲਾਂਦੀ ਹੈ। ਇਸ ਵਿਚ ਪਿਆਰ ਵੀ ਹੈ ਤੇ ਦਲੀਲ ਵੀ ਹੈ। 'ਪਿਆਰ ਤੇ ਦਲੀਲ' ਦੋ ਅਜਿਹੇ ਹਥਿਆਰ ਹਨ, ਜਿਨ੍ਹਾਂ ਦੇ ਸਹਾਰੇ ਸਮੁੱਚੇ ਵਿਸ਼ਵ ਨੂੰ ਜਿੱਤਿਆ ਜਾ ਸਕਦਾ ਹੈ।

ਸੰਗੀਤ ਪ੍ਰਣਾਲੀ ਨਿਰੋਲ ਮੌਲਿਕ ਹੈ। ਇਸ ਨੂੰ ਗੁਰਮਤਿ ਸੰਗੀਤ ਪ੍ਰਣਾਲੀ ਕਹਿਣਾ ਚਾਹੀਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ 'ਸਮੁੱਚਾ ਵਿਸ਼ਵ-ਅਕਾਰ ਇਕ ਵਿਸ਼ਵ ਤਾਨ ਵਿਚ ਬੱਝਾ' ਹੋਇਆ ਹੈ, ਇਸ ਵਿਸ਼ਵ ਭਾਵ ਦੀ ਗਤੀ ਅਖੰਡ ਹੈ, ਲੈਅ ਅਟੁੱਟ ਹੈ। ਜਿਹੜੇ ਇਸ ਭਾਵ ਨੂੰ ਸਮਝਦੇ ਹਨ ਉਹ ਇਸ ਨਾਲ ਇਕ ਸੁਰ ਹੋ ਕੇ ਟੁਰਦੇ ਹਨ - ਉਹ ਰਾਗੀ ਹਨ, ਸੰਗੀਤਕਾਰ ਹਨ, ਵਜੰਦੀਏ ਹਨ, ਗੀਤਕਾਰ ਹਨ ਤੇ ਵਜੰਤ੍ਰੀ ਹਨ। ਗੁਰੂ ਨਾਨਕ ਨੇ ਜੋ ਵੀ ਕਿਹਾ ਉਹ ਸਭ ਰਾਗ ਭਰਪੂਰ ਹੈ। ਇਸ ਲਈ ਉਨ੍ਹਾਂ ਦਾ ਹਰ ਜੀਵਨ ਕਰਤੱਵ ਤੇ ਕਾਵਿ-ਸਤੌਰ ਸਭ ਸੰਗੀਤਮਈ ਹਨ। ਉਨ੍ਹਾਂ ਦੀ ਕਵਿਤਾ ਵਿਸ਼ਵ-ਵਿਆਪੀ ਤਾਲ ਨਾਲ ਪ੍ਰਤੀਬਿੰਬ ਹੈ। ਸੰਗੀਤ, ਰਾਗਭਾਵ, ਰੁੱਤ, ਸਮਾਂ ਤੇ ਸਥਾਨ ਦੀ ਸੀਮਾਂ ਵਿਚ ਬੱਧਾ ਹੁੰਦਾ ਹੈ, ਮਿਸਾਲ ਲਈ -ਸੂਹੀ ਰਾਗ ਖੁਸ਼ੀਆਂ ਤੇ ਮੰਗਲਾਚਾਰੀ ਭਾਵਨਾ ਨਾਲ ਸਬੰਧਤ ਹੈ। ਬਸੰਤ ਤੇ ਮਲਾਰ ਰਾਗ ਰੁੱਤਾਂ ਨਾਲ ਸਬੰਧਤ ਹੈ, ਆਸਾ - ਰਾਗ ਆਸਾ ਦੇਸ ਨਾਲ ਤੇ ਸ੍ਰੀ ਰਾਗ-ਸ਼ਾਮ ਸਮੇਂ ਦੇ ਗਾਇਨ ਨਾਲ ਸਬੰਧਤ ਹਨ। ਗੁਰੂ ਨਾਨਕ ਇਸ ਗੁਰਮਤਿ ਸੰਗੀਤ ਪ੍ਰਣਾਲੀ ਦੇ ਮੋਢੀ ਹਨ।

ਗੁਰੂ ਨਾਨਕ ਦੇਵ ਜੀ ਨੇ ਪੰਜਾਬ-ਭਾਰਤ ਦੀ ਲੋਕ ਜ਼ਿੰਦਗੀ ਨੂੰ ਹੀ

ਆਪਣੀ ਕਵਿਤਾ ਵਿਚ ਮੂਰਤੀਮਾਨ ਕੀਤਾ ਹੈ। ਲੋਕ ਜ਼ਿੰਦਗੀ ਨਾਲ ਭਿੱਜ ਕੇ ਰਹਿ ਰਹੇ ਸਨ, ਸ਼ਾਇਦ ਇਸ ਕਰਕੇ ਕਿ ਉਹ ਲੋਕ ਜ਼ਿੰਦਗੀ ਨੂੰ ਗੌਰਵਸ਼ੀਲ ਬਣਾਉਣਾ ਚਾਹੁੰਦੇ ਸਨ, ਮਾਣ ਤੇ ਸਤਿਕਾਰ ਦਿਲਾਉਣਾ ਚਾਹੁੰਦੇ ਸਨ, ਲੋਕ ਪਰੰਪਰਾਵਾਂ ਨੂੰ ਉਜਾਗਰ ਕਰਨਾ ਚਾਹੁੰਦੇ ਸਨ। ਗੁਰੂ ਨਾਨਕ ਪੰਜਾਬੀ ਲੋਕ ਕਾਵਿ ਪ੍ਰੰਪਰਾ ਦੇ ਮੋਢੀ ਸਨ। ਉਨ੍ਹਾਂ ਨੇ ਸਾਹਿੱਤ ਦੇ ਪ੍ਰਚੱਲਤ ਕਾਵਿ ਰੂਪਾਂ ਤੇ ਕਾਵਿ ਭੇਦਾਂ ਵਿਚ ਹੀ ਆਪਣੀ ਬਾਣੀ ਲਿਖੀ ਹੈ, ਉਦਾਹਰਣ ਲਈ- ਬਾਰਾਂਮਾਂਹ, ਪੱਟੀ, ਵਾਰ, ਤਿੱਥੀ, ਅਲਾਹੁਣੀਆਂ, ਗੋਸ਼ਟ, ਇਹ ਉਸ ਵਕਤ ਦੇ ਪ੍ਰਚੱਲਤ ਕਾਵਿ ਰੂਪ ਹਨ। ਗੁਰੂ ਸਾਹਿਬ ਨੇ ਇਨ੍ਹਾਂ ਕਾਵਿ ਰੂਪਾਂ ਨੂੰ ਜਿਸ ਨਿਪੁੰਨਤਾ, ਸੁੱਘੜਤਾ ਤੇ ਨਵੀਨਤਾ ਨਾਲ ਮੁੜ ਮੂਰਤੀਮਾਨ ਕੀਤਾ ਹੈ, ਉਹ ਆਪ ਦੀ ਸਾਹਿੱਤਕ ਸੂਝ ਦਾ ਸ੍ਰੇਸ਼ਟ ਨਮੂਨਾ ਹੈ। ਗੁਰੂ ਸਾਹਿਬ ਮਨੋਵਿਗਿਆਨੀ ਸਨ - ਉਹ ਜਾਣਦੇ ਸਨ ਕਿ ਪੰਜਾਬੀ ਮਨ - ਬਾਰਾਂਮਾਂਹ, ਵਾਰ ਤੇ ਗੋਸ਼ਟ ਆਦਿ ਕਵਿਤਾ ਪੜ੍ਹਨੀ ਪਸੰਦ ਕਰਦੇ ਸਨ। ਗੁਰੂ ਜੀ ਦੀ ਵਿਚਾਰ ਪ੍ਰਣਾਲੀ ਵੀ ਬੜੀ ਵਿਸ਼ਾਲ ਤੇ ਵਿਆਪਕ ਸੀ। ਉਹ ਪੰਜਾਬੀਆਂ ਨੂੰ ਵਿਸ਼ਵ ਵਿਚਾਰਧਾਰਾ ਦੇ ਧਾਰਨੀ ਬਣਾਉਣਾ ਚਾਹੁੰਦੇ ਸਨ। ਸੰਕੀਰਣ ਹੱਦਾਂ ਤਿਆਗ ਕੇ ਵਿਸ਼ਾਲ ਹਿਰਦੇ ਵਾਲਾ ਬਣਾਉਣਾ ਚਾਹੁੰਦੇ ਸਨ। ਇਸ ਵਿਚਾਰ ਪ੍ਰਣਾਲੀ ਨੂੰ ਲੌਕਿਕ ਪੱਧਰ ਤੇ ਲਿਆਉਣ ਵਾਸਤੇ ਸਭ ਤੋਂ ਯੋਗ ਸਾਧਨ ਇਹੀ ਸੀ ਕਿ ਇਨ੍ਹਾਂ ਵਿਚਾਰਾਂ ਨੂੰ ਪ੍ਰਚੱਲਤ ਤੇ ਲੋਕ ਕਾਵਿ ਰੂਪਾਂ ਵਿਚ ਹੀ ਮੂਰਤੀਮਾਨ ਕੀਤਾ ਜਾਵੇ, ਤਾਂ ਕਿ ਲੋਕ ਦਿਲਾਂ ਵਿਚ ਕਿਸੇ ਤਰ੍ਹਾਂ ਦੀ ਨਵੀਂ ਹਲਚਲ ਨਾ ਮੱਚੇ, ਪਰ ਗੁਰੂ ਜੀ ਹਲਚਲ ਤੋਂ ਨਹੀਂ ਡਰਦੇ ਸਨ, ਸਗੋਂ ਉਹ ਤਾਂ ਲੋਕ ਦਿਲਾਂ ਦੇ ਪਸੰਦ ਕਾਵਿ ਰੂਪਾਂ ਵਿਚ ਹੀ ਆਪਣੀ ਕਾਵਿ ਬਾਣੀ ਲਿਖਦੇ ਸਨ, ਤਾਂ ਕਿ ਹਰ ਵਿਅੱਕਤੀ ਉਨ੍ਹਾਂ ਕਾਵਿ ਰੂਪਾਂ ਨੂੰ ਪਹਿਲਾਂ ਵਾਂਗ ਹੀ ਪੜ੍ਹ ਕੇ ਨਵੀਨ ਤੇ ਪੂਰਨ ਵਿਚਾਰ ਪ੍ਰਣਾਲੀ ਦਾ ਧਾਰਨੀ ਬਣ ਜਾਏ। ਇਹ ਗੁਰੂ ਜੀ ਦੀ ਬੜੀ ਵੱਡੀ ਵਿਸ਼ੇਸ਼ਤਾ ਹੈ।

ਆਪ ਦੀ ਕਵਿਤਾ ਛੰਦ ਬੱਧ ਕਵਿਤਾ ਹੈ। ਛੰਦ ਭਾਰਤੀ ਹੈ। ਗੁਰੂ ਜੀ ਛੰਦ ਵਿਚ ਕਵਿਤਾ ਲਿਖਣੀ ਵਿਸ਼ਵਾਸੁ ਤਾਂ ਕਰਦੇ ਸਨ ਪਰ ਛੰਦ ਸ਼ਾਸ਼ਤਰ ਦੇ ਸਖਤ ਨਿਯਮਾਂ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਨਾਨਕ ਦੇਵ ਇਕ ਸੁਤੰਤਰ ਆਤਮਾ ਦੇ ਮਾਲਕ ਸਨ। ਉਹ ਜੀਵਨ ਤੇ ਸਾਹਿੱਤ ਦੇ ਹਰ ਖੇਤਰ ਵਿਚ ਸੁਤੰਤਰ ਵਾਤਾਵਰਣ ਉਸਾਰਣ ਦੇ ਹਾਮੀ ਸਨ। ਆਪ ਛੰਦ, ਸ਼ਾਸ਼ਤਰਾਂ ਦੇ ਨਿਯਮਾਂ ਤੋਂ ਜਾਣੂ ਸਨ ਪਰ ਉਨ੍ਹਾਂ ਨੇ ਤੁਕਾਂ ਮਾਤਰਾਂ, ਤੁਕਾਂਤ ਦੇ ਬੰਧਨਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ। ਕਿਧਰੇ ਕਿਧਰੇ

ਤਾਂ ਗੁਰੂ ਸਾਹਿਬ ਛੰਦ ਸ਼ਾਸਤਰ ਵਾਲੀ ਨਵਾਬੀ ਜੁੱਤੀ ਦੀ ਕੈਦ ਤੋਂ ਬਿਲਕੁਲ ਬਾਗ਼ੀ ਹੋ ਕੇ ਕਵਿਤਾ ਲਿਖਣ ਲਗ ਪੈਂਦੇ ਹਨ, ਜਿਵੇਂ -

'ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ'

- ਆਪ ਦੀ ਕਵਿਤਾ ਅਲੰਕਾਰਾਂ ਨਾਲ ਜੜੀ ਤੇ ਸ਼ਿੰਗਾਰੀ ਹੋਈ ਬਾਣੀ ਹੈ। 'ਅਲੰਕਾਰ' ਕਵਿਤਾ ਦੇ ਸੁਹਜਾਤਮਕ ਪੱਖ ਵਿਚ ਵਾਧਾ ਕਰਨ ਵਿਚ ਸਹਿਯੋਗੀ ਹੁੰਦੇ ਹਨ, ਕਿਸੇ ਵਿਸਥਾਰ ਭਰੀ ਕੱਥਾ ਨੂੰ ਸੰਖੇਪ ਤੇ ਸੁਹੱਪਣ-ਭਰਪੂਰ ਬਣਾਣ ਵਿਚ ਹੀ ਸਹਾਇਕ ਸਿੱਧ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਅਲੰਕਾਰ ਜ਼ਿੰਦਗੀ ਦੇ ਵਿਸ਼ਾਲ ਅਨੁਭਵ ਨਾਲ ਸੰਬੰਧ ਰਖਦੇ ਹਨ। ਗੁਰੂ ਜੀ ਦੀ ਦ੍ਰਿਸ਼ਟੀ, ਸਮੁੱਚੇ ਸ੍ਰਿਸ਼ਟੀ ਆਕਾਰ ਵਿਚ ਝਾਤੀ ਮਾਰਦੀ ਹੈ। ਉਨ੍ਹਾਂ ਨੇ ਆਪਣੇ ਭਾਵਾਂ ਨੂੰ ਸਪੱਸ਼ਟ ਸੁਹਜਮਈ ਤੇ ਸੰਕੇਤਮਈ ਬਣਾਉਣ ਵਾਸਤੇ ਸ੍ਰਿਸ਼ਟੀ ਆਕਾਰ ਵਿਚੋਂ ਅਲੰਕਾਰਾਂ ਦੀ ਚੋਣ ਕੀਤੀ। ਉਨ੍ਹਾਂ ਦੀ ਨਜ਼ਰ ਧਰਤ ਤੇ ਵੀ ਪਈ, ਅਕਾਸ਼ ਵਲ ਵੀ ਗਈ ਹੈ, ਜਿਵੇਂ -

'ਗਗਨ ਮੈ ਥਾਲੁ ਰਵਿ ਚੰਦੁ
ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥'

ਇਥੇ ਹੀ ਬਸ ਨਹੀਂ ਆਪ ਨੇ ਕੁਦਰਤ ਦੀ ਰੰਗੀਨੀ ਨੂੰ ਵੀ ਮਾਣਿਆ ਹੈ। ਆਪ ਦੇ ਅਲੰਕਾਰਾਂ, ਸੰਕੇਤਾਂ, ਬਿੰਬਾਂ ਦੇ ਸ਼ਬਦ ਚਿਤਰਾਂ ਦਾ ਘੇਰਾ ਬੜਾ ਅਸੀਮਤ ਹੈ। ਵਿਸ਼ੇਸ਼ ਤੌਰ ਤੇ ਸਮਾਜਕ ਤੇ ਘਰੋਗੀ ਜੀਵਨ ਵਿਚੋਂ ਜਿਹੜੇ ਅਲੰਕਾਰ, ਬਿੰਬ ਆਪ ਨੇ ਲਏ, ਉਹ ਗੁਰੂ ਜੀ ਦੀ ਸਮਾਜ ਪ੍ਰਤੀ ਵਿਸ਼ਾਲ ਸੂਝ ਦੇ ਸੂਚਕ ਹਨ।

ਗੁਰੂ ਨਾਨਕ ਦੇ ਅਣਗਿਣਤ ਵਾਕੰਸ਼ ਲੋਕ-ਦਿਲਾਂ ਦੀ ਸਦੀਵੀ ਯਾਦ ਬਣ ਗਏ ਹਨ। ਲੋਕ ਦਿਲਾਂ ਦੀ ਸਦੀਵੀ ਯਾਦ ਹਮੇਸ਼ਾਂ ਉਹੀ ਵਾਕੰਸ਼ ਜਾਂ ਮੁਹਾਵਰੇ ਬਣਿਆ ਕਰਦੇ ਹਨ, ਜਿਨ੍ਹਾਂ ਵਿਚ ਕੋਈ ਵਿਆਪਕ ਸੱਚ ਹੁੰਦਾ ਹੈ, ਜੀਵਨ ਦਾ ਡੂੰਘਾ ਤੱਤ ਹੁੰਦਾ ਹੈ, ਸ੍ਰਿਸ਼ਟੀ ਅਕਾਰ ਦਾ ਵਿਸ਼ਾਲ ਤਜਰਬਾ ਹੁੰਦਾ ਹੈ। ਵਿਸ਼ਾਲ ਜੀਵਨ ਤਜਰਬੇ ਵਿਚ ਜੀਉਂਦੇ ਜੀਵਨ ਦੀਆਂ ਜੀਉਂਦੇ ਆਕਾਰ ਦਾ ਵਿਸ਼ਾਲ ਤਜਰਬਾ ਹੁੰਦਾ ਹੈ। ਵਿਸ਼ਾਲ ਜੀਵਨ ਤਜਰਬੇ ਵਿਚ ਜੀਉਂਦੇ ਜੀਵਨ ਦੀਆਂ ਘਟਨਾਵਾਂ ਵੀ ਹੁੰਦੀਆਂ ਹਨ, ਕੁਦਰਤ ਦਾ ਅਨੂਪਮ ਤਮਾਸ਼ਾ ਵੀ ਹੁੰਦਾ ਹੈ, ਸਮਾਜਕ ਕਾਰ-ਵਿਹਾਰ ਵੀ ਹੁੰਦਾ ਹੈ। ਗੁਰੂ ਜੀ ਨੇ ਜੀਵਨ ਦੇ ਵਿਸ਼ਾਲ ਤੋਂ ਵਿਸ਼ਾਲ ਤਜਰਬੇ ਨੂੰ ਸੂਤਕ ਰੂਪ ਅਖਾਣ ਜਾਂ ਮੁਹਾਵਰੇ ਵਿਚ ਮੂਰਤੀਮਾਨ ਕੀਤਾ ਹੈ। ਇਹ ਮੁਹਾਵਰੇ ਪੰਜਾਬ ਦੇ ਸਭਿਆਚਾਰ ਦਾ ਇਕ ਕੀਮਤੀ ਖਜ਼ਾਨਾ ਹਨ ਤੇ ਸਾਰੀ ਲੋਕਾਈ, ਉਨ੍ਹਾਂ ਮੁਹਾਵਰਿਆਂ ਨੂੰ ਬਿਨਾਂ ਕਿਸੇ ਮਜ਼੍ਹਬੀ, ਬੋਲੀ ਤੇ ਵਿਤਕਰੇ ਦੇ ਇਸ ਤਰ੍ਹਾਂ ਦੁਹਰਾਂਦੀ ਹੈ ਜਿਵੇਂ ਇਹ ਜੀਵਨ ਲਈ

ਕੋਈ ਰਸ ਭਰਪੂਰ ਭੋਜਨ ਹੋਵੇ। ਮੁਹਾਵਰੇ ਪੰਜਾਬੀ ਜੀਵਨ ਦਾ ਅਖਿੱੜਵਾਂ ਅੰਗ ਹਨ। ਪੰਜਾਬੀ ਜੀਵਨ ਦੇ ਹਾਸੇ, ਖੇਡੇ, ਮਜ਼ਾਕ, ਵਿਅੰਗ ਤੇ ਪਰਮ ਤੱਤ ਇਨ੍ਹਾਂ ਮੁਹਾਵਰਿਆਂ ਵਿਚੋਂ ਲੱਭੇ ਜਾਂਦੇ ਹਨ। ਇਨ੍ਹਾਂ ਮੁਹਾਵਰਿਆਂ ਦੀ ਬੋਲੀ ਬੜੀ ਸਾਧਾਰਣ ਤੇ ਸਿੱਧੀ ਸਾਦੀ ਹੈ। ਸ੍ਰਬਦ-ਚੋਣ ਆਮ ਜੀਵਨ ਦੀ ਬੋਲ ਚਾਲ ਦੇ ਹਨ, ਸੰਗੀਤਕ ਅੰਸ਼ ਵੀ ਇਨ੍ਹਾਂ ਵਿਚ ਹਨ। ਸ਼ਾਇਦ ਇਸ ਲਈ ਇਹ ਮੁਹਾਵਰੇ ਬਿਨਾਂ ਕਿਸੇ ਉਚੇਚ ਦੇ ਆਪਣੇ ਆਪ ਹੀ ਮਨੁੱਖੀ ਮੂੰਹਾਂ ਤੇ ਚੜ੍ਹ ਜਾਂਦੇ ਹਨ। ਹਾਂ ਇਨ੍ਹਾਂ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਨ੍ਹਾਂ ਮੁਹਾਵਰਿਆਂ ਦੀ ਸਿਖਿਆ ਪ੍ਰੇਰਨਾ, ਵਿਸ਼ਵ ਭਾਵੀ ਹੈ। ਇਹ ਮੁਹਾਵਰੇ ਮਨੁੱਖ ਨੂੰ ਸੰਕੀਰਣ ਦ੍ਰਿਸ਼ਟੀਕੋਣ ਛੱਡਣ ਤੇ ਵਿਸ਼ਵ ਦ੍ਰਿਸ਼ਟੀਕੋਣ ਅਪਨਾਣ ਦੀ ਪ੍ਰੇਰਨਾ ਦਿੰਦੇ ਹਨ ਜਿਵੇਂ -

"ਹਕੁ ਪਰਾਇਆ ਨਾਨਕਾ ਉਸ ਸੂਅਰੁ ਉਸੁ ਗਾਇ।"
'ਪੜਿਆ ਮੂਰਖ ਆਖੀਐ ਜਿਸ ਲਬੁ ਲੋਭ ਅਹੰਕਾਰ॥'

ਗੁਰੂ ਨਾਨਕ ਦੀ ਬਾਣੀ ਰਸ ਮਈ ਰਚਨਾ ਹੈ। ਰਸ ਤੇ ਰਾਗ ਦਾ ਬੜਾ ਡੂੰਘਾ ਸਬੰਧ ਹੈ। ਰਾਗ ਤੇ ਕਵਿਤਾ ਦਾ ਅਟੁੱਟ ਰਿਸ਼ਤਾ ਹੈ। ਜਿਥੇ ਰਾਗ ਹੈ, ਉਥੇ ਰਸ ਦਾ ਪ੍ਰਭਾਵ ਆਮ ਮੁਹਾਰੇ ਉਭਰਦਾ ਹੈ, ਕਿਉਂਕਿ ਰਸ ਦਾ ਇਹ ਸਥਾਈ ਆਧਾਰ ਰਾਗਆਤਮਿਕਤਾ ਹੈ। 'ਰਾਗਆਤਮਿਕਤਾ' ਤੋਂ ਬਿਨ੍ਹਾਂ ਕਵਿਤਾ ਕਿਵੇਂ ਬਣ ਸਕਦੀ ਹੈ। ਇਸੇ ਤਰ੍ਹਾਂ ਰਸ ਹੀਣ ਕਵਿਤਾ 'ਕਵਿਤਾ' ਨਹੀਂ ਆਖੀ ਜਾ ਸਕਦੀ। ਸ੍ਰੇਸ਼ਟ ਕਵਿਤਾ ਦਾ ਪ੍ਰਮੁੱਖ ਮੰਤਵ ਰਸ-ਮੰਡਲ ਨੂੰ ਉਸਾਰਨ ਹੈ। ਰਸ ਮੰਡਲ ਸੁੱਤੀਆਂ ਬਿਰਤੀਆਂ ਨੂੰ ਟੁੰਬਦਾ ਤੇ ਜਗਾਂਦਾ ਹੈ, ਉਦਾਸ ਬਿਰਤੀਆਂ ਵਿਚ ਖੁਸ਼ੀ ਤੇ ਵਿਗਾਸ ਦਾ ਸੁਆਦ ਭਰ ਦਿੰਦਾ ਹੈ। ਉਤਸ਼ਾਹ ਹੀਣ ਰੁਚੀਆਂ ਵਿਚ ਉਤਸ਼ਾਹ, ਲਗਨ ਤੇ ਦ੍ਰਿੜ੍ਹਤਾ ਦਾ ਭਾਵ ਪੈਦਾ ਕਰ ਦਿੰਦਾ ਹੈ। ਗੁਰੂ ਨਾਨਕ ਦੀ ਕਵਿਤਾ ਮਨੁੱਖ ਨੂੰ ਟੁੰਬ ਕੇ ਜਗਾਣ ਵਾਲੀ, ਵਿਗਾਸ, ਉਤਸ਼ਾਹ, ਲਗਨ ਤੇ ਦ੍ਰਿੜ੍ਹਤਾ ਪ੍ਰਦਾਨ ਕਰਦੀ ਹੈ - ਇਹ ਰਸ ਸਿਧਾਂਤ ਦਾ ਹੀ ਚਮਤਕਾਰ ਮੰਨਣਾ ਪਵੇਗਾ।

ਭਾਸ਼ਾ ਬਾਰੇ ਆਮ ਰਵਾਇਤ ਹੈ ਕਿ ਇਹ ਬਾਰ੍ਹਾਂ ਕੋਹਾਂ ਤੇ ਜਾ ਕੇ ਬਦਲ ਜਾਂਦੀ ਹੈ। ਗੁਰੂ ਨਾਨਕ ਪੰਜਾਬ ਦੇ ਜੰਮ ਪਲ ਸਨ, ਇਸ ਕਰਕੇ ਇਨ੍ਹਾਂ ਦੀ ਬਾਣੀ ਭਾਸ਼ਾ ਦਾ ਉਚਾਰਣ ਤੇ ਵਿਆਕਰਣ ਬਹੁਤਾ ਪੰਜਾਬੀ ਹੈ, ਪਰ ਇਹ ਵੱਖੋ ਵੱਖ ਪ੍ਰਾਂਤਾਂ ਵਿਚ ਘੁੰਮੇ ਇਸ ਕਰਕੇ ਇਨ੍ਹਾਂ ਦੀ ਕਾਵਿ ਭਾਸ਼ਾ ਹੋਰ ਭਾਸ਼ਾਵਾਂ ਦੇ ਸ਼ਬਦ, ਰੰਗ ਢੰਗ ਦਾ ਮਿਲਗੋਭਾ ਰੂਪ ਹੈ।

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਆਪ ਦੀ ਬਾਣੀ ਇਕ ਚਾਨਣ ਹੈ, ਨੂਰਾਨੀ ਚਾਨਣ, ਜਿਹੜੀ ਭਾਰਤੀਆਂ ਦੀ ਅਗਿਆਨਤਾ ਨੂੰ ਘਟਾਉਣ ਵਿਚ ਸਦਾ ਸਹਾਇਕ ਸਿੱਧ ਹੁੰਦੀ ਰਹੇਗੀ। ਆਪ ਦੀ ਬਾਣੀ ਵਿਚ ਪੰਜਾਬੀ ਦੇ ਯਥਾਰਥੀ ਚਿੱਤਰਾਂ ਦਾ ਅਪੂਰਣ ਐਲਬਮ ਹੈ, ਸਭਿਆਚਾਰ, ਸਦਾਚਾਰ ਤੇ ਧਰਮ ਦਾ ਮਨੋਹਰ ਗੁਲਦੱਸਤਾ ਹੈ। ਇਸ ਕਰਕੇ ਆਪ ਦਾ ਸਾਹਿੱਤ ਅਮਰ ਸਾਹਿੱਤ ਹੋ ਨਿਬੜਿਆ ਹੈ।

ਗੁਰੂ ਨਾਨਕ ਸਾਹਿਬ ਦੀਆਂ ਉਪਰੋਕਤ ਵਿਸ਼ੇਸ਼ਤਾਈਆਂ ਨੇ ਮੈਨੂੰ ਮੋਹ ਲਿਆ ਹੈ। ਮੈਂ ਕੋਈ ਅਵਸਰ ਲਭਦੀ ਸੀ ਕਿ ਗੁਰੂ ਸਾਹਿਬ ਬਾਰੇ ਹੋਰ ਜਾਣ ਸਕਾਂ। ਇਸ ਤਰ੍ਹਾਂ ਮੈਂ ਆਪਣੇ ਮਨ ਦੀ ਆਵਾਜ਼ ਨੂੰ ਸੁਣਦੇ ਹੋਏ ਗੁਰੂ ਸਾਹਿਬ ਦਾ ਵਿਸ਼ਾ ਆਪਣੀ ਖੋਜ ਲਈ ਚੁਣਿਆ। ਹੁਣ ਤਕ ਅਨੇਕਾਂ ਮਰਜੀਵੜਿਆਂ ਨੇ ਗੁਰਬਾਣੀ ਦੇ ਅਥਾਹ ਸਾਗਰ ਵਿਚ ਚੁਭੀਆਂ ਲਾ ਲਾ ਕੇ ਵਿਸ਼ੇ ਤੇ ਰੂਪ ਪੱਖੋਂ ਵੱਡਮੁਲੇ ਮੋਤੀ ਚੁਣ ਚੁਣ ਕੇ ਮਾਲਾ ਪਰੋਈ ਹੈ। ਮੈਂ ਇਨ੍ਹਾਂ ਮੋਤੀਆਂ ਨੂੰ ਛੋਹਣ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ। ਪੂਰੀ ਕੋਸ਼ਿਸ਼ ਤੇ ਮਿਹਨਤ ਦੇ ਬਾਵਜੂਦ ਵੀ ਹੋ ਸਕਦਾ ਹੈ ਕਿ ਇਸ ਖੋਜ ਨਿਬੰਧ ਵਿਚ ਕੁਝ ਤਰੁੱਟੀਆਂ ਰਹਿ ਗਈਆਂ ਹੋਣ। 'ਭੁਲਣਹਾਰ ਸਭਿ ਕੋ' ਦੇ ਗੁਰਵਾਕ ਅਨੁਸਾਰ ਪਾਰਖੂ ਸੱਜਣ ਇਨ੍ਹਾਂ ਨੂੰ ਨਜ਼ਰ ਅੰਦਾਰ ਕਰਨ ਦਾ ਯਤਨ ਕਰਨਗੇ।

ਸ਼ੁਕਰਗੁਜ਼ਾਰ ਹਾਂ ਮੈਂ ਉਸ ਪਰਮਾਤਮਾ ਦੀ ਜਿਸ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਮੈਨੂੰ ਬਲ ਬਖਸ਼ਿਆ। ਮੈਂ ਉਨ੍ਹਾਂ ਸੁਹਿਰਦ ਆਦਰਨੀਯ ਵਿਦਵਾਨਾਂ ਦਾ ਧੰਨਵਾਦ ਕਰਨੋਂ ਨਹੀਂ ਰਹਿ ਸਕਦੀ ਜਿਨ੍ਹਾਂ ਦੀ ਸਨੇਹ ਸਹਾਇਤਾ ਤੇ ਅਮੁਕ ਪ੍ਰੇਰਨਾ ਦੇ ਫਲਸਰੂਪ ਮੈਂ ਇਸ ਵਿਸ਼ੇ ਦੀ ਲੋੜੀਂਦੀ ਸੋਝੀ ਪ੍ਰਾਪਤ ਕਰ ਸਕੀ ਹਾਂ। ਰਿਣੀ ਹਾਂ ਮੈਂ ਆਪਣੇ ਗੁਰੂ ਪ੍ਰੋ. ਜੁਗਿੰਦਰ ਸਿੰਘ ਜੀ ਦੀ ਜਿਨ੍ਹਾਂ ਨੇ ਮੇਰੀ ਕਦਮ ਕਦਮ ਤੇ ਅਗਵਾਈ ਕੀਤੀ। ਧੰਨਵਾਦੀ ਹਾਂ ਮੈਂ ਡਾ. ਗੁਰਚਰਨ ਸਿੰਘ ਜੀ ਦੀ ਜਿਨ੍ਹਾਂ ਨੇ ਆਪਣੇ ਗਿਆਨ ਪ੍ਰਕਾਸ਼ ਸਦਕਾ ਵਿਸ਼ੇ ਦਾ ਮਾਰਗ ਪਰਿਦਰਸ਼ਨ ਕੀਤਾ। ਮਹਿੰਦਰ ਕੌਰ, ਦੀਪੀ ਤੇ ਬੀ.ਐਸ ਬਜਾਜ ਪ੍ਰਤੀ ਸ਼ਰਧਾਵਾਨ ਹਾਂ ਜਿਨ੍ਹਾਂ ਨੇ ਅਤੀ ਰੁਝੇਵੇਂ ਵਾਲੇ ਜੀਵਨ ਵਿਚੋਂ ਸਮਾਂ ਕੱਢ ਕੇ ਵੇਲੇ ਵੀ ਤੇ ਕੁਵੇਲੇ ਵੀ ਮੇਰੀ ਸਹਾਇਤਾ ਕੀਤੀ।

-=:0:=-

ਜੋਗਿੰਦਰ ਕੌਰ

ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਕਾਂਡ ਪਹਿਲਾ

॥
॥
॥
॥
॥
॥
॥
॥

## ਕਵਿਤਾ, ਸਮਾਜ ਤੇ ਗੁਰੂ ਨਾਨਕ

-:-

## ਕਵਿਤਾ, ਸਮਾਜ ਤੇ ਗੁਰੂ ਨਾਨਕ

ਸਾਹਿੱਤ ਆਪਣੇ ਸਮੇਂ ਦੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਾਹਿੱਤਕਾਰ ਦੀ ਰਚਨਾ ਵਿਚ ਸਮਕਾਲੀਨ ਰਸਮਾਂ, ਰਿਵਾਜਾਂ, ਰਹਿਣੀ ਬਹਿਣੀ, ਕਾਰ ਵਿਹਾਰ ਦਾ ਵਰਣਨ ਸੁਤੇ ਸਿੱਧ ਹੀ ਹੋ ਜਾਂਦਾ ਹੈ, ਕਿਉਂਕਿ ਸਾਹਿੱਤਕਾਰ ਬੜਾ ਕੋਮਲ-ਚਿੱਤ ਇਨਸਾਨ ਹੁੰਦਾ ਹੋਇਆ ਉਸਦੇ ਦਿਲ ਦੀ ਨਿੱਕੀ ਜਿਹੀ ਗੋਦ ਵਿੱਚ ਹਰ ਤਰ੍ਹਾਂ ਦੇ ਸੂਖਮ ਤੋਂ ਸੂਖਮ ਭਾਵ ਉਜਾਗਰ ਹੁੰਦੇ ਹਨ। ਉਹ ਸਮਾਜ ਵਿਚ ਵਿਚਰਦਿਆਂ, ਸਮਾਜ ਦੀਆਂ ਪ੍ਰਸਥਿਤੀਆਂ, ਹਾਲਾਤਾਂ ਤੇ ਗੁਣਾਂ ਔਗੁਣਾਂ ਤੋਂ ਨਿਰਲੇਪ ਨਹੀਂ ਰਹਿ ਸਕਦਾ। ਸਮਾਜ ਦੇ ਹਰ ਕਰਮ ਦਾ ਉਸਦੇ ਚੇਤੰਨ ਮਨ ਉੱਤੇ ਡੂੰਘਾ ਪ੍ਰਤੀਕਰਮ ਹੁੰਦਾ ਹੈ ਤੇ ਸਮਾਜ ਦੀ ਹਰ ਅਵੱਸਥਾ ਨੂੰ ਹਰ ਪੱਖ ਤੋਂ ਪਰਖਣ ਲਈ ਉਸਦਾ ਪਾਰਖੂ ਦਿਲ ਤੀਬਰ ਰਹਿੰਦਾ ਹੈ। ਉਸਦੀ ਇਹੀ ਜਗਿਆਸਾ ਹੁੰਦੀ ਹੈ ਕਿ ਉਹ ਸਮਾਜ ਨੂੰ ਸੁਚੱਜੀ ਵਿਉਂਤ ਦੇ ਕੇ ਸਹੀਰਾਹ ਤੇ ਪਾ ਕੇ ਮਨੁੱਖਤਾ ਦੀ ਭਲਾਈ ਕਰੇ। ਇਸ ਕੰਮ ਲਈ ਉਸ ਕੋਲ ਕਲਾ ਦਾ ਸਾਧਨ ਹੁੰਦਾ ਹੈ ਤੇ ਉਹ ਕਲਮੀ ਛੁਹ ਰਾਹੀਂ ਸਮਾਜ ਦੇ ਹਿਤਾਂ ਨੂੰ ਕਾਨੀ-ਬੱਧ ਕਰਕੇ ਹੀ ਇਸ ਮੰਤਵ ਦੀ ਪੂਰਤੀ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਕੇਵਲ ਸਾਹਿੱਤਕਾਰ ਹੀ ਨਹੀਂ ਸਨ, ਉਨ੍ਹਾਂ ਨੇ ਤਾਂ ਅਵਤਾਰ ਹੀ ਦੁੱਖੀ ਜਗਤ ਦੇ ਦੁਖ ਹਰਤਾ ਦੇ ਰੂਪ ਵਿਚ ਧਾਰਿਆ। ਉਨ੍ਹਾਂ ਤੋਂ ਵੱਧ ਸਾਧਾਰਣ ਲੋਕਾਂ ਦੇ ਦੁਖਾਂ ਦਾ ਹੋਰ ਕਿਸ ਨੂੰ ਪਤਾ ਹੋ ਸਕਦਾ ਸੀ। ਉਸ ਸਮੇਂ ਦੀ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਆਰਥਿਕ ਅਧੋਗਤੀ ਦੇਖ ਕੇ ਗੁਰੂ ਸਾਹਿਬ ਨੇ ਸੁਹਜਮਈ, ਸੁਚੱਜੇ ਤੇ ਨਰੋਏ ਢੰਗ ਨਾਲ ਜਨਤਾ ਦੀ ਆਪਣੀ ਬੋਲੀ ਵਿਚ ਉਸ ਵੇਲੇ ਦੇ ਹਾਲਾਤ ਦਾ ਨਿਰੂਪਣ ਕੀਤਾ ਤੇ ਆਤਮਕ ਤੇ ਸਦਾਚਾਰਕ ਅਗਵਾਈ ਕੀਤੀ। ਕਵਿਤਾ ਨੂੰ ਰਾਗ ਵਿਚ ਗਾਏ ਜਾਣ ਦੇ ਯੋਗ ਬਣਾ ਕੇ ਮਨੋਰੰਜਨ ਦੇ ਸਾਧਨ ਪ੍ਰਦਾਨ ਕੀਤੇ। ਸਮੇਂ ਦੀਆਂ ਕੁਰੀਤੀਆਂ ਨੂੰ ਵਿਚਾਰਿਆ ਤੇ ਕਲਾਮਈ ਸੁਚੱਜ ਨਾਲ ਉਨ੍ਹਾਂ ਦੀ ਨਿਵਿਰਤੀ ਕਰਨੀ ਦੱਸੀ।

ਇਹ ਗਲ ਸੌ ਫੀ ਸਦੀ ਸੱਚ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੇ ਮਨੁੱਖੀ ਸੋਚਣ ਢੰਗ ਨੂੰ ਇਕ ਨਵਾਂ, ਨਰੋਆ ਤੇ ਨਿਗਰ ਨਮੂਨਾ ਦਿੱਤਾ ਜਿਸ ਦੇ ਫਲਸਰੂਪ ਭਾਰਤ ਵਿਚ ਮਨੁੱਖੀ ਸਮਾਜ ਦੀ ਨਵੀਂ ਵਿਉਂਤ ਪ੍ਰਚੱਲਤ ਹੋਈ। ਸ਼ੁਰੂ ਤੋਂ ਹੀ ਰਾਜਸੀ, ਪ੍ਰਬੰਧ, ਆਰਥਿਕ ਢਾਂਚਾ, ਧਾਰਮਿਕ ਵਿਚਾਰਧਾਰਾ ਸਮਾਜ ਦੇ ਜੀਵਨ ਨੂੰ ਨਿਸਚਿਤ ਕਰਨ ਵਾਲੇ ਸਨ। ਉਸ ਸਮੇਂ ਹਾਲਾਤ ਅਜਿਹੇ ਸਨ ਕਿ ਰਾਜ ਭਾਗ, ਧਰਮ ਤੇ ਜਾਤਪਾਤ ਦੇ ਠੇਕੇਦਾਰਾਂ ਦੇ

ਅਤਿਆਚਾਰਾਂ ਕਾਰਨ ਜਨਤਾ ਮਾਨਸਿਕ ਅਤੇ ਆਚਰਣਕ ਤੌਰ ਉੱਤੇ ਨਿੱਘਰ ਚੁਕੀ ਸੀ ਅਤੇ ਆਰਥਕ ਤੌਰ ਤੇ ਲੋਭੀ ਤੇ ਖੂਨੀ ਪੂੰਜੀਪਤੀਆਂ ਦੇ ਪੁੜਾਂ ਹੇਠ ਪਿਸ ਰਹੀ ਸੀ। ਗੁਰੂ ਜੀ ਨੇ ਇਨ੍ਹਾਂ ਨੀਵਿਆਂ ਨੂੰ ਉੱਚਾ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਉਸ ਸਮੇਂ ਦੇ ਭਾਰਤ ਦੀਆਂ ਰਾਜਸੀ, ਧਾਰਮਿਕ, ਆਰਥਿਕ ਤੇ ਸਮਾਜਿਕ ਪਰਸਥਿਤੀਆਂ ਦਾ ਦਰਸ਼ਨ ਹੁੰਦਾ ਹੈ। ਪਤਾ ਲਗਦਾ ਹੈ ਕਿ ਹਿੰਦੂ ਸਮਾਜ ਮੂਰਤੀ ਪੂਜਾ ਵਿਚ ਜੁਟਿਆ ਹੋਇਆ ਸੀ ਤੇ ਧਾਰਮਿਕ ਆਗੂ ਬਾਹਰਲੇ ਭੇਖ ਦੇ ਵਿਸ਼ਵਾਸ਼ੀ ਸਨ। ਰਸਮਾਂ, ਧਰਮ ਦਾ ਉੱਘਾ ਅੰਗ ਬਣ ਚੁੱਕੀਆਂ ਸਨ। ਅਸਲੀ ਧਰਮ ਛੁੱਪ ਗਿਆ ਸੀ। ਸੂਤਕ ਪਾਤਕ ਤੇ ਹੋਰ ਰਹੁ ਰੀਤੀਆਂ ਮੁਕਤੀ ਦਾ ਸਾਧਨ ਮੰਨੀਆਂ ਜਾਣ ਲਗ ਪਈਆਂ ਸਨ। ਜੋਗੀ ਵੀ ਬਾਹਰੀ ਭੇਖ ਵਿਚ ਰੁਝੇ ਹੋਏ ਸਨ। ਮੁਸਲਮਾਨ ਵੀ ਅੰਤਰ ਆਤਮਾ ਦੀ ਸ਼ੁਧੀ ਦੀ ਥਾਂ ਨਮਾਜ਼, ਰੋਜ਼ਾ, ਹੱਜ ਆਦਿ ਨੂੰ ਹੀ ਮੁਕਤੀ ਦਾ ਸਾਧਨ ਮੰਨੀ ਬੈਠੇ ਸਨ। ਹਰੇਕ ਧਰਮ ਕਈ ਕਈ ਸੰਪਰਦਾਵਾਂ ਵਿਚ ਵੰਡਿਆ ਹੋਇਆ ਸੀ। ਅਵਤਾਰਵਾਦ ਤੇ ਪੈਗੰਬਰਵਾਦ ਜਨਤਾ ਦਾ ਲਕਸ਼ ਬਣੇ ਹੋਏ ਸਨ। ਸੂਫ਼ੀ ਵੀ ਕਈ ਫ਼ਿਰਕਿਆਂ ਵਿਚ ਵੰਡੇ ਹੋਏ ਸਨ। ਨਾਥ ਲਗਭਗ ਬਾਰਾਂ ਪੰਥਾਂ ਵਿਚ ਵਿਭਕਤ ਹੋ ਚੁਕੇ ਸਨ।

ਆਪ ਦੀ ਰਚਨਾ ਵਿਚ ਉਸ ਸਮੇਂ ਦੇ ਲੋਕਾਂ ਦੇ ਸਮਾਜਿਕ ਜੀਵਨ ਦੀ ਤਸਵੀਰ ਵੀ ਆਪਣੇ ਅਸਲੀ ਰੂਪ ਵਿਚ ਖਿੱਚੀ ਮਿਲਦੀ ਹੈ। ਇਸਤਰੀ ਦੀ ਸਮਾਜਿਕ ਦੁਰਦਸ਼ਾ ਨੂੰ ਗੁਰੂ ਜੀ ਨੇ ਬੜੇ ਵਿਅੰਗਾਤਮਕ ਢੰਗ ਨਾਲ ਨਿਰੂਪਣ ਕੀਤਾ ਹੈ। ਸਮਾਜਿਕ ਅਨਿਆਂ ਦਾ ਵੀ ਪਤਾ ਲਗਦਾ ਹੈ। ਵੇਸ਼ ਭੂਸ਼ਾ ਬਾਰੇ ਸੰਕੇਤ ਮਿਲਦੇ ਹਨ। ਗੁਰੂ ਜੀ ਨੇ ਆਪਣੇ ਸਮੇਂ ਦੀ ਰਾਜਨੀਤਕ ਦਸ਼ਾ ਦਾ ਵੀ ਵਰਣਨ ਕੀਤਾ ਹੈ ਤੇ ਆਪ ਪਹਿਲੇ ਭਗਤ ਕਵੀ ਸਨ ਜਿਨ੍ਹਾਂ ਨੇ ਉਸ ਵੇਲੇ ਦੀ ਸ਼ਖਸ਼ੀ ਹਕੂਮਤ ਦੇ ਵਿਰੁਧ ਆਵਾਜ਼ ਉਠਾਈ। ਇਨ੍ਹਾਂ ਵਰਣਨਾਵਾਂ ਵਿਚ ਉਸ ਸਮੇਂ ਦੇ ਪੰਜਾਬੀਆਂ ਦੇ ਅਨੇਕ ਪੱਖ ਉਲੀਕੇ ਗਏ ਹਨ। ਇਤਿਹਾਸਕ ਪੱਖ ਤੋਂ ਵੀ ਇਹ ਬਾਣੀ ਬੜੀ ਵਡ-ਮੁਲੀ ਹੈ।

ਗੁਰੂ ਨਾਨਕ ਦੇਵ ਜੀ ਇਕ ਸੁਚੱਜੇ ਕਲਾਕਾਰ, ਗੁਣਵਾਨ ਕਵੀ, ਅਗਾਂਹ ਵਧੂ ਸੁਧਾਰਕ, ਸੱਚੇ ਗੁਰੂ ਤੇ ਯੋਗ ਸਮਾਜੀ ਲੀਡਰ ਸਨ। ਸੱਚੇ ਅਰਥਾਂ ਵਿਚ ਕਵੀ ਤੇ ਕਲਾਕਾਰ ਹੋਣ ਦੇ ਨਾਤੇ ਉਨ੍ਹਾਂ ਨੇ ਸਾਰੀ ਉਮਰ ਲੋਕਾਂ ਦੀ ਰਹਿਨੁਮਾਈ ਕੀਤੀ। ਉਨ੍ਹਾਂ ਨੇ ਆਪਣੀ ਸਾਰੀ ਕਵਿਤਾ ਲੋਕਾਂ ਲਈ ਹੀ ਰਚੀ। ਜੇ ਅਸੀ ਉਨ੍ਹਾਂ ਦੀ ਕਵਿਤਾ ਨੂੰ ਲੋਕ-ਸਾਹਿੱਤ ਦਾ ਦਰਜਾ ਦੇ ਦੇਈਏ ਤਾਂ ਇਹ ਗ਼ਲਤ ਨਹੀ ਹੋਵੇਗਾ।

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਕਵਿਤਾ ਤੇ ਸਮਾਜ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਅਸਲੀ ਤੇ ਸੱਚਾ ਕਵੀ ਤਾਂ ਉਹ ਹੈ ਜੋ ਸਮਾਜਿਕ ਹਾਲਤਾਂ ਦਾ ਭਲੀ ਪ੍ਰਕਾਰ ਅੰਦਾਜ਼ਾ ਲਾ ਸਕੇ। ਇਕ ਚੰਗੀ ਸੂਖਸ਼ਮਿਅਤ ਵਾਲਾ ਕਵੀ ਹੀ ਸਮੇਂ ਦੇ ਚਿਤਰਾਂ ਤੇ ਘਟਨਾਵਾਂ ਨੂੰ ਪੇਸ਼ ਕਰ ਸਕਦਾ ਹੈ। ਜਿਹੜਾ ਕਵੀ ਸਮਾਜ ਤੋਂ ਭੱਜਦਾ ਹੈ, ਉਸ ਦੀ ਰਚਨਾ ਉੱਚ ਪਾਏ ਦੀ ਨਹੀਂ ਹੋ ਸਕਦੀ। ਉਹ ਲਿਖਾਰੀ ਨਹੀਂ ਕਿਹਾ ਜਾ ਸਕਦਾ ਜੋ ਆਪਣੇ ਸਮੇਂ ਨੂੰ ਨਹੀਂ ਪ੍ਰਗਟਾਉਂਦਾ।

ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਸਮਾਜ ਦੀਆਂ ਸਮੱਸਿਆਵਾਂ ਨੂੰ ਭਲੀ ਪ੍ਰਕਾਰ ਸਮਝਣ ਦਾ ਯਤਨ ਕੀਤਾ। ਸਮਾਜ ਉਸ ਸਮੇਂ ਕਈ ਬੇਲੋੜੇ ਜੰਜਾਲਾਂ, ਕਰਮ ਕਾਂਡਾਂ ਤੇ ਹੋਰ ਭਾਂਤ ਭਾਂਤ ਦੀਆਂ ਬੁਰਾਈਆਂ ਵਿਚ ਫਸਿਆ ਹੋਇਆ ਸੀ। ਲੋਕਾਂ ਦੀ ਹਾਲਤ ਨੂੰ ਗੁਰੂ ਜੀ ਨੇ ਠੀਕ ਤਰ੍ਹਾਂ ਆਪਣੀ ਬਾਣੀ ਵਿਚ ਪ੍ਰਗਟਾਇਆ ਹੈ। ਉਸ ਸਮੇਂ ਭਗਤੀ ਅੰਦੋਲਨ ਭਾਰਤ ਵਿਚ ਆਪਣੇ ਪੂਰੇ ਜੋਬਨ ਤੇ ਸੀ। ਇਸ ਅੰਦੋਲਨ ਦਾ ਮੁੱਖ ਮੰਤਵ ਲੋਕਾਂ ਦੀ ਹਾਲਤ ਨੂੰ ਸੁਧਾਰਨਾ ਸੀ। ਕਬੀਰ, ਰਾਮਾਨੰਦ, ਰਾਮਾਨੁਜ, ਮੀਰਾਂਬਾਈ, ਚੈਤੰਨਯ ਆਦਿ ਭਗਤੀ ਅੰਦੋਲਨ ਦੇ ਮੁਖੀ ਸੁਧਾਰਕ ਸਨ। ਇਨ੍ਹਾਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਨੂੰ ਸੁਧਾਰਿਆ ਤੇ ਲੋਕਾਂ ਨੂੰ ਆਪਣੇ ਜਾਇਜ਼ ਹੱਕਾਂ ਦੀ ਮੰਗ ਕਰਨ ਲਈ ਵੰਗਾਰਿਆ। ਇਨ੍ਹਾਂ ਸੰਤ-ਸੁਧਾਰਕਾਂ ਨੇ ਵੱਖ ਵੱਖ ਥਾਵਾਂ ਦਾ ਰਟਨ ਕਰਕੇ ਲੋਕਾਂ ਨੂੰ ਪ੍ਰਭਾਵਤ ਕੀਤਾ ਤੇ ਉਨ੍ਹਾਂ ਨੂੰ ਝੂਠੇ ਤੇ ਕਪਟੀ ਸਮਾਜੀ ਜੰਜਾਲਾਂ ਵਿਚੋਂ ਕੱਢਿਆ। ਗੁਰੂ ਨਾਨਕ ਦੇਵ ਜੀ ਨੇ ਚਾਰ ਲੰਬੀਆਂ ਉਦਾਸੀਆਂ ਕਰਕੇ ਸਮਾਜ ਦੀ ਅਸਲੀ ਹਾਲਤ ਦਾ ਜਾਇਜ਼ਾ ਲਿਆ। ਉਨ੍ਹਾਂ ਸਮਾਜ ਦੀਆਂ ਹੇਠਲੀਆਂ ਤਹਿਆਂ ਤੱਕ ਪਹੁੰਚ ਕੇ ਲੋਕਾਂ ਨੂੰ ਸਮਾਜਿਕ ਬੁਰਾਈਆਂ, ਵਹਿਮਾਂ, ਭਰਮਾਂ ਤੇ ਕੁਰੀਤੀਆਂ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਦੀ ਬਾਣੀ ਵਿਚ ਜਾਤ ਪਾਤ, ਛੂਤ-ਛਾਤ, ਧੋਖਾ ਫਰੇਬ, ਧੋਖੇਬਾਜ਼ੀ, ਦਗੇਬਾਜ਼ੀ ਆਦਿ ਬਾਰੇ ਪੂਰੀ ਤਰ੍ਹਾਂ ਵਿਆਖਿਆ ਮਿਲਦੀ ਹੈ। ਆਪ ਦੀ ਬਾਣੀ ਵਿਚੋਂ ਆਮ ਲੋਕਾਂ ਲਈ ਪਿਆਰ, ਹਿਤ ਤੇ ਦਰਦ ਉਛਲ ਉਛਲ ਪੈਂਦਾ ਹੈ। ਨੀਵੀਆਂ ਜਾਤਾਂ ਵਾਲਿਆਂ ਨੂੰ ਤਾਂ ਉਨਾਂ ਨੇ ਕਿਹਾ ਕਿ ਪ੍ਰਮਾਤਮਾ ਇਨ੍ਹਾਂ ਵਿਚ ਵੀ ਵਸਦਾ ਹੈ -

'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥'[1]

ਕਈ ਲੋਕ ਕਹਿੰਦੇ ਹਨ ਕਿ ਸਮਾਜ ਕਲਾਕਾਰ ਵਾਸਤੇ ਨਹੀਂ ਬਣਿਆ ਸਗੋਂ ਕਲਾਕਾਰ ਸਮਾਜ ਲਈ ਬਣਿਆ ਹੈ। ਇਸ ਦਾ ਅਰਥ ਇਹ ਹੋਇਆ ਕਿ ਕਲਾ ਦਾ ਕੰਮ ਸਮਾਜੀ ਢਾਂਚੇ ਨੂੰ ਚੰਗਾ ਬਣਾਉਣਾ ਹੈ ਪਰ ਦੂਜੇ ਮਤ ਵਾਲੇ ਕਹਿੰਦੇ ਹਨ ਕਿ ਕਲਾ ਦਾ ਨਿਸ਼ਾਨਾ ਆਪਣੇ ਨਿੱਜ ਦੀ ਪ੍ਰਾਪਤੀ ਹੈ, ਸਮਾਜ ਸੁਧਾਰ ਕਲਾ ਦਾ ਕੰਮ ਨਹੀਂ। ਇਸ ਪ੍ਰਕਾਰ ਕਲਾ ਦਾ

ਨਿਸ਼ਾਨਾ ਸਮਾਜਿਕ ਨਿਸ਼ਾਨੇ ਤੋ ਨੀਵਾਂ ਹੋ ਕੇ ਰਹਿ ਜਾਂਦਾ ਹੈ। ਅਸਲ ਵਿਚ ਕਾਵਿ ਕਲਾ ਇਕ ਗੰਭੀਰ ਕਲਾ ਹੈ। ਕਾਵਿ-ਕਲਾ ਸਿਰਫ਼ ਜੀਵਨ ਢਾਂਚਾ ਹੀ ਨਹੀ ਦਰਸਾਉਂਦੀ ਸਗੋਂ ਜੀਵਨ ਨੂੰ ਇਕ ਪੂਰੀ ਵਿਆਖਿਆ ਪ੍ਰਦਾਨ ਕਰਦੀ ਹੈ।

ਸਮਾਜ ਉਨ੍ਹਾਂ ਕਵੀਆਂ ਨੂੰ ਆਦਰ ਦਿੰਦਾ ਆਇਆ ਹੈ ਜੋ ਬੌਧਿਕ ਤੇ ਕਲਾਤਮਕ ਪੱਧਰ ਉੱਤੇ ਪੰਥ ਪਰਦਰਸ਼ਨ ਕਰਦੇ ਹਨ।[1] ਇਹੋ ਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਥਾਨ ਸਾਰੀ ਦੁਨੀਆਂ ਦੇ ਭਾਈਚਾਰੇ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।

"ਸਮਾਜ ਦਾ ਸਭ ਤੋਂ ਸੂਚਾ ਹਿਤ ਉਸਦੀ ਆਪਣੀ ਭਲਿਆਈ ਹੈ। ਇਹ ਭਲਿਆਈ ਸਮਾਜ ਦੇ ਸਾਰੇ ਜੀਆਂ ਤੱਕ ਇਕੋ ਜਿਹੀ ਹੀ ਪਹੁੰਚਣੀ ਚਾਹੀਦੀ ਹੈ। ਇਸ ਭਲਿਆਈ ਵਲ ਜਾਣ ਵਾਲਾ ਰਾਹ ਹੈ ਚੇਤੰਨਤਾ। ਕਲਾ ਚੇਤੰਨਤਾ ਵਿਚ ਵਾਧਾ ਕਰਦੀ ਹੈ। ਇਸ ਮਾਮਲੇ ਵਿਚ ਕਲਾ ਦਾ ਮਹੱਤਵ ਵਿਗਿਆਨ ਨਾਲੋਂ ਘੱਟ ਨਹੀਂ। ਇਥੇ ਵਿਗਿਆਨਕ ਅਤੇ ਕਲਾ ਸਮਾਨ ਰੂਪ ਵਿਚ ਅਨਿਖੜ ਹਨ। ਵਿਗਿਆਨ ਕਲਾ ਦਾ ਸਥਾਨ ਨਹੀ ਲੈ ਸਕਦਾ ਅਤੇ ਨਾ ਹੀ ਕਲਾ ਵਿਗਿਆਨ ਦਾ, ਪਰ ਕਲਾ ਆਦਮੀ ਦੇ ਗਿਆਨ ਵਿਚ ਤਾਂ ਹੀ ਵਾਧਾ ਕਰ ਸਕਦੀ ਹੈ ਜੇ ਉਹ ਜੀਵਨ ਦੇ ਵਰਤਾਰੇ ਉਪਰ ਆਪਣਾ ਨਿਰਣਾ ਸੁਣਾਏ।"[2]

ਪਲੈਖਾਨੋਵ ਦਾ ਕਥਨ ਹੈ ਕਿ -

"ਜੇ ਕਿਸੇ ਦੇਸ਼ ਦੇ ਕਲਾਕਾਰ ਕਿਸੇ ਸਮੇਂ ਅੰਦੋਲਨ ਅਤੇ ਸੰਗਰਾਮ ਤੋ ਬਚਣਾ ਚਾਹੁੰਦੇ ਹਨ ਤਾਂ ਇਹ ਵੀ ਸੱਚ ਹੈ ਕਿ ਕਲਾਕਾਰ ਕਿਸੇ ਹੋਰ ਸਮੇਂ ਸੰਗਰਾਮ ਲਈ ਵੀਲ੍ਹਦੇ ਵੀ ਹਨ ਤੇ ਅੰਦੋਲਨ ਤਾਂ ਸੰਗਰਾਮ ਦਾ ਸੰਗੀ ਸਾਥੀ ਹੈ। ਇਸ ਦਾ ਕਾਰਨ ਇਹ ਨਹੀ ਕਿ ਕਲਾਕਾਰਾਂ ਤੋ ਵੱਖਰਾ ਕੋਈ ਹੋਰ ਜਣਾ ਵੱਖ ਵੱਖ ਸਮਿਆਂ ਉਪਰ ਉਨ੍ਹਾਂ ਲਈ ਵੱਖ ਵੱਖ 'ਕਰਤੱਵ' ਨਿਸਚਿਤ ਕਰ ਦੇਂਦਾ ਹੈ। ਅਸਲ ਗਲ ਇਹ ਹੈ ਕਿ ਵਿਸ਼ੇਸ਼ ਸਮਾਜਕ ਪਰਸਥਿਤੀਆਂ ਵਿਚ ਉਨ੍ਹਾਂ ਉਪਰ ਇਕ ਵਿਸ਼ੇਸ਼ ਮਨੋਬਿਰਤੀ ਦੀ ਛਾਪ ਹੁੰਦੀ ਹੈ। ਉਨ੍ਹਾਂ ਤੋ ਵੱਖਰੀਆਂ ਸਮਾਜਕ ਪਰਸਥਿਤੀਆਂ ਵਿਚ ਉਹ ਵਖਰੀ ਮਨੋਬਿਰਤੀ ਦੇ ਪ੍ਰਭਾਵ ਹੇਠ ਹੁੰਦੇ ਹਨ।"[3]

---

1. "ਓਏ ਕਵੀਆਂ ਤੈਨੂੰ ਰੱਬ ਦੀਆਂ ਰੱਖਾਂ,
ਤੂੰ ਅਰਸ਼ਾਂ ਦਾ ਨਕੀਬ ਰੱਬ ਤੈਨੂੰ ਆਪ ਚੁਣਿਆ।
ਇਹ ਗਲ ਅਸਲੋਂ ਕੂੜ ਕਿ ਹੀਣੇ ਵਾਂਢੇ ਲੋਕ,
ਸੁਣਨ ਨਾ ਤੇਰੀ ਗੀਤ।"
ਜੀ. ਪਲੈਖਾਨੋਵ-ਚਿੱਠੀਆਂ ਬਿਨ ਸਿਰਨਾਵੇਂਓ(ਅਨੁਵਾਦਕ ਡਾ. ਹਰਭਜਨ ਸਿੰਘ)ਪੰਨਾ 202-203.
2. " " " ਪੰਨਾ 205.
3. " " " ਪੰਨਾ 205.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਨਾਨਕ ਦੇਵ ਜੀ ਕਦੀ ਤਾਂ ਆਪ ਸਿੱਧੇ ਮੈਦਾਨ ਵਿਚ ਨਿੱਤਰ ਪੈਂਦੇ ਤੇ ਕਦੀ ਕਵਿਤਾ ਦੁਆਰਾ ਅਸਿੱਧੇ ਤੌਰ ਤੇ ਦੂਸਰੀ ਧਿਰ ਦਾ ਮੁਕਾਬਲਾ ਕਰਦੇ ਸਨ। ਉਨ੍ਹਾਂ ਨੇ ਥਾਂ ਥਾਂ ਤੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਉਨ੍ਹਾਂ ਨੂੰ ਠੀਕ ਮਾਰਗ ਦੱਸਿਆ। ਕਾਮਰੂਪ ਵਿਚ ਜਾਦੂਗਰਾਂ ਦਾ ਸੁਧਾਰ, ਵਸਦਾ ਰਹੇ ਤੇ ਉਜੜ ਜਾਵੇ ਵਾਲੀ ਘਟਨਾ, ਸੱਜਣ ਠੱਗ, ਸਿਧਾਂ ਨਾਲ ਹੋਈ ਗੋਸ਼ਟ ਆਦਿ ਘਟਨਾਵਾਂ ਵਿਚ ਉਹ ਆਪ ਮੈਦਾਨ ਵਿਚ ਨਿਤਰੇ। ਜਦੋਂ ਬਾਬਰ ਨੇ ਭਾਰਤ ਉੱਤੇ ਹੱਲਾ ਕੀਤਾ ਤਾਂ ਆਪ ਪੁਕਾਰ ਉਠੇ ਤੇ ਆਪਦਾ ਹਿਰਦਾ ਦਰਦ ਨਾਲ ਚੀਕ ਉਠਿਆ।[1] ਬਾਬਰ ਦੇ ਕਰਮਚਾਰੀਆਂ ਨੇ ਹਮਲੇ ਸਮੇਂ ਹਿੰਦੂ ਇਸਤਰੀਆਂ ਦੀ ਬਹੁਤ ਬੇਇਜ਼ਤੀ ਕੀਤੀ। ਗੁਰੂ ਜੀ ਕੋਲੋਂ ਉਨ੍ਹਾਂ ਦੀ ਦਰਦ ਭਰੀ ਹਾਲਤ ਸਹਾਰੀ ਨਾ ਜਾ ਸਕੀ। ਇਸੇ ਜਿਹਾ ਕੰਮ ਵੀ ਤਾਂ ਕੋਈ ਚੇਤਨਾ ਤੇ ਸੂਝ ਭਰਿਆ ਕਵੀ ਹੀ ਕਰਦਾ ਹੈ, ਜੋ ਸਮਾਜ ਦੇ ਇਤਨਾ ਨੇੜੇ ਹੋਏ ਕਿ ਉਨ੍ਹਾਂ ਦੀ ਦੁਰਦਸ਼ਾ ਦਾ ਹਿੱਸਾ ਬਣ ਜਾਵੇ। ਗੁਲਾਮੀ ਦੀਆਂ ਜੰਜੀਰਾਂ ਵਿਚ ਬੱਝੇ ਹੋਏ ਲੋਕਾਂ ਦੀ ਤਰਸ ਯੋਗ ਹਾਲਤ ਨੇ ਕਵੀ ਨਾਨਕ ਦੇ ਮਨ ਨੂੰ ਇਕ ਜ਼ੋਰਦਾਰ ਹਲੂਣਾ ਦਿੱਤਾ ਤੇ ਉਨ੍ਹਾਂ ਨੇ ਰੱਬ ਨੂੰ ਇਨ੍ਹਾਂ ਸ਼ਬਦਾਂ ਵਿਚ ਇਸ ਸ੍ਰਿਸ਼ਟੀ ਦੇ ਸਿਰਜਨਹਾਰ ਨੂੰ ਤਾਹਨਾ ਦਿੱਤਾ-

"ਏਤੀ ਮਾਰ ਪਈ ਕੁਰਲਾਣੇ
ਤੈਂ ਕੀ ਦਰਦ ਨਾ ਆਇਆ ॥"

(ਆਦਿ ਗ੍ਰੰਥ, ਪੰਨਾ-360).

---

1. "ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ
ਮਹਲਾ ਅੰਦਰਿ ਹੋਦੀਆਂ ਹੁਣਿ ਬਹਿਣ ਨ ਮਿਲਨਿ ਹਦੂਰਿ
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨਾ ਪਾਇਆ ਕਰਿ ਕਰਿ ਦੇਖਹਿ ਵੇਸ।
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ। -
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।
ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ।
ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ।
ਤਿਨ ਗਲਿ ਸਿਲਕਾਂ ਪਾਈਆ ਤੁਟਨਿ ਮੋਤਸਰੀਆਂ।
ਧਨੁ ਜੋਬਨੁ ਦੁਇ ਵੈਰੀ ਹੋਇ ਜਿਨ੍ਹੀ ਰਖੇ ਰੰਗੁ ਲਾਇ
ਦੂਤਾ ਨੋ ਫੁਰਮਾਇਆ, ਲੈ ਚਲੇ ਪਤਿ ਗਵਾਇ।"

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਅੱਜ ਕਲ ਭਾਰਤ ਤੇ ਹੋਰ ਦੇਸ਼ਾਂ ਵਿਚ ਸਮਾਜਵਾਦੀ ਢਾਂਚੇ ਦੀ ਨੀਹ ਪੱਕੀ ਕਰਨ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਸ ਕੰਮ ਲਈ ਗੁਰੂ ਨਾਨਕ ਦੇਵ ਜੀ ਨੇ ਇਕ ਖਾਸ ਹਿੱਸਾ ਪਾਇਆ। ਇਸ ਤਰ੍ਹਾਂ ਦਾ ਸਮਾਜ ਆਪਣੇ ਆਪ ਵਿਚ ਇਕ ਅਤਿ ਸੁੰਦਰ ਸੁਫ਼ਨਾ ਹੈ। ਜਿਥੇ ਸਭ ਆਦਮੀ ਬਰਾਬਰ ਹੋਣਗੇ ਤੇ ਹਰ ਆਦਮੀ ਨੂੰ ਜੀਵਨ ਦੀਆਂ ਸਾਰੀਆਂ ਤੇ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਯੋਗ ਉਜਰਤਾਂ ਮਿਲਣਗੀਆਂ। ਪਰ ਹਾਲੇ ਵੀ ਕਈ ਪੂੰਜੀਵਾਦੀ ਲੋਕ ਜਾਂ ਪੂੰਜੀਵਾਦੀ ਦੇਸ਼ ਸਮਾਜਵਾਦ ਨੂੰ ਨਹੀ ਚਾਹੁੰਦੇ।[1]

ਮਜ਼ੇ ਦੀ ਗਲ ਇਹ ਹੈ ਕਿ ਜਿਨ੍ਹਾਂ ਰੁਚੀਆਂ ਕਰਕੇ ਪੂੰਜੀਵਾਦੀ ਯੁਗ ਦੇ ਮੁਢਲੇ ਸਮੇਂ ਰਜਵਾੜਾਸ਼ਾਹੀ ਯੁਗ ਦੇ ਹਮਾਇਤੀਆਂ ਤੇ ਸਮਰਥਕਾਂ ਨੇ ਪੂੰਜੀਵਾਦੀ ਯੁਗ ਦੇ ਚਿੰਤਨ ਤੇ ਕਲਾ ਭਾਵ ਨੂੰ ਪਦਾਰਥਵਾਦੀ ਆਖ ਕੇ ਨਿੰਦਿਆ ਸੀ, ਉਨ੍ਹਾਂ ਕਰਕੇ ਹੀ ਅੱਜ ਦਮ ਤੋੜ ਰਹੇ ਪੂੰਜੀਵਾਦੀ ਯੁਗ ਦੇ ਸਮਰਥਕ ਸਮਾਜਵਾਦੀ ਚਿੰਤਨ ਤੇ ਕਲਾ ਭਾਵਾਂ ਨੂੰ ਨਿੰਦਦੇ ਹਨ। ਪਰ ਇਸ ਨਿੰਦਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਵੀ ਆਧੁਨਿਕ ਕਾਲ ਦੇ ਚਿੰਤਕਾਂ, ਕਲਾਕਾਰਾਂ ਤੇ ਸਮੀਖਿਆਕਾਰਾਂ ਨੂੰ ਯੋਗ ਹੈ ਕਿ ਇਸ ਨਿੰਦਾਂ ਦਾ ਸਵਿਸਤਾਰ ਉੱਤਰ ਦੇਣ ਤੇ ਆਧੁਨਿਕ ਯੁਗ ਵਿਚ ਕਲਾ ਕਵਿਤਾ ਦੇ ਭੂਤ ਤੇ ਭਵਿਖ ਨਾਲ ਸਬੰਧਾਂ ਨੂੰ ਸਮਝਾਉਂਦਾ ਤੇ ਸਹੀ ਕਰਨ ਦੇ ਯਤਨ ਕਰਨ।[2] ਨਿਰਸੰਦੇਹ ਮਨੁੱਖ ਦਾ ਭਵਿਖ ਕਵੀਆਂ ਦੇ ਹੱਥ ਵਿਚ ਹੈ, ਕਿਉਂਕਿ ਉਹ ਆਪਣੀਆਂ ਕਾਵਿ ਉਡਾਰੀਆਂ ਰਾਹੀ ਇਕ ਉੱਚੇ ਸਮਾਜ ਦੇ ਸੁਫ਼ਨੇ ਲੈਂਦੇ ਹਨ।

---

1. ਉਨ੍ਹਾਂ ਅਨੁਸਾਰ - "ਸਮਾਜਵਾਦੀ ਸਮਾਜ ਬਹੁਤ ਵੱਡਾ ਜ਼ਿੰਨ ਹੈ ਜੋ ਹਰ ਵਿਅਕਤੀਗਤ ਕਰਮ, ਹਰ ਸ਼ਖਸ਼ੀਅਤ, ਹਰ ਵਿਚਾਰ ਨੂੰ ਹੜੱਪ ਜਾਵੇਗਾ। ਉਹ ਹਰ ਕਿਸੇ ਉਪਰ ਆਪਣਾ ਹੁਕਮ ਚਲਾਇਗਾ ਅਤੇ ਜੋ ਚਾਹੇਗਾ ਉਹ ਕਰੇਗਾ।"

   ਜੀ ਪਲੈਖਾਨੋਵ, "ਚਿੱਠੀਆਂ ਬਿਨ ਸਿਰਨਾਵਿਓਂ, ਅਨੁਵਾਦਕ ਡਾ. ਹਰਭਜਨ ਸਿੰਘ, ਪੰਨਾ 250.

2. ਪ੍ਰੋ. ਸੰਤ ਸਿੰਘ ਸੇਖੋਂ, "ਸਾਹਿਤਾਰਥ" ਪੰਨਾ 173.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

'ਕਵਿਤਾ ਜਾਂ ਕਲਾ ਕੇਵਲ ਕਿਸੇ ਜਾਤੀ ਦੀ ਸੰਸਕ੍ਰਿਤੀ ਤੇ ਪਰੰਪਰਾ ਉਤੇ ਆਧਾਰ ਹੀ ਨਹੀ ਰੱਖਦੀ,ਸਗੋਂ ਇਸ ਦੇ ਵਿਕਾਸ ਵਿਚ ਵੀ ਵਡਾ ਹਿਸਾ ਪਾਉਂਦੀ ਹੈ। ਜੇ ਇਸ ਵਿਚਾਰ ਨੂੰ ਨਾ ਮੰਨਿਆ ਜਾਵੇ ਤਾਂ ਇਸ ਦਾ ਮਤਲਬ ਇਹ ਹੋ ਜਾਂਦਾ ਹੈ ਕਿ ਭਾਰਤੀ ਸੰਸਕ੍ਰਿਤੀ ਦੇ ਬਣਾਉਣ ਵਿਚ ਮਹਾਂ ਭਾਰਤ, ਰਾਮਾਇਣ, ਗੀਤਾ ਤੇ ਸੰਸਕ੍ਰਿਤ ਹਿੰਦੀ ਤੇ ਹੋਰ ਭਾਰਤੀ ਬੋਲੀਆਂ ਵਿਚ ਸਬੰਧਤ ਕਵਿਤਾ ਦਾ ਭਾਰਤੀ ਸੰਸਕ੍ਰਿਤੀ ਦੇ ਨਿਰਮਾਣ ਤੇ ਵਿਕਾਸ ਵਿਚ ਕੋਈ ਹਿੱਸਾ ਨਹੀ। ਇਹ ਗਲ ਬਿਲਕੁਲ ਹੀ ਹਾਸੋਹੀਣੀ ਹੈ ਤੇ ਜੇ ਇਹ ਮੰਨ ਲਈਏ ਕਿ ਕਵਿਤਾ ਦਾ ਜਾਤੀ ਦੀ ਸੰਸਕ੍ਰਿਤੀ ਦੇ ਨਿਰਮਾਣ ਤੇ ਵਿਕਾਸ ਵਿਚ ਹਿੱਸਾ ਹੈ ਤਾਂ ਸਿੱਧ ਹੈ ਕਿ ਇਹ ਹਿੱਸਾ ਨਾ ਤਾਂ ਇਕ ਪੱਖੀ ਹੋ ਸਕਦਾ ਹੈ ਤੇ ਨਾ ਹੀ ਕਿਸੇ ਸਮੇਂ ਅਜਿਹਾ ਹੋਣਾ ਰੁਕ ਸਕਦਾ ਹੈ। ਅਸੀ ਇਹ ਨਹੀ ਕਹਿ ਸਕਦੇ ਕਿ ਰਾਮਾਇਣ ਮਹਾਂਭਾਰਤ ਜਾਂ ਹੋਰ ਭਾਰਤੀ ਕਵਿਤਾ ਦਾ ਭਾਰਤੀ ਸੰਸਕ੍ਰਿਤੀ ਦੇ ਨਿਰਮਾਣ ਵਿਚ ਹਿਸਾ ਕੇਵਲ ਵਿਅਕਤੀਗਤ ਆਦਰਸ਼ਵਾਦੀ ਪੱਖ ਤੋਂ ਹੀ ਹੈ, ਸਮਾਜਿਕ,ਇਤਿਹਾਸਕ ਤੇ ਪਦਾਰਥਕ ਪੱਖ ਤੋਂ ਨਹੀ।'[1]

ਪੁਰਾਤਨ ਭਾਰਤੀ ਕਵਿਤਾ ਅੱਜ ਤਕ ਸਾਨੂੰ ਅਗਵਾਈ ਦਿੰਦੀ ਰਹੀ ਹੈ। ਅਸਲ ਵਿਚ ਤਾਂ ਇਹ ਸਾਡੀ ਸੰਸਕ੍ਰਿਤੀ ਦਾ ਅਣਮੁਲਾ ਖਜ਼ਾਨਾ ਹੈ। ਕਵਿਤਾ ਸਾਡੇ ਸਮਾਜ ਦੇ ਨਿਰਮਾਣ ਵਿਚ ਅਟੁੱਟ ਤੇ ਨਿਰੰਤਰ ਹਿੱਸਾ ਪਾਉਂਦੀ ਰਹੀ ਹੈ। ਕਵਿਤਾ ਪੁਰਾਣੇ ਕੀਮਤਾਂ ਦੀ ਘੋਖ ਪੜਤਾਲ ਕਰਦੀ ਰਹਿੰਦੀ ਹੈ ਤੇ ਇਸ ਦੇ ਨਾਲ ਨਵੇਂ ਕੀਮਤਾਂ ਨੂੰ ਵੀ ਆਪਣੇ ਵਿਚ ਸਮਾਉਂਦੀ ਰਹਿੰਦੀ ਹੈ। ਇਹ ਤਬਦੀਲੀ ਕਵਿਤਾ ਵਿਚ ਆਉਣੀ, ਸਮੇਂ ਅਨੁਸਾਰ ਜ਼ਰੂਰੀ ਹੁੰਦੀ ਹੈ।

ਸਿੱਖ ਗੁਰੂਆਂ ਦੀ ਬਾਣੀ ਆਪਣੇ ਸਮਕਾਲੀਨ ਭਾਰਤ ਦੀ ਇਕ ਜੀਉਂਦੀ ਜਾਗਦੀ ਤਸਵੀਰ ਹੈ। ਗੁਰੂ ਨਾਨਕ ਦੇਵ ਜੀ ਦੀ ਰਚੀ ਕਵਿਤਾ ਸਮਾਜ ਦੇ ਨਿਰਮਾਣ ਲਈ ਉਪਯੋਗੀ ਸੀ ਤੇ ਹੈ। ਸਮਾਜ ਦੀਆਂ ਅਨੇਕਾਂ ਬੁਰਾਈਆਂ ਨੂੰ ਉਨ੍ਹਾਂ ਦੀ ਕਵਿਤਾ ਵਿਚ ਨਾ ਕੇਵਲ ਚਿਤਰਿਆ ਹੀ ਗਿਆ ਹੈ, ਸਗੋਂ ਇਕ ਚੰਗੇ ਡਾਕਟਰ ਵਾਂਗ ਉਨ੍ਹਾਂ ਨੇ ਸਮਾਜ ਦੀਆਂ ਬੁਰੀਆਂ ਬਿਮਾਰੀਆਂ ਦਾ ਉਪਰੇਸ਼ਨ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਹੈ।

ਮੈਥੀਉ ਆਰਨਲਡ ਅਨੁਸਾਰ ਸਾਹਿੱਤ ਦਾ ਕੰਮ ਜੀਵਨ ਦੀ ਆਲੋਚਨਾ ਹੈ। ਸਮਾਜ ਦੀ ਆਲੋਚਨਾ ਕਰਨ ਲਈ ਸਾਹਿੱਤਕਾਰ ਲਈ ਜ਼ਰੂਰੀ ਹੈ ਕਿ ਉਹ ਸਮਾਜੀ ਢਾਂਚੇ ਨੂੰ ਪੂਰੀ ਤਰ੍ਹਾਂ ਸਮਝਦਾ ਹੋਵੇ। ਕਵੀ ਸਮਕਾਲੀ ਵਿਚਾਰਧਾਰਾ ਦੇ ਗਿਆਨ ਤੋਂ ਕੋਰਾ ਨਹੀ ਹੋਣਾ ਚਾਹੀਦਾ। ਕਵੀ ਜਦੋਂ ਸਮਾਜ ਨਾਲੋਂ ਟੁੱਟਿਆ ਜਾਂਦਾ ਹੈ ਤਾਂ ਖ਼੍ਰਿਆਲਾਂ ਦੀ ਦੁਨੀਆਂ ਵਿਚ ਰਹਿਣ ਲਗ ਜਾਂਦਾ ਹੈ।

---

1. ਪ੍ਰੋ. ਸੰਤ ਸਿੰਘ ਸੇਖੋਂ, "ਸਾਹਿਤਾਰਥ" ਪੰਨਾ 173.

ਇਸ ਤਰ੍ਹਾਂ ਜਿਹੜਾ ਸਾਹਿਤ ਆਪਣੇ ਸਮਾਜ ਦੇ ਹਾਵਾਂ ਭਾਵਾਂ ਤੇ ਆਦਰਸ਼ਾਂ ਨੂੰ ਪ੍ਰਗਟ ਨਹੀ ਕਰਦਾ ਉਹ ਮਹਾਨ ਸਾਹਿਤ ਨਹੀ ਅਖਵਾ ਸਕਦਾ। ਸਾਹਿੱਤਕਾਰ ਦੇ ਅਨੁਭਵ ਦਾ ਧਰਾਤਲ ਸਮਾਜਿਕ ਹੁੰਦਾ ਹੈ। ਸਾਹਿੱਤ, ਸਾਹਿੱਤਕਾਰ ਦੇ ਅਨੁਭਵ ਦਾ ਪ੍ਰਗਟਾ ਹੈ ਤੇ ਅਨੁਭਵ ਸਿਰਫ ਸਮਾਜ ਵਿਚੋਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਲਈ ਸਾਹਿੱਤ ਇਕ ਸਮਾਜਿਕ ਕਿਰਤ ਬਣ ਜਾਂਦੀ ਹੈ। ਕਵੀ ਨਿਜੀ ਅਨੁਭਵਾਂ ਦੇ ਬਾਵਜੂਦ, ਸਮਾਜ ਨੂੰ ਅੱਖੋ ਉਹਲੇ ਨਹੀ ਕਰ ਸਕਦਾ -

> "The actual creation of literature is an activity of an individual in literature. It is also the creation of society acting through these individuals."

ਸਾਹਿੱਤ ਦੀ ਉਪਜ ਵਿਚ ਪਰੰਪਰਾ ਦਾ ਵੀ ਵੱਡਾ ਹੱਥ ਹੁੰਦਾ ਹੈ। ਇਸ ਤਰ੍ਹਾਂ ਕੋਈ ਵੀ ਸਾਹਿੱਤਕਾਰ ਜਾਂ ਕਵੀ ਪਰੰਪਰਾ ਨੂੰ ਅੱਖੋ ਉਹਲੇ ਨਹੀ ਕਰ ਸਕਦਾ। ਸਾਹਿੱਤਕ ਤਜਰਬਾ ਜੀਵਨ ਵਿਚੋਂ ਹੀ ਉਘੜਦਾ ਹੈ ਜਿਸ ਵਿਚ ਪਰੰਪਰਾ ਮੌਜੂਦ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਦਾ ਸਮਾਜ ਨਾਲ ਨੇੜੇ ਦਾ ਸਬੰਧ ਸੀ। ਉਸ ਦੀ ਕਵਿਤਾ ਸਮੇ ਦੀ ਪੂਰੀ ਤਸਵੀਰ ਹੈ। ਉਹ ਸਮਕਾਲੀ ਸਮਾਜ ਵਿਚ ਵਿਚਰਦੇ ਰਹੇ। ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਲੋਕਾਂ ਨਾਲ ਸਾਂਝੀਆਂ ਸਨ। ਇਸ ਕਰਕੇ ਉਨ੍ਹਾਂ ਦੀ ਕਵਿਤਾ ਅੱਜ ਤਕ ਸਤਿਕਾਰੀ ਜਾਂਦੀ ਹੈ ।

-=:0:=-

## ਕਾਂਡ ਦੂਜਾ

*
*
*
*
*
*
*
*
*
*

ਗੁਰੂ ਨਾਨਕ ਦੇਵ
ਜੀ ਦੀ ਕਵਿਤਾ ਦਾ
ਇਤਿਹਾਸਕ ਪਿਛੋਕੜ ॥

*
* *

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਗੁਰੂ ਨਾਨਕ ਸਾਹਿਬ ਦੀ ਕਵਿਤਾ ਦਾ ਇਤਿਹਾਸਕ ਪਿਛੋਕੜ

ਗੁਰੂ ਨਾਨਕ ਸਾਹਿਬ ਦੀ ਕਵਿਤਾ ਦਾ ਇਤਿਹਾਸਕ ਪਿਛੋਕੜ ਬਾਰੇ ਕੁਝ ਕਹਿਣ ਤੋਂ ਪਹਿਲਾਂ ਉਸ ਸਮੇਂ ਦੇ ਇਤਿਹਾਸ ਉਤੇ ਨਜ਼ਰ ਮਾਰਨਾ ਬਹੁਤ ਜ਼ਰੂਰੀ ਹੈ। ਇਸ ਲਈ ਅਸੀ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਕਾਲ ਦੇ ਇਤਿਹਾਸਕ ਪਿਛੋਕੜ ਉਤੇ ਵਿਚਾਰ ਕਰਦੇ ਹਾਂ। ਸਭ ਤੋਂ ਪਹਿਲਾਂ ਸਾਹਿਤ ਤੇ ਇਤਿਹਾਸ ਦੇ ਆਪਸੀ ਵਿਚਲੇ ਨਜ਼ਦੀਕੀ ਰਿਸ਼ਤੇ ਨੂੰ ਜਾਣਨਾ ਜ਼ਰੂਰੀ ਹੈ। ਸਾਹਿਤ ਦੀ ਵਿਆਖਿਆ ਆਮ ਤੌਰ ਉਤੇ ਇਤਿਹਾਸ ਤੋਂ ਵੱਖਰੀ ਕਰਕੇ ਹੀ ਕੀਤੀ ਜਾਂਦੀ ਹੈ - ਇਹੀ ਕਾਰਨ ਹੈ ਕਿ ਅਸੀ ਸਾਹਿੱਤ ਦੀਆਂ ਅਸਲੀ ਤੇ ਕੀਮਤੀ ਕੀਮਤਾਂ ਨਹੀ ਜਾਣ ਸਕਦੇ। ਇਤਿਹਾਸ ਦੀ ਵਿਆਖਿਆ "ਕਨਸਾਈਜ਼ ਆਕਸਫੋਰਡ ਡਿਕਸ਼ਨਰੀ" ਵਿਚ ਇਸ ਤਰ੍ਹਾਂ ਕੀਤੀ ਗਈ ਹੈ -

"It is a continuous methodical record of public events, study of growth of nations, course of past events, course of human affairs, aggregate of political events etc, [44] ... all rolled up in one."

ਸਿਸਰੋ ਦਾ ਕਥਨ ਹੈ -

"History is the teacher of life."

ਕਾਰਲਾਇਲ ਵੀ ਇਤਿਹਾਸ ਦੀ ਮਹੱਤਤਾ ਬਾਰੇ ਲਿਖਦੇ ਹਨ -

"History is the first distinct product of man's spiritual nature, his earliest expression of what can be called thought."

ਇਸ ਤਰ੍ਹਾਂ ਇਤਿਹਾਸ ਗਿਆਨ ਦਾ ਇਕ ਖਜ਼ਾਨਾ ਹੈ। ਨੈਪੋਲੀਅਨ ਦੇ ਕਥਨ ਅਨੁਸਾਰ ਇਤਿਹਾਸਕਾਰ ਨੂੰ ਨਿਰਪੱਖ, ਇਮਾਨਦਾਰ, ਨਿਡਰ, ਈਰਖਾ ਤੋਂ ਉੱਚਾ, ਸਵਾਰਥ ਰਹਿਤ ਤੇ ਹਰ ਕਿਸਮ ਦੇ ਤੁਅੱਸਬ ਤੋਂ ਦੂਰ ਹੋਣਾ ਚਾਹੀਦਾ ਹੈ। ਇਹੀ ਗੁਣ ਇਕ ਸਾਹਿੱਤਕਾਰ ਵਿਚ ਹੋਣੇ ਚਾਹੀਦੇ ਹਨ ਤੇ ਇਕ ਪਾਰਖੂ ਲਈ ਵੀ ਉਸ ਸਮੇਂ ਦੇ ਇਤਿਹਾਸ, ਉਸ ਸਮੇਂ ਦੇ ਸਮਾਜਿਕ, ਧਾਰਮਿਕ, ਰਾਜਸੀ ਤੇ ਆਰਥਿਕ ਹਾਲਾਤ ਤੋਂ ਜਾਣੂ ਹੋਣਾ ਚਾਹੀਦਾ ਹੈ। ਜਿਵੇਂ ਸਾਹਿੱਤ ਦਾ ਪ੍ਰਮੁੱਖ

ਵਿਸ਼ਾ ਮਨੁੱਖ ਹੈ, ਇਸੇ ਤਰ੍ਹਾਂ ਇਤਿਹਾਸਕਾਰ ਦੀ ਬੁਨਿਆਦੀ ਦਿਲਚਸਪੀ ਲੋਕਾਂ ਦੀ ਜ਼ਿੰਦਗੀ ਹੈ। ਇਕ ਸਾਹਿੱਤਕਾਰ- ਇਤਿਹਾਸਕਾਰ ਵੀ ਹੁੰਦਾ ਹੈ। ਪਰ ਉਹ ਆਪਣੀ ਵਿਸ਼ੇਸ਼ ਬੋਲੀ ਵਿਚ ਤੇ ਵਿਸ਼ੇਸ਼ ਤਰੀਕੇ ਨਾਲ ਇਸ ਨੂੰ ਪੇਸ਼ ਕਰਦਾ ਹੈ।

ਸ੍ਰੀ ਕੇ. ਐਸ. ਲਾਲ ਲਿਖਦੇ ਹਨ -

"ਕਿਸੇ ਵੀ ਕੌਮ ਦਾ ਇਤਿਹਾਸ, ਉਸ ਦੇ ਵਿਚਾਰਾਂ, ਤਜਰੁਬਿਆਂ, ਭਾਵਾਂ ਤੇ ਜੀਵਨ ਬਾਰੇ ਦ੍ਰਿਸ਼ਟੀਕੋਣ ਦਾ ਪ੍ਰਤੱਖ ਪ੍ਰਗਟਾਵਾ ਹੈ, ਜਿਨ੍ਹਾਂ ਨੂੰ ਉਹ ਲੋਕ ਧਰਮ, ਕਲਾ ਤੇ ਸਾਹਿੱਤ ਰਾਹੀ ਪ੍ਰਗਟ ਕਰਦੇ ਰਹੇ ਹਨ।[1]

ਕੀ ਇਹ ਗਲ ਸਾਹਿੱਤਕਾਰਾਂ ਉਤੇ ਨਹੀ ਢੁਕਦੀ? ਡਾ. ਤਾਰਾ ਚੰਦ ਆਰੀਆ ਲੋਕਾਂ ਤੇ ਦੂਸਰਿਆਂ ਵਿਚ ਆਪਸੀ ਲੜਾਈਆਂ ਬਾਰੇ ਲਿਖਦੇ ਹੋਏ ਵੇਦਾਂ ਦੇ ਸਮੇਂ ਦੇ ਸਾਹਿਤ ਦਾ ਗਿਲ੍ਹਾ ਇਤਿਹਾਸ ਨਾਲ ਇਸ ਤਰ੍ਹਾਂ ਜੋੜਦੇ ਹਨ -

"ਆਰੀਆ ਤੇ ਗੈਰ ਆਰੀਆ ਦੀ ਲੜਾਈ ਦੇ ਕਾਰਨ, ਰਾਜਨੀਤਕ ਜਾਂ ਆਰਥਿਕ ਹੀ ਨਹੀ ਸਨ ਸਗੋਂ ਧਾਰਮਿਕ ਤੇ ਸਭਿਆਚਾਰਕ ਵੀ ਸਨ। ਵੈਦਿਕ ਸਮੇ ਦਾ ਸਾਹਿੱਤ ਇਸ ਸਮਾਜਿਕ ਖਿਚੋਤਾਣ ਦਾ ਪਾਰਦਰਸ਼ੀ ਸ਼ੀਸ਼ਾ ਹੈ।"[2]

ਜੋ ਜਿਸ ਤਰ੍ਹਾਂ ਇਤਿਹਾਸਕਾਰ ਸਮਾਜਿਕ ਭਾਈਚਾਰੇ ਤੇ ਆਰਥਿਕ ਹਾਲਾਤ ਵਿਚ ਦਿਲਚਸਪੀ ਲੈਂਦਾ ਹੈ। ਇਸੇ ਤਰ੍ਹਾਂ ਦੀ ਦਿਲਚਸਪੀ ਦਾ ਭਾਈਵਾਲ ਸਾਡਾ ਸਾਹਿੱਤਕਾਰ ਹੈ। ਅੱਜਕਲ ਦੇ ਇਤਿਹਾਸਕਾਰ ਬਾਰੇ ਸ੍ਰ ਕੇ.ਐਸ.ਲਾਲ ਲਿਖਦੇ ਹਨ -

"The modern Histariagrapher of medieval history tries to probe into ideas and to determine the behind human actions performed in the past. These motives they find unlike the medieval historiographer, not only in religion, but in political, economic, social and other causes and try to trace a relationship between them." 3

ਗੁਰੂ ਨਾਨਕ ਸਾਹਿਬ ਦੀ ਸਾਰੀ ਦੀ ਸਾਰੀ ਬਾਣੀ ਜੀਵਨ ਦੇ ਰਾਜਸੀ, ਭਾਈਚਾਰਕ, ਆਰਥਿਕ, ਧਾਰਮਿਕ ਪੱਖਾਂ ਨਾਲ ਉਲਝੀ ਪਈ ਹੈ। ਗੁਰੂ ਨਾਨਕ ਸਾਹਿਬ ਇਕ ਐਸੇ ਧਰਮ ਦੇ ਬਾਨੀ ਸਨ, ਜਿਨ੍ਹਾਂ ਦੀਆਂ ਨੀਹਾਂ ਲੋਕ ਹਿਤਾਂ ਉਤੇ ਟਿਕੀਆਂ ਹੋਈਆਂ ਸਨ।

---

1. ਸ੍ਰੀ ਕੇ. ਐਸ. ਲਾਲ 'ਸਟੱਡੀ ਇਨ ਮੈਡੀਵਲ ਇੰਡਈਅਨ ਹਿਸਟਰੀ, ਪੰਨਾ 24, (ਅੰਗ੍ਰੇਜ਼ੀ ਤੋਂ ਅਨੁਵਾਦ)
2. ਡਾ. ਤਾਰਾ ਚੰਦ - 'ਇਨਫਲੂਐਂਸ ਆਫ ਇਸਲਾਮ ਔਨ ਇੰਡੀਅਨ ਕਲਚਰ' ਪੰਨਾ 2.
3. ਸ੍ਰੀ ਕੇ. ਐਸ. ਲਾਲ 'ਸਟੱਡੀਜ਼ ਇਨ ਮੈਡੀਵਲ ਇੰਡੀਅਨ ਇਸਟਰੀ, ਪੰਨਾ 95.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਜਿਹੜਾ ਨਿਰਾਲਾ ਜੀਵਨ ਪੰਥ ਜਾਂ ਗਾਡੀਰਾਹ ਗੁਰੂ ਨਾਨਕ ਜੀ ਨੇ ਜਗਤ ਵਿਚ ਪ੍ਰਚੱਲਤ ਕੀਤਾ ਉਸ ਦੀ ਮਹਾਨਤਾ ਨੂੰ ਸਮਝਣ ਲਈ ਮੁਰਦੇ ਦੇਸ਼ ਵਿਚ ਉਤਸ਼ਾਹ ਭਰੇ ਜੀਵਨ ਦੀ ਰੂਹ ਭਰਨ ਲਈ ਜਿਸ ਧੁਰ ਕੀ ਬਾਣੀ ਰਾਹੀ ਉਤਮ ਉਪਦੇਸ਼ ਦੀ ਝੜੀ ਆਪ ਜੀ ਨੇ ਲਾਈ ਉਸ ਦੇ ਭਾਵ ਠੀਕ ਤਰ੍ਹਾਂ ਗ੍ਰਹਿਣ ਕਰਨ ਲਈ ਅਤੇ ਇਹ ਅੰਦਾਜ਼ਾ ਲਗਾਉਣ ਲਈ ਕਿ ਜਿਸ ਕੌਮ ਦਾ ਬੀੜਾ ਉਨ੍ਹਾਂ ਨੇ ਚੁਕਿਆ ਅਤੇ ਜਿਸ ਨੂੰ ਉਨ੍ਹਾਂ ਨੇ ਭਲੀ ਪ੍ਰਕਾਰ ਨੇਪਰੇ ਚਾੜ੍ਹਿਆ ਉਹ ਕਿਨਾ ਔਖਾ ਤੇ ਮਹਾਨ ਸੀ, ਇਹ ਜ਼ਰੂਰੀ ਹੈ ਕਿ ਇਨ੍ਹਾਂ ਗਲਾਂ ਦਾ ਪਤਾ ਕੀਤਾ ਜਾਵੇ ਕਿ ਜਿਸ ਸਮੇਂ ਵਿਚ ਆਪ ਜੀ ਜਗਤ ਵਿਚ ਵਿਚਰੇ ਉਹ ਕੈਸਾ ਸੀ। ਜਿਨ੍ਹਾਂ ਹਾਲਤਾਂ ਵਿਚ ਆਪ ਜੀ ਨੇ ਜਗਤ ਜਲੰਦਾ ਰਖ ਲੈਣ ਤੇ ਧਰਤ ਲੁਕਾਈ ਸੋਧਣ ਦੀ ਕਠਨ ਕਾਰ ਨਿਬਾਹੀ ਉਹ ਕੀ ਸਨ ਅਤੇ ਜਿਨ੍ਹਾਂ ਲੋਕਾਂ ਨੂੰ ਆਪ ਜੀ ਨੇ ਇਹ ਰੱਬੀ ਦਾਤ ਬਖਸ਼ ਕੇ ਸੁਰਜੀਤ ਕੀਤਾ ਉਹ ਕਿਹੋ ਜਿਹੇ ਸਨ।

ਉਸ ਸਮੇਂ ਦਾ ਬਹੁਤ ਹਿੱਸਾ ਮੁਸਲਮਾਨ ਰਾਜ ਹੇਠ ਸੀ। ਦਿੱਲੀ ਦਾ ਸੁਲਤਾਨ ਨਾਮ ਧਰੀਕ ਬਾਦਸ਼ਾਹ ਸੀ। ਪਰ ਅਸਲ ਵਿਚ ਸਾਰਾ ਦੇਸ਼ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ। ਜਿਨ੍ਹਾਂ ਦੇ ਹਾਕਮ ਜਾਂ ਸੂਬੇ ਆਪੋ ਆਪਣੀ ਥਾਂ ਖੁਦ ਮੁਖਤਿਆਰ ਸਨ। ਇਨ੍ਹਾਂ ਵਿਚੋਂ ਹਰਇਕ ਮਨ ਆਈਆਂ ਕਰਦਾ ਸੀ ਤੇ ਕਿਸੇ ਪਾਤਸ਼ਾਹ ਤੋਂ ਨਹੀ ਡਰਦਾ ਸੀ। ਦੀਨ ਤੇ ਜਹਾਦ (ਧਰਮ-ਯੁੱਧ) ਦੇ ਬਹਾਨੇ ਅਨੇਕਾਂ ਤਰ੍ਹਾਂ ਦੇ ਧਰਮ ਵਿਰੁਧ ਅਤਿਆਚਾਰ ਤੇ ਜ਼ੁਲਮ ਕਮਾਏ ਜਾਂਦੇ ਸਨ।

ਸੱਯਦ ਮੁਹੰਮਦ ਲਤੀਫ ਦੇ ਕਥਨ ਅਨੁਸਾਰ - "ਇਹ ਦੀਨ ਹਜ਼ਰਤ ਮੁਹੰਮਦ ਸਾਹਿਬ ਨੇ ਚਲਾਇਆ ਜੋ ਕਿ ਅਰਬ ਦੇ ਕੁਰੈਸ਼ੀ ਕਬੀਲੇ ਵਿਚੋਂ ਸਨ। ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਇਕ ਇਲਾਹੀ ਸੰਦੇਸ਼ ਜਾਂ ਇਲਹਾਮ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਸ ਦੀਨ ਨੂੰ ਤਲਵਾਰ ਦੇ ਜ਼ੋਰ ਫੈਲਾਉਣ ਦਾ ਹੁਕਮ ਉਨ੍ਹਾਂ ਨੂੰ ਧੁਰ ਦਰਗਾਹੋਂ ਹੋਇਆ ਹੈ।"

ਭਾਰਤ ਉਪਰ ਮੁਸਲਮਾਨਾਂ ਦੇ ਹਮਲੇ ਸਤਵੀ ਸਦੀ ਦੇ ਵਿਚਕਾਰ ਆਰੰਭ ਹੋਏ। ਇਸ ਦੇਸ਼ ਦੇ ਦੁਖੜੇ ਉਸ ਸਮੇਂ ਤੋਂ ਸ਼ੁਰੂ ਹੋਏ। ਪ੍ਰਦੇਸੀ ਹਮਲਾਵਰਾਂ ਨੇ ਇਸ ਦਾ ਧਨ ਦੌਲਤ ਕਈ ਵੇਰ ਬੇਹ ਖੜਿਆ। ਜੇਤੂਆਂ ਦੇ ਲਾਲਚ ਵਿਸ਼ੱਈ ਵਾਸ਼ਨਾ ਤੇ ਕਾਮਚੇਸ਼ਟੀ ਦੀ ਪੂਰਤੀ ਲਈ ਇਸ ਦੇ ਲਖਾਂ ਬੰਦੇ ਬੱਚੀਆਂ ਗੁਲਾਮ ਬਣਾ ਕੇ ਲਿਜਾਏ ਗਏ। "ਕਾਫਰਾਂ" ਵਿਰੁਧ ਕੀਤੇ ਗਏ ਇਹ ਕਾਰੇ ਖੁਦਾ ਦੀ ਖਾਤਰ ਕੀਤੇ ਗਏ ਧਰਮ ਯੁੱਧ ਅਖਵਾਉਂਦੇ ਤੇ ਮੰਨੇ ਜਾਂਦੇ ਸਨ। ਉਨ੍ਹਾਂ ਨੂੰ ਯਕੀਨ ਦਿਵਾਇਆ ਗਿਆ ਸੀ ਕਿ ਖੁਦਾ ਦਾ ਨਾਮ ਪਰ ਲਹੂ ਦਾ ਇਕ ਤੁਬਕਾ ਡੋਲ੍ਹਣ ਦਾ ਸਵਾਬ

ਦੋਹ ਮਹੀਨਿਆਂ ਦੇ ਰੋਜ਼ਿਆਂ ਤੇ ਨਿਮਾਜ਼ਾਂ ਨਾਲੋਂ ਵਧੇਰੇ ਹੈ। ਸੋ ਇਨ੍ਹਾਂ ਦੀਨ ਦੇ ਜੋਸ਼ ਵਿਚ ਅੰਨ੍ਹੇ ਹੋਏ ਹੋਏ ਹਮਲਾਵਰਾਂ ਨੇ ਲਹੂ ਦੇ ਦਰਿਆ ਧਰਮ ਦੀ ਕਾਰ ਸਮਝ ਕੇ ਵਹਾਏ। "ਉਨ੍ਹਾਂ ਦੇ ਵਹਿਸ਼ੀਆਨਾ ਮਜ਼ਹਬੀ ਜਨੂੰਨ ਨੇ ਜਿਸ ਅਨੁਸਾਰ ਗੈਰ-ਮੁਸਲਮਾਨਾਂ ਨੂੰ ਮਾਰਨਾ ਇਕ ਅਜਿਹੀ ਸੇਵਾ ਸੀ ਜਿਹੜੀ ਖ਼ੁਦਾ ਨੂੰ ਬਹੁਤ ਹੀ ਚੰਗੀ ਲਗਦੀ ਸੀ ਇਨ੍ਹਾਂ ਨੂੰ ਬਿਲਕੁਲ ਬੇ-ਫ਼ਿਕਰ ਬਣਾ ਦਿੱਤਾ।"[1]

ਅਰਬੀ ਜੇਤੂਆਂ ਤੋਂ ਮਗਰੋਂ ਅਫ਼ਗਾਨ ਲੁਟੇਰੇ ਆਏ। ਮਹਿਮੂਦ ਗਜ਼ਨਵੀ ਦੇ ਹਮਲਿਆਂ ਨੇ ਸਾਰੇ ਦੇਸ਼ ਵਿਚ ਹਾ ਹਾ ਕਾਰ ਤੇ ਤਬਾਹੀ ਮਚਾ ਦਿੱਤੀ। ਉਸ ਪਿਛੋਂ ਹੋਰ ਆਏ। ਮੰਦਰ ਢਾਹੇ ਗਏ, ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਜਿਹੜੇ ਮਰਦ ਤੀਵੀਆਂ ਬੱਚੇ ਕਤਲਾਮ ਤੋਂ ਬਚ ਜਾਂਦੇ ਉਨ੍ਹਾਂ ਨੂੰ ਦੇਸ਼ੋਂ ਬਾਹਰ ਲਿਜਾ ਕੇ ਵੇਚਿਆ ਜਾਂਦਾ। ਇਹ ਗੁਲਾਮੀ ਉਨ੍ਹਾਂ ਲਈ ਮੌਤ ਤੋਂ ਕਈ ਦਰਜੇ ਭੈੜੀ ਹੁੰਦੀ ਸੀ। ਇਹ ਸਭ ਕੁਝ ਇਸਲਾਮ ਦੀ ਸ਼ਾਨ ਦੀ ਖਾਤਰ ਕੀਤਾ ਜਾਂਦਾ ਸੀ।

ਸਦੀਆਂ ਭਰ ਇਸ ਤਰ੍ਹਾਂ ਲੁਟਮਾਰ ਤੇ ਖ਼ੂਨ ਖ਼ਰਾਬੇ ਦੇ ਖ਼ਿਆਲ ਨਾਲ ਹੱਲੇ ਹੁੰਦੇ ਰਹੇ। ਫਿਰ ਹਮਲਾਵਰਾਂ ਨੂੰ ਇਹ ਖ਼ਿਆਲ ਆਇਆ ਕਿ ਇਸ ਅਥਾਹ ਧਨ ਦੌਲਤ ਦੇ ਦੇਸ਼ ਵਿਚ ਰਾਜ ਕਾਇਮ ਕੀਤਾ ਜਾਵੇ। ਮੁਸਲਮਾਨ, ਹਮਲਾਵਰਾਂ ਨੇ ਦੇਸ ਪੁਰ ਕਬਜ਼ਾ ਕਰ ਕੇ ਇਥੋਂ ਦੇ ਲੋਕਾਂ ਨੂੰ ਬਦੋ ਬਦੀ ਤਲਵਾਰ ਦੇ ਜ਼ੋਰ ਦੀਨ-ਇਸਲਾਮ ਮੰਨਵਾਇਆ ਅਤੇ ਦੇਸ਼ ਵਿਚ ਬਦੇਸ਼ੀ ਰਾਜ ਕਾਇਮ ਕੀਤਾ। ਸਭ ਤੋਂ ਪਹਿਲਾਂ ਪੰਜਾਬ ਮਲਿਆ ਗਿਆ। ਜਿਉਂ ਜਿਉਂ ਜੇਤੂਆਂ ਨੂੰ ਜਿੱਤਾਂ ਪ੍ਰਾਪਤ ਹੋਈਆਂ ਉਨ੍ਹਾਂ ਦਾ ਇਸਲਾਮੀ ਜੋਸ਼ ਵੱਧਦਾ ਗਿਆ। ਦੀਨ ਦੀ ਖ਼ਾਤਰ ਤਲਵਾਰ ਖ਼ੂਬ ਚਲਦੀ ਰਹੀ ਤੇ ਹਿੰਦੂਆਂ ਨੂੰ ਕਲਮਾ ਪੜ੍ਹਾਈਦਾ ਰਿਹਾ। ਬੜਿਆਂ ਖ਼ਾਨਦਾਨਾਂ ਨੇ ਰਾਜ ਕੀਤਾ ਪਰ ਹਕੂਮਤ ਕਾਇਮ ਨਾ ਕਰ ਸਕੇ। ਬਾਕੀ ਰਾਜ ਨੇੜੇ ਨੇੜੇ ਰਿਹਾ ਤੇ ਬਾਕੀ ਇਲਾਕੇ ਦੇ ਨਵਾਬ ਜੋ ਜੀਅ ਆਇਆ ਕਰਦੇ ਰਹੇ। ਲੋਕਾਂ ਦੀ ਹਾਲਤ ਬੜੀ ਦੁੱਖ ਭਰੀ ਸੀ। ਹਿੰਦੂਆਂ ਨੂੰ ਸਭ ਤੋਂ ਵੱਧ ਦੁੱਖ ਝਲਣੇ ਪਏ। ਹੇਠ ਅਸੀ ਮੁਸਲਮਾਨ ਜੇਤੂਆਂ ਦੇ ਵਤੀਰੇ ਦੀਆਂ ਕੁਝ ਵੰਨਗੀਆਂ ਪੇਸ਼ ਕਰਦੇ ਹਾਂ 'ਕਾਮਿਲੁਤਵਾਰੀਖ' ਰਚਿਤ ਇਬਨ ਅਸੀਰ ਵਿਚ ਲਿਖਿਆ ਹੈ ਕਿ 'ਗਜ਼ਨੀ ਦੇ ਸਹਾਬੁੱਦੀਨ ਨੇ ਅਜਮੇਰ ਦੇ ਹਜ਼ਾਰਾਂ ਵਸਨੀਕ ਮਾਰ ਘੱਤੇ ਅਤੇ ਬਾਕੀਆਂ ਨੂੰ ਗੁਲਾਮ ਬਣਾ ਲਿਆ। ਬਨਾਰਸ ਵਿਚ ਭੀ ਅਣਗਿਣਤ ਮਰਦਾਂ, ਤੀਵੀਆਂ ਤੇ ਬੱਚਿਆਂ ਨੂੰ ਪਾਰ ਬੁਲਾਇਆ ਗਿਆ।"

1. ਵੀ.ਏ.ਸਮਿਥ, "ਇੰਡੀਆ ਇਨ ਮੁਸਲਿਮ ਪੀਰੀਅਡ" ਪੰਨਾ 247.

'ਤਾਜੁਲਮੁਆਸਰ' ਵਿਚ ਹਸਨ ਨਿਜ਼ਾਮੀ ਨੈਸ਼ਾਪੁਰੀ ਲਿਖਦਾ ਹੈ ਕਿ "ਕੁਤਬ ਦੀਨ ਐਬਕ (1194 ਈ ਤੋਂ 1210 ਈ. ਤਕ) ਨੇ ਮੇਰਠ ਵਿਚ ਹਿੰਦੂਆਂ ਦੇ ਮੰਦਰ ਢਾਹੇ ਅਤੇ ਉਨ੍ਹਾਂ ਦੀਆਂ ਮਸੀਤਾਂ ਬਣਵਾਈਆਂ। ਸ਼ਹਿਰ ਕਾਇਲ ਜਿਸ ਨੂੰ ਅਜ ਕਲ ਅਲੀਗੜ੍ਹ ਕਹਿੰਦੇ ਹਨ ਤੇ ਹਿੰਦੂਆਂ ਨੂੰ ਉਸ ਨੇ ਤਲਵਾਰ ਦੇ ਜ਼ੋਰ ਮੁਸਲਮਾਨ ਬਣਾਇਆ ਅਤੇ ਜਿਨ੍ਹਾਂ ਨੇ ਆਪਣਾ ਧਰਮ ਛਡਣੋ ਨਾਂਹ ਕੀਤੀ ਉਨ੍ਹਾਂ ਨੂੰ ਮਾਰ ਮੁਕਾਇਆ। ਕਾਲੰਜਰ ਵਿਚ ਉਸਨੇ 113 ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਈਆਂ, ਇਕ ਲੱਖ ਹਿੰਦੂਆਂ ਨੂੰ ਤਲਵਾਰ ਭੇਟ ਕੀਤਾ ਅਤੇ ਪੰਜਾਹ ਹਜ਼ਾਰ ਹੋਰਨਾਂ ਨੂੰ ਗ਼ੁਲਾਮ ਬਣਾਇਆ।"

'ਤਬਜਤੇ ਨਾਸਿਰੀ' ਵਿਚ ਮਿਨਹਾਜੁਲ ਸਿਰਾਜ ਲਿਖਦਾ ਹੈ ਕਿ "ਜਦ ਮੁਹੰਮਦ ਬਖਤਿਆਰ ਖਿਲਜੀ ਨੇ ਬਿਹਾਰ ਫ਼ਤਹ ਕੀਤਾ ਤਾਂ ਉਸ ਨੇ ਇਕ ਲੱਖ ਬ੍ਰਾਹਮਣਾਂ ਨੂੰ ਕਤਲ ਕੀਤਾ, ਅਤੇ ਪੁਰਾਤਨ ਸੰਸਕ੍ਰਿਤ ਪੁਸਤਕਾਂ ਦੀ ਬੜੀ ਪ੍ਰਸਿੱਧ ਤੇ ਬਹੁਮੁਲੀ ਪੁਸਤਕਾਲੇ ਨੂੰ ਸਾੜ ਦਿੱਤਾ।"

'ਤਜਜੀਆਤੁਲ ਅਮਸਰ ਵਾ ਤਜਰੀਆਤੁਲ ਅਸਰ' ਵਿਚ ਅਬਦੁੱਲਾ ਵੱਸਫ ਲਿਖਦਾ ਹੈ ਕਿ "ਜਦ ਇਲਾਉਦੀਨ ਖਿਲਜੀ (1295-1316) ਈ) ਨੇ ਖਲੀਜ ਕੰਬੇ ਦੇ ਮੂਹ ਪਾਸ ਵਸਦੇ ਸ਼ਹਿਰ ਕੰਬਾਅਤ ਉਤੇ ਕਬਜ਼ਾ ਕੀਤਾ ਤਾਂ ਉਸ ਨੇ ਇਸਲਾਮ ਦੀ ਸ਼ਾਨ ਤੇ ਵਡਿਆਈ ਦੀ ਖ਼ਾਤਰ ਉਨ੍ਹਾਂ ਸਾਰੇ ਹਿੰਦੂਆਂ ਨੂੰ ਕਤਲ ਕਰ ਦਿਤਾ ਜੋ ਬਾਲਗ ਸਨ, ਲਹੂ ਦੇ ਦਰਿਆ ਵਹਾਏ, ਦੇਸ਼ ਦੀਆਂ ਜ਼ਨਾਨੀਆਂ ਨੂੰ ਉਨਾਂ ਦੇ ਸੋਨੇ ਚਾਂਦੀ ਦੇ ਗਹਿਣਿਆਂ ਤੇ ਹੀਰੇ ਜਵਾਹਰਾਂ ਸਣੇ ਆਪਣੇ ਦੇਸ ਵਿਚ ਘੱਲ ਦਿੱਤਾ ਅਤੇ ਤਕਰੀਬਨ ਵੀਹ ਹਜ਼ਾਰ ਕੁਆਰੀਆਂ ਕੰਨਿਆਂ ਨੂੰ ਆਪਣੀਆਂ ਨਿੱਜ ਦੀਆਂ ਗੋਲੀਆਂ ਬਣਾਇਆ।"

ਇਕ ਵੇਰ ਇਲਾਉੱਦਦੀਨ ਨੇ ਆਪਣੇ ਕਾਜ਼ੀ ਪਾਸੋਂ ਪੁਛਿਆ ਕਿ ਹਿੰਦੂਆਂ ਬਾਬਤ ਇਸਲਾਮੀ ਸ਼ਰ੍ਹਾ ਕੀ ਹੈ? ਤਾਂ ਕਾਜ਼ੀ ਨੇ ਉੱਤਰ ਦਿੱਤਾ, "ਹਿੰਦੂ ਧਰਤੀ ਦੀ ਨਿਆਈ ਹਨ, ਤੇ ਉਨ੍ਹਾਂ ਪਾਸੋਂ ਚਾਂਦੀ ਮੰਗੀ ਜਾਵੇ ਤਾਂ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਸੋਨਾ ਪੇਸ਼ ਕਰਨਾ ਚਾਹੀਦਾ ਹੈ। ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿਚ ਥੁਕਣਾ ਚਾਹੇ ਤਾਂ ਉਸ ਹਿੰਦੂ ਨੂੰ ਆਪਣਾ ਮੂੰਹ ਪੂਰੀ ਤਰ੍ਹਾਂ ਖੋਲ੍ਹ ਦੇਣਾ ਚਾਹੀਦਾ ਹੈ। ਖ਼ੁਦਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੋਲੇ ਬਣਨ ਲਈ ਹੀ ਬਣਾਇਆ ਹੈ। ਹਜ਼ੂਰਤ ਸਾਹਿਬ ਦਾ ਹੁਕਮ ਹੈ ਕਿ ਜੇ ਹਿੰਦੂ ਇਸਲਾਮ ਕਬੂਲ ਨ ਕਰਨ ਤਾਂ ਉਨ੍ਹਾਂ ਨੂੰ ਕੈਦਾਂ ਤੇ ਤਸੀਹੇ ਦੇਣੇ ਚਾਹੀਦੇ ਹਨ ਅਤੇ ਅੰਤ ਨੂੰ ਮਾਰ ਮੁਕਾਉਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲੈਣੀ ਚਾਹੀਦੀ ਹੈ।

'ਤਵਾਰੀਖ ਅਲਾਈ' ਜਾਂ 'ਖਜ਼ਾਇਨ ਉਲ ਫ਼ੁਤੂਹ' ਵਿਚ ਅਮੀਰ ਖੁਸਰੋ ਲਿਖਦਾ ਹੈ ਕਿ "ਜਦ ਪਾਤਸ਼ਾਹ ਫ਼ੀਰੋਜ਼ ਸ਼ਾਹ ਤੁਗ਼ਲਕ (1351-1388 ਈ) ਨੇ ਭੋਪਾਲ ਦੇ ਇਲਾਕੇ ਵਿਚ ਭਿਲਸਾ ਸ਼ਹਿਰ ਫ਼ਤਹਿ ਕੀਤਾ ਤਾਂ ਉਸ ਨੇ ਸਾਰੇ ਹਿੰਦੂ ਮੰਦਿਰ ਢਾਹ ਦਿੱਤੇ ਤੇ ਉਨ੍ਹਾਂ ਵਿਚਲੀਆਂ ਮੂਰਤੀਆਂ ਉਥੋਂ ਲੈ ਗਿਆ। ਉਨ੍ਹਾਂ ਨੂੰ ਉਸ ਨੇ ਆਪਣੇ ਕਿਲ੍ਹੇ ਦੇ ਦਰਵਾਜ਼ੇ ਅਗੇ ਰੱਖ ਦਿੱਤਾ ਅਤੇ ਰੋਜ਼ ਇਕ ਹਜ਼ਾਰ ਹਿੰਦੂਆਂ ਦੇ ਲਹੂ ਨਾਲ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ ਕਰਦਾ ਸੀ।"[1]

ਕੋਹਾਨਾ ਦੇ ਹਿੰਦੂਆਂ ਨੂੰ ਜਿਨ੍ਹਾਂ ਨੇ ਕਲਾ ਮੰਦਰ ਬਣਾ ਘਤਿਆ ਸੀ ਉਸ ਨੇ ਆਪਣੇ ਮਹਲਾਂ ਦੇ ਸਾਹਮਣੇ ਕਤਲ ਕੀਤਾ ਤਾਂ ਜੋ ਸਭ ਜ਼ਿੰਮੀਆਂ ਨੂ ( ਅਰਥਾਤ ਹਿੰਦੂਆਂ ਨੂੰ ਜੋ ਆਪਣੀ ਜ਼ਿੰਦਗੀ ਬਦਲੇ ਜਜ਼ੀਆ ਅਰਥਾਤ ਡੰਨ ਭਰਦੇ ਸਨ) ਇਹ ਪਤਾ ਲਗ ਜਾਵੇ ਕਿ ਮੁਸਲਮਾਨੀ ਰਾਜ ਵਿਚ ਕੋਈ ਹਿੰਦੂ ਅਜਿਹੀ ਸ਼ੈਤਾਨੀ ਭਰੀ ਕਰਤੂਤ ਨਹੀ ਕਰ ਸਕਦਾ।[2]

ਤੁਗ਼ਲਕਾਂ ਮਗਰੋਂ ਸੱਯਦ ਤੇ ਫਿਰ ਲੋਧੀ ਆਏ। ਉਹ ਸਾਰੇ ਹੀ ਮਜ਼੍ਹਬੀ ਈਰਖਾ ਨਾਲ ਭਰੇ ਹੋਏ ਸਨ। "ਉਨ੍ਹਾਂ ਦੀ ਹਕੂਮਤ ਦੇ ਸਮੇਂ ਵਿਚ ਵੀ ਖ਼ੂਨ ਖਰਾਬੇ, ਜ਼ੁਲਮ ਅਤੇ ਦਰੋਗ਼ਬਾਜ਼ੀ ਦੀਆਂ ਝਾਕੀਆਂ ਤੋਂ ਬਿਨਾਂ ਹੋਰ ਕੁਛ ਘਟ ਵੱਧ ਹੀ ਮਿਲਦਾ ਹੈ. ..."

ਸਿਕੰਦਰ ਲੋਧੀ - ਇਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ । ਉਸ ਸਮੇਂ ਦਿੱਲੀ ਦਾ ਸੁਲਤਾਨ ਬਹਿਲੋਲ ਲੋਧੀ ਸੀ ਜਿਸ ਨੇ 1450 ਈ. ਤੋਂ 1488 ਤਕ ਰਾਜ ਕੀਤਾ। ਜਿਸ ਸਮੇਂ ਗੁਰੂ ਜੀ ਜਵਾਨ ਹੋਏ ਉਦੋਂ ਨੂੰ ਸਿਕੰਦਰ ਲੋਧੀ ਸੁਲਤਾਨ ਬਣ ਚੁਕਿਆ ਸੀ । ਉਸ ਨੇ 1488 ਤੋਂ 1517 ਈ. ਤਕ ਰਾਜ ਕਮਾਇਆ। ਉਹਦੇ ਸਮੇਂ ਰਾਜ ਪ੍ਰਬੰਧ ਪੂਰੀ ਤਰ੍ਹਾਂ

---

1. ਮਕਾਲਿਫ਼ ਸਾਹਿਬ ਦੇ 'ਸਿਖ ਧਰਮ' ਵਿਚੋਂ

2. ਵੀ. ਏ. ਸਮਿਥ, -ਇੰਡੀਅਨ ਇਨ ਮੁਸਲਿਮ ਪੀਰੀਅਡ, ਪੰਨਾ 250

3. ਵੀ. ਏ. ਸਮਿਥ, - ਇੰਡੀਅਨ ਇਨ ਮੁਸਲਿਮ ਪੀਰੀਅਡ, ਪੰਨਾ 250.

"ਸ਼ੁਰਈ ਹੋ ਗਿਆ ਅਤੇ ਸਰਕਾਰੀ ਤੌਰ ਪੁਰ ਹਿੰਦੂ ਪਰਜਾ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਗਿਆ"[1] "ਉਹ ਪੱਕਾ ਮੁਸਲਮਾਨ ਸੀ ਅਤੇ ਉਸ ਨੇ ਹਿੰਦੂ ਮੰਦਰਾਂ ਨੂੰ ਢਾਹਣ ਦਾ ਪ੍ਰਣ ਕਰ ਲਿਆ ਸੀ। ਜਦ ਇਕ ਪ੍ਰਮਾਤਮਾ ਨੇ ਇਹ ਕਿਹਾ ਕਿ ਬਾਦਸ਼ਾਹ ਨੂੰ ਪਰਜਾ ਦੇ ਧਰਮ ਵਿਚ ਦਖ਼ਲ ਨਹੀ ਦੇਣਾ ਚਾਹੀਦਾ ਤਾਂ ਸਿਕੰਦਰ ਨੇ ਤਲਵਾਰ ਧੂਹ ਕੇ ਉਸ ਨੂੰ ਕਿਹਾ - "ਕੰਮਬਖ਼ਤਾ ਕੀ ਤੂੰ ਇਹ ਕਹਿੰਦਾ ਏਂਕਿ ਹਿੰਦੂ ਧਰਮ ਠੀਕ ਹੈ?" ਉਸ ਨੇ ਲਖਨਊ ਦੇ ਸੂਬੇ (ਹਾਕਮ) ਅਹਿਮਦ ਖ਼ਾਨ ਨੂੰ ਇਸ ਕਰਕੇ ਕੈਦ ਕਰ ਦਿੱਤਾ ਕਿ ਉਸ ਨੇ ਹਿੰਦੂਆਂ ਇਖ਼ਲਾਕੀ ਗੁਣ ਵੇਖ ਕੇ ਉਨ੍ਹਾਂ ਪੁਰ ਜਬਰ ਕਰਨਾ ਛੱਡ ਦਿੱਤਾ ਸੀ। ਇਸ ਸਬੰਧ ਵਿਚ ਐਲਫਿਨਸਟਨ ਇਉਂ ਲਿਖਦਾ ਹੈ -

"ਉਹ ਥੋੜ੍ਹੇ ਜਿਹੇ ਉਨ੍ਹਾਂ ਹਠਧਰਮੀਆਂ ਵਿਚੋਂ ਸੀ ਜਿਹੜਾ ਕਿ ਹਿੰਦੁਸਤਾਨ ਦੇ ਤਖਤ ਪੁਰ ਬੈਠੇ। ਜਿਹੜੇ ਸ਼ਹਿਰ ਤੇ ਕਿਲ੍ਹੇ ਉਸ ਨੇ ਹਿੰਦੂਆਂ ਤੋਂ ਖੋਹੇ ਉਸ ਨੇ ਉਨ੍ਹਾਂ ਵਿਚਲੇ ਮੰਦਰ ਸਭ ਢਾਹ ਦਿੱਤੇ। ਉਸ ਨੇ ਆਪਣੇ ਰਾਜ ਵਿਚ ਹਿੰਦੂਆਂ ਨੂੰ ਤੀਰਥ ਯਾਤਰਾ ਕਰਨੋ ਅਤੇ ਕਈਆਂ ਹਿੰਦੂ ਤਿਉਹਾਰਾਂ ਸਮੇਂ ਪਵਿੱਤਰ ਦਰਿਆਵਾਂ ਵਿਚ ਇਸ਼ਨਾਨ ਕਰਨੋ ਵਰਜ ਛਡਿਆ ਸੀ। ਇਕ ਵਾਰ ਉਸ ਨੇ ਆਪਣੇ ਮਜ਼ਹਬੀ ਜੋਸ਼ ਨੂੰ ਬੇਇਨਸਾਫੀ ਤੇ ਬੇਰਹਿਮੀ ਦੀ ਹੱਦ ਤੀਕ ਪਹੁੰਚਾ ਦਿੱਤਾ। ਇਕ ਬ੍ਰਾਹਮਣ ਇਹ ਪਰਚਾਰ ਕਰਦਾ ਸੀ ਕਿ ਸਭ ਧਰਮ ਜੇ ਉਨ੍ਹਾਂ ਪੁਰ ਸੱਚੇ ਦਿਲੋਂ ਤੁਰਿਆ ਜਾਵੇ ਰੱਬ ਦੀਆਂ ਨਜ਼ਰਾਂ ਵਿਚ ਇਕੋ ਜਿਹੇ ਪ੍ਰਵਾਨ ਹਨ। ਉਸ ਨੇ ਉਸ ਬ੍ਰਾਹਮਣ ਨੂੰ ਆਪਣੇ ਰਬਰੂ ਸੱਦ ਕੇ ਹੁਕਮ ਦਿੱਤਾ ਤਾਂ ਕਿ ਬਾਰ੍ਹਾਂ ਕਾਜ਼ੀਆਂ ਨਾਲ ਆਪਣੀ ਇਸ ਰਾਇ ਪੁਰ ਚਰਚਾ ਕਰੇ। ਜਦ ਬਹੁਤ ਦਲੀਲ ਬਾਜ਼ੀ ਹੋ ਚੁਕੀ ਤੇ ਕਾਜ਼ੀਆਂ ਨੇ ਕਿਹਾ- "ਇਹ ਕਾਫ਼ਰ ਇਹ ਦਾਹਵਾ ਕਰਦਾ ਹੈ ਕਿ ਹਿੰਦੂਆਂ ਦਾ ਰੱਬ ਨੂੰ ਪੂਜਣ ਦਾ ਤਰੀਕਾ ਰੱਬ ਨੂੰ ਉਤਨਾ ਹੀ ਪ੍ਰਵਾਨ ਹੈ ਜਿਤਨਾ ਇਸਲਾਮੀ ਸੱਚਾ ਧਰਮ। ਇਸ ਅਪਰਾਧ ਦਾ ਸਿਲ੍ਹਾ ਇਸ ਨੂੰ ਇਹ ਮਿਲਣਾ ਚਾਹੀਦਾ ਹੈ ਕਿ ਜਾਂ ਤਾਂ ਇਹ ਕਲਮਾ ਪੜ੍ਹ ਕੇ ਸੱਚੇ ਧਰਮ ਵਿਚ ਸ਼ਾਮਿਲ ਹੋ ਜਾਵੇ ਨਹੀ ਤਾਂ ਇਸ ਨੂੰ ਕਤਲ ਕੀਤਾ ਜਾਵੇ।"[2]

---

1. ਈਸ਼ਵਰੀ ਪ੍ਰਸ਼ਾਦ , ਪੰਨਾ 281.

2. ਹਿਸਟਰੀ ਆਫ਼ ਇੰਡੀਅਨ - ਪੰਨਾ 410

ਜਦ ਉਸ ਨੇ ਆਪਣੇ ਸਹਿਨਸ਼ੀਲਤਾ ਭਰੇ ਖੁਲ੍ਹ-ਦਿਲੇ ਅਸੂਲ ਛਡਣੋਂ ਨਾਂਹ ਕਰ ਦਿੱਤੀ ਤਾਂ ਉਸ ਨੂੰ ਜਾਨੋ ਮਾਰ ਦਿੱਤਾ। "

ਸਿਕੰਦਰ ਲੋਧੀ ਜਿਹੇ "ਵਹਿਸ਼ੀ ਹਠ ਧਰਮੀ" ਦੇ ਸਮੇਂ ਵੀ ਗੁਰੂ ਨਾਨਕ ਦੇਵ ਜੀ ਨੇ ਆਪ-ਹੁਦਰੇ ਗੈਰ ਜ਼ਿੰਮੇਵਾਰ ਹਾਕਮਾਂ ਦੇ ਜ਼ੁਲਮ ਵਿਰੁਧ ਅਤੇ ਇਸਲਾਮ ਤੇ ਹਿੰਦੂ ਧਰਮ ਦੇ ਭੈੜੇ ਰਵਾਜਾਂ ਤੇ ਤਰੀਕਿਆਂ ਵਿਰੁਧ ਜਹਾਦ ਸ਼ੁਰੂ ਕੀਤਾ ਤੇ ਡੰਕੇ ਦੀ ਚੋਟ ਨਾਲ ਵੰਗਾਰ ਕੇ ਕਿਹਾ ਕਿ ਸਭ ਮਨੁੱਖ ਇਕ ਪਿਤਾ ਦੇ ਪੁੱਤਰ ਹਨ।

ਇਕ ਮੁਸਲਮਾਨ ਲਿਖਾਰੀ ਦੀ ਲਿਖਤ ਦੇ ਆਧਾਰ ਪੁਰ ਇਹ ਦਸਿਆ ਜਾ ਚੁਕਾ ਹੈ ਕਿ ਇਹ ਮਜ਼੍ਹਬੀ ਜਨੂੰਨ ਅਤੇ ਲੁਟ ਮਾਰ ਤੇ ਵਿਸ਼ੱਈ ਭੋਗ ਦੇ ਲਾਲਚੋਂ ਕਰਕੇ ਹੀ ਮੁਸਲਮਾਨਾਂ ਨੇ ਹਿੰਦੁਸਤਾਨ ਪੁਰ ਹੱਲਾ ਕੀਤਾ ਸੀ। ਜਦ ਇਥੇ ਉਨ੍ਹਾਂ ਦਾ ਰਾਜ ਕਾਇਮ ਹੋ ਗਿਆ ਤਾਂ ਉਨ੍ਹਾਂ ਨੇ ਹਿੰਦੂਆਂ ਨੂੰ ਬਦੋ ਬਦੀ ਮੁਸਲਮਾਨ ਬਨਾਉਣਾ ਆਪਣੇ ਰਾਜ ਦਾ ਮੁਖ ਮੰਤਵ ਬਣਾ ਲਿਆ ਇਸ 'ਪਵਿੱਤਰ' ਕਾਰਜ ਦੀ ਸਿੱਧੀ ਵਾਸਤੇ ਸਭ ਢੰਗ ਤੇ ਤਰੀਕੇ, ਭਾਵੇਂ ਉਹ ਕਿੰਨੇ ਵੀ ਅਪਵਿੱਤਰ ਕਿਉਂ ਨ ਹੋਣ, ਯੋਗ ਸਮਝੇ ਜਾਂਦੇ ਸਨ। ਹਿੰਦੂਆਂ ਨੂੰ ਆਪਣਾ ਧਰਮ ਛੱਡਣ ਲਈ ਮਜ਼ਬੂਰ ਕਰਨ ਦੀ ਖ਼ਾਤਰ ਉਨ੍ਹਾਂ ਨੂੰ ਹਰ ਤਰ੍ਹਾਂ ਤੰਗ ਤੇ ਦੁਖੀ ਕੀਤਾ ਜਾਂਦਾ ਸੀ, ਲਾਲਚ ਦਿਤੇ ਜਾਂਦੇ ਸਨ ਰਾਜਸੀ ਤੇ ਆਰਥਕ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਹੋਰ ਭੀ ਹਰ ਪ੍ਰਕਾਰ ਦੇ ਢੰਗ ਵਰਤੇ ਜਾਂਦੇ ਸਨ। ਇਸਲਾਮ ਰਾਜ ਦੇ ਅਸੂਲਾਂ ਅਨੁਸਾਰ ਮੁਸਲਮਾਨੀ ਰਾਜ ਵਿਚ ਹਿੰਦੂਆਂ ਲਈ ਕੋਈ ਥਾਂ ਨਹੀਂ। ਅਲਾਹ ਪਾਕ ਸੰਸਾਰ ਦੇ ਵਾਹਦ ਤੇ ਬੇਸ਼ਰੀਕ ਹਾਕਮ ਹੈ। ਮੁਸਲਮਾਨ ਬਾਦਸ਼ਾਹ ਅਲਾਹ ਦਾ ਪ੍ਰਤੀਨਿਧ ਹਾਕਮ ਹੈ। ਇਸ ਕਰਕੇ ਉਸ ਦਾ ਫਰਜ਼, ਕਿ ਹਜ਼ਰਤ ਮੁਹੰਮਦ ਸਾਹਿਬ ਦੇ ਚਲਾਏ ਹੋਏ ਸੱਚੇ ਦੀਨ ਦਾ ਹਰ ਸੰਭਵ ਤਰੀਕੇ ਨਾਲ ਵਾਧਾ ਕਰੇ। ਹੋਰ ਸਾਰੇ ਧਰਮ ਝੂਠੇ ਹਨ ਅਤੇ ਕਾਇਮ ਰਹਿਣ ਦੇਣ ਦੇ ਲਾਇਕ ਨਹੀਂ। ਇਸਲਾਮ ਤੋਂ ਇਨਕਾਰੀ ਹੋਣ ਦੀ ਕਿਸੇ ਨੂੰ ਆਗਿਆ ਨਹੀਂ ਦਿਤੀ ਜਾ ਸਕਦੀ। ਮੋਮਨ ਨੂੰ ਇਹ ਹੁਕਮ ਹੈ ਕਿ ਜਿਥੇ ਕਿਤੇ ਕਾਫ਼ਰ ਮਿਲਣ ਉਨ੍ਹਾਂ ਨੂੰ ਜਾਂ ਕਲਮਾ ਪੜ੍ਹਾਏ ਜਾਂ ਉਨ੍ਹਾਂ ਦੀ ਅਲਖ ਮੁਕਾਏ *

---

* ਜਦੋਂ ਚਾਰ ਮਹੀਨੇ ਲੰਘ ਜਾਣ, ਉਨ੍ਹਾਂ ਨੂੰ ਮਾਰ ਦਿਉ ਜਿਹੜੇ ਰੱਬ ਦੇ ਸ਼ਰੀਕ ਹੋਰ ਦੇਵਤੇ ਮੰਨਦੇ ਹਨ, ਜਿਥੇ ਭੀ ਮਿਲਣ ਮਾਰੋ। .......ਪਰ ਜੇ ਉਹ ਕੁਫ਼ਰ ਛਡ ਕੇ ਦੀਨ ਮੰਨ ਲੈਣ ਤਾਂ ਉਨ੍ਹਾਂ ਨੂੰ ਜਾਣ ਦਿਓ। ਕਾਫ਼ਰਾਂ ਨੂੰ ਕਹੋ, "ਜੇ ਕੁਫ਼ਰ ਛਡ ਦਿਓ ਤਾਂ ਪਿਛਲੀ ਕੀਤੀ ਤੁਹਾਨੂੰ ਮੁਆਫ਼ ਕੀਤੀ ਜਾਵੇਗੀ।" ਪਰ ਜੇ ਉਹ ਫਿਰ ਕੁਫ਼ਰ ਵਲ ਹੀ ਮੁੜ ਪੈਣ ਤਾਂ ਉਨ੍ਹਾਂ ਦੇ ਵਿਰੁਧ ਲੜੋ ਅਤੇ ਉਦੋਂ ਤੀਕ ਲੜਦੇ ਰਹੋ ਜਦ ਤੀਕ ਲੜਾਈ ਝਗੜਾ ਸਭ ਮੁਕ ਨਾ ਜਾਵੇ ਅਤੇ ਸਭ ਥਾਂ ਇਸਲਾਮ ਨ ਫੈਲ ਜਾਵੇ। (ਕੁਰਾਨ ਸ਼ਰੀਫ -8,9.)

ਇਸਲਾਮ ਰਾਜ ਵਿਚ ਜੀਉਂਦੇ ਰਹਿਣ ਦਾ ਉਨ੍ਹਾਂ ਦਾ ਕੋਈ ਹੱਕ ਨਹੀ। ਪਰ ਜੇ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਸ ਕਰਨਾ ਜਾਂ ਸਾਰਿਆਂ ਨੂੰ ਇਸਲਾਮ ਵਿਚ ਲਿਆਉਣਾ ਅਸੰਭਵ ਜਾਂ ਮੁਸ਼ਕਲ ਹੋਵੇ, ਤਾਂ ਉਨ੍ਹਾਂ ਨੂੰ ਇਕ ਜ਼ਰੂਰੀ ਬੁਰਾਈ ਸਮਝ ਕੇ ਰਹਿਣ ਦਿਤਾ ਜਾ ਸਕਦਾ ਹੈ, ਪਰ ਜਾਨ ਬਖਸ਼ੀ ਬਦਲੇ ਉਨ੍ਹਾਂ ਨੂੰ ਜਜ਼ੀਆ (ਡੰਨ) ਭਰਨਾ ਪੈਂਦਾ ਹੈ ਅਤੇ ਉਨ੍ਹਾਂ ਲਈ ਜ਼ਰੂਰੀ ਹੈ ਕਿ ਮਾਤਹਿਤ ਕੌਮ ਵਾਕੁਰ ਨਿਮਰਤਾਈਆਂ ਅਤੇ ਸਤਿਕਾਰ ਭਰੇ ਤਰੀਕੇ ਨਾਲ ਦਿਨ ਕਟੀ ਕਰਨ। *

ਇਸ ਪਾਲਿਸੀ ਨੇ 'ਜਿਸਦੀ ਅਲਾਹ ਪਾਕ ਵਲੋਂ ਪ੍ਰਵਾਨਗੀ ਸੀ, ਉਨ੍ਹਾਂ ਸਭ ਲੋਕਾਂ ਦੇ ਲੋਭ ਤੇ ਵਿਸ਼ੈਈ ਚੇਸ਼ਟਾਵਾਂ ਨੂੰ ਖੁਲ੍ਹ ਦੇ ਦਿਤੀ ਜਿਨ੍ਹਾਂ ਦੇ ਹੱਥਾਂ ਵਿਚ ਪਰਜਾ ਪਰ ਕੁਝ ਤਾਕਤ ਤੇ ਇਖ਼ਤਿਆਰ ਪ੍ਰਾਪਤ ਸਨ । ਨਿੱਕੇ ਵੱਡੇ ਸਾਰੇ ਹੀ ਆਪਣਾ ਇਸਲਾਮੀ ਜੋਸ਼ ਪ੍ਰਗਟ ਕਰਨ ਵਿਚ ਇਕ ਦੂਜੇ ਤੋਂ ਵੱਧ ਚੜ੍ਹ ਕੇ ਜਤਨ ਕਰਨ ਦੀ ਕੋਸ਼ਿਸ਼ ਕਰਦੇ ਸਨ, ਕਿਉਂਕਿ ਅਜਿਹੇ ਉਦਮ ਨਾਲ ਉਨ੍ਹਾਂ ਨੂੰ ਕੇਵਲ ਇਸ ਜਗਤ ਵਿਚ ਮਨ-ਮਰਜ਼ੀਆਂ ਦੀਆਂ ਮੌਜਾਂ ਕਰਨ ਦਾ ਮੌਕਿਆ ਮਿਲਦਾ ਸੀ, ਸਗੋਂ ਨਾਲ ਹੀ ਬਹਿਸ਼ਤਾਂ ਵਿਚ ਵੀ ਸਦੀਵੀ ਰੰਗ ਮਾਣਨ ਦੇ ਇਕਰਾਰ ਭੀ ਮਿਲਦੇ ਸਨ। ਰਾਜ ਵਿਚ ਹਿੰਦੂ ਜ਼ਿਮੀਆਂ ਦਾ (ਜਿਨ੍ਹਾਂ ਨੂੰ ਉਨ੍ਹਾਂ ਦੀ ਜਾਨ ਬਖਸ਼ੀ ਬਦਲੇ ਜਜ਼ੀਆ ਦੇਣਾ ਪੈਂਦਾ ਸੀ) ਕੀ ਹਾਲ ਹੁੰਦਾ ਹੋਵੇਗਾ।

ਸੱਯਦ ਮੁਹੰਮਦ ਲਤੀਫ ਲਿਖਦਾ ਹੈ - "ਉਨ੍ਹਾਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰੇ ਬੜੀ ਡੂੰਘੀ ਨਫ਼ਰਤ ਮੌਜੂਦ ਸੀ ਅਤੇ ਸਾਰੀ ਗੈਰ-ਮੁਸਲਮਾਨ ਪਰਜਾ ਨੂੰ ਮੁਸਲਮਾਨ ਹਾਕਮਾਂ ਵਲੋਂ ਤੰਗੀਆਂ ਦਿੱਤੀਆਂ ਜਾਂਦੀਆਂ ਸਨ।"**

---

*. ਅਰਬ ਦੇਸ ਤੋਂ ਬਾਹਰ ਕਾਫ਼ਰਾਂ ਬਾਬਤ ਸ਼ੁਫ਼ੀ ਦਾ ਖ਼ਿਆਲ ਹੈ ਕਿ ਸ਼ਰਹ ਅਨੁਸਾਰ ਉਹ ਭੀ ਮਾਰੇ ਜਾਣ ਦੇ ਲਾਇਕ ਹਨ; ਪਰ ਬਾਕੀ ਦੇ ਇਮਾਮ ਕਹਿੰਦੇ ਹਨ ਕਿ ਅਜਿਹੀਆਂ ਨੂੰ ਗੁਲਾਮ (ਨਫ਼ਰ) ਬਣਾਉਣ ਦੀ ਸ਼ਰਹ ਵਿਚ ਖੁਲ੍ਹ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਮੌਕਿਆ ਦਿੱਤਾ ਜਾਂਦਾ ਹੈ ਜਿਸ ਵਿਚ ਅੱਲਾਹ ਦੇ ਫਜ਼ਲ ਨਾਲ ਉਹ ਸਿਧੇ ਰਾਹ ਪੈ ਜਾਣ ਪਰ ਨਾਲ ਹੀ ਉਨ੍ਹਾਂ ਦੇ ਸਰੀਰ ਤੇ ਮਾਲ ਧਨ ਸਭ ਇਸਲਾਮ ਦੀ ਬਿਹਤਰੀ ਵਾਸਤੇ ਵਰਤੇ ਜਾਣ ਦੇ ਲਾਇਕ ਹੋ ਜਾਂਦੇ ਹਨ। (ਇਊਜ਼,ਇਸਲਾਮੀ ਮਹਾਂ ਕੋਸ਼ ਪੰਨਾ 710.)

** ਹਿਸਟਰੀ ਆਫ਼ ਦੀ ਪੰਜਾਬ, ਪੰਨਾ 33.

ਨਤੀਜਾ ਇਹ ਹੋਇਆ ਕਿ ਚਾਰ ਚੁਫੇਰੇ ਪਾਪ ਤੇ ਅਤਿਆਚਾਰ ਦਾ ਸ਼ੋਰ ਮੱਚ ਗਿਆ। ਰਾਜੇ ਤੇ ਪਰਜਾ ਜ਼ੁਲਮ ਕਰਨ ਵਾਲੇ ਤੇ ਜ਼ੁਲਮ ਸਹਿਣ ਵਾਲੇ ਸਭ ਹੀ ਇਖ਼ਲਾਕੀ ਗਿਰਾਵਟ ਵਿਚ ਫਸੇ ਹੋਏ ਸਨ।

"ਕਰਾਮਾਤਾਂ ਦੀ ਗਿਣਤੀ ਵਿਚ ਪੀਰ ਤੇ ਸ਼ਹੀਦ, ਸ੍ਰੀ ਕ੍ਰਿਸ਼ਨ ਤੇ ਭੈਰੋ ਦੇ ਬਰਾਬਰ ਹੋ ਗਏ ਅਤੇ ਜਿਨ੍ਹਾਂ ਅਣਗਿਣਤ ਹਸਤੀਆਂ ਨੂੰ ਰੱਬ ਦੀ ਦਰਗਾਹੇ ਮੁਸਲਮਾਨਾਂ ਦੀ ਸਫਾਰਸ਼ ਕਰਨ ਯੋਗ ਮੰਨਿਆ ਗਿਆ ਸੀ ਉਨ੍ਹਾਂ ਦੀ ਪੂਜਾ ਵਿਚ ਫਸ ਕੇ ਮੁਸਲਮਾਨ ਨੂੰ ਰੱਬ ਦੇ ਇਕ ਹੋਣ ਦਾ ਮਸਲਾ ਭੁਲ ਹੀ ਗਿਆ।" * ਸਹਿਜੇ ਸਹਿਜੇ ਮੁਸਲਮਾਨ ਧਾਰਮਕ ਆਗੂਆਂ, ਸ਼ੇਖਾਂ, ਸੱਯਦਾਂ, ਮੁੱਲਾਂ ਤੇ ਫਕੀਰਾਂ ਦਾ ਭਰੋਸਾ ਭਰੇ ਮੁਸਲਮਾਨਾਂ ਦੇ ਹਿਰਦਿਆਂ ਪੁਰ ਉਤਨਾ ਹੀ ਠੱਪਾ ਬਹਿ ਗਿਆ ਜਿਤਨਾ ਕਿ ਬ੍ਰਾਹਮਣਾਂ ਪੰਡਤਾਂ ਤੇ ਸਾਧੂਆਂ ਦਾ ਹਿੰਦੂਆਂ ਪੁਰ ਸੀ। ਭੋਲੀ ਭਾਲੀ ਮੁਸਲਮਾਨ ਜਨਤਾ ਦੇ ਦਿਲਾਂ ਪੁਰ ਇਸ ਠੱਪੇ ਨੂੰ ਪੱਕਿਆਂ ਕਰਨ ਦੀ ਖ਼ਾਤਰ ਹਿੰਦੂਆਂ ਦੀ ਰੀਸੇ ਜਾਦੂ ਟੂਣਿਆਂ ਤੇ ਤੰਤਾਂ ਦੀ ਖੁਲ੍ਹੀ ਤਰ੍ਹਾਂ ਵਰਤੋਂ ਕੀਤੀ ਜਾਂਦੀ ਸੀ। ਮੁਸਲਮਾਨ ਜਨਤਾ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਅਸਲੀ ਉਪਦੇਸ਼ਾਂ ਦੀ ਬਹੁਤ ਘੱਟ ਸਮਝ ਪੈਂਦੀ ਸੀ। ਮੌਲਵੀਆਂ ਨੂੰ ਚਾਹੀਦਾ ਸੀ ਕਿ ਉਹ ਜਨਤਾ ਨੂੰ ਅਸਲੀ ਅਰਥਾਂ ਤੋਂ ਗਿਆਤ ਕਰਦੇ, ਪਰ ਉਹ ਸਗੋਂ ਲੋਕਾਂ ਦਾ ਧਿਆਨ ਗ਼ੈਰ-ਜ਼ਰੂਰੀ ਗੱਲਾਂ ਵਲ ਲਿਜਾ ਕੇ ਉਨ੍ਹਾਂ ਉਪਰ ਦਬਾਅ ਕਾਇਮ ਰਖਣਾ ਚਾਹੁੰਦੇ ਸਨ। ਇਸ ਕਰਕੇ ਹਿੰਦੂ ਗਵਾਂਢੀਆਂ ਵਾਂਗੂ ਬਹੁਤ ਸਾਰੇ ਮੁਸਲਮਾਨਾਂ ਲਈ ਉਨ੍ਹਾਂ ਧਰਮ ਕੇਵਲ ਬਾਹਰ ਦੇ ਦਿਖਾਵੇ, ਰਸਮਾਂ ਤੇ ਜ਼ਾਹਰਕਾਰੀ ਪੂਜੇ ਦੇ ਤੁਲ ਹੀ ਸੀ।

ਹਿੰਦੂ ਖਾਸ ਕਰਕੇ ਧਾਰਮਕ ਬੰਦੇ ਤੁਰੇ ਆਏ ਹਨ। ਭਾਰਤ ਕਈ ਧਰਮਾਂ ਅਤੇ ਕਈ ਧਾਰਮਕ ਫਲਸਫਿਆਂ ਦੀ ਜਨਮ ਭੂਮੀ ਹੈ। ਉਹ ਪੁਰਾਤਨ ਸਮੇਂ ਜਦ ਕਿ ਬਾਕੀ ਦੀ ਦੁਨੀਆਂ ਵਹਿਸ਼ੀ ਜਾਂ ਜਾਂਗਲੀ ਹਾਲਤ ਵਿਚ ਸੀ ਹਿੰਦੂਆਂ ਨੂੰ ਭਾਰਤ ਦੀ ਉੱਚੇ ਦਰਜੇ ਦੀ ਸਭਿਅਤਾ ਦਾ ਮਾਣ ਪ੍ਰਾਪਤ ਸੀ। ਪਰ ਮੰਦ ਭਾਗਾਂ ਨੂੰ ਹਿੰਦੂ ਬਰਾਦਰੀ ਪੁਰਾਤਨ ਸਮੇਂ ਹੀ ਗਲਤ ਰਾਹੇ ਪੈ ਗਈ। ਹਿੰਦੂ ਵਿਦਵਾਨਾਂ, ਬ੍ਰਾਹਮਣਾਂ ਨੇ - ਇਕ ਅਨੋਖੀ 'ਕੰਮ ਦੀ ਵੰਡ' ਦੀ ਵਿਉਂਤ ਸੋਚੀ। ਆਪਣੇ ਲਈ ਕਾਫੀ ਵਿਹਲ ਦਾ ਪ੍ਰਬੰਧ ਕਰਨ ਦੇ ਖ਼ਿਆਲ ਨਾਲ ਉਨ੍ਹਾਂ ਵਰਨ-ਆਸ਼ਰਮ ਧਰਮ ਦੀ ਘਾੜਤ ਘੜੀ। ਹੋਰ ਸਖ਼ਤ ਤੇ ਖਤਰੇ ਭਰੇ ਕੰਮ ਹੋਰਾਂ ਨੂੰ ਸੌਂਪ ਦਿਤੇ।

---

* ਹਿਸਟਰੀ ਆਫ਼ ਦੀ ਪੰਜਾਬ, ਪੰਨਾ 240.

ਬ੍ਰਾਹਮਣਾਂ ਨੇ ਆਪਣੇ ਜ਼ਿੰਮੇ ਇਹ ਕੰਮ ਲਿਆ ਕਿ ਉਹ ਜੋਧਿਆਂ, ਕਿਰਤੀਆਂ, ਕਿਸਾਨਾਂ ਅਤੇ ਕਮੀਆਂ ਦੀ ਥਾਂ ਅਤੇ ਉਨ੍ਹਾਂ ਵਲੋਂ ਅਰਦਾਸਾਂ ਤੇ ਪੂਜਾ ਕਰਿਆ ਕਰਨਗੇ। ਜਿਹੜਾ ਵਿਹਲ ਉਨਾਂ ਨੂੰ ਇਸ ਤਰ੍ਹਾਂ ਮਿਲਿਆ ਉਸ ਨੂੰ ਉਨ੍ਹਾਂ ਨੇ ਪੂਜਾ ਦੀਆਂ ਅਜਿਹੀਆਂ ਗੁੰਝਲਦਾਰ ਰਸਮਾਂ ਘੜਨ ਵਿਚ ਖਰਚ ਕੀਤਾ ਜੋ ਕਿ ਉਨ੍ਹਾਂ ਤੋਂ ਬਿਨਾਂ ਹੋਰ ਕੋਈ ਅਦਾ ਹੀ ਨਾ ਕਰ ਸਕੇ। ਇਸ ਨਾਲ ਜਨਤਾ ਪੂਜਾ ਦੇ ਹੱਕ ਤੋਂ ਵਾਂਜੀ ਗਈ। ਰੱਬ ਉਨ੍ਹਾਂ ਲਈ ਨਹੀਂ ਸੀ, ਧਰਮ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਸੀ, ਉਨ੍ਹਾਂ ਨੂੰ ਮੰਦਰ ਤੇ ਠਾਕਰਾਂ ਦੇ ਨੇੜੇ ਜਾਣ ਦੀ ਖੁਲ੍ਹ ਨਹੀਂ ਸੀ ਇਨ੍ਹਾਂ ਬਦਨਸੀਬ ਬੰਦਿਆਂ ਵਿਚੋਂ ਜੇ ਕੋਈ ਇਨ੍ਹਾਂ ਨੇਮਾਂ ਦੀ ਉਲੰਘਣਾ ਕਰਦਾ ਸੀ ਤਾਂ ਉਸ ਨੂੰ ਸਖਤ ਸਜ਼ਾ ਮਿਲਦੀ ਸੀ। ਉਨ੍ਹਾਂ ਨੂੰ ਵਡੀਆਂ ਜਾਤਾਂ ਦੀ ਸੇਵਾ ਕਰਨ ਪੁਰ ਹੀ ਸੰਤੁਸ਼ਟ ਰਹਿਣਾ ਪੈਂਦਾ ਸੀ। ਉਨ੍ਹਾਂ ਦਾ ਪਰਛਾਵਾਂ ਪੈਣ ਨਾਲ ਉੱਚੀਆਂ ਜਾਤਾਂ ਵਾਲੇ ਭਿੱਟ ਜਾਂਦੇ ਸਨ। ਸ਼ੂਦਰਾਂ ਵਿਚਾਰਿਆਂ ਦੀ ਅਜਿਹੀ ਭੈੜੀ ਦਸ਼ਾ ਸੀ। ਵੈਸ਼ਾਂ ਦੀ ਹਾਲਤ ਜ਼ਰਾ ਕੁ ਚੰਗੇਰੀ ਸੀ। ਉਨ੍ਹਾਂ ਨੂੰ ਭੀ [illegible]ਰਨਾ ਦੀ ਖ਼ਾਤਰ ਮਿਹਨਤ ਕਰਨੀ ਤੇ ਜ਼ਫਰ ਜਾਲਣੇ ਪੈਂਦੇ ਸਨ। ਉਨ੍ਹਾਂ ਨੂੰ ਵੀ ਧਾਰਮਕ ਗ੍ਰੰਥ ਪੜ੍ਹਨ ਦੀ ਆਗਿਆ ਨਹੀਂ ਸੀ। ਇਸ ਕੰਮ ਦੀ ਥਾਂ ਬ੍ਰਾਹਮਣ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਧਰਮ ਨੀਵੀਂ ਤੋਂ ਨੀਵੀਂ ਹਾਲਤ ਤਕ ਪੁਜ ਚੁਕਿਆ ਸੀ। ਇਸ ਧਰਮ ਦੀ ਅਸਲੀ ਰੂਹ ਮਰ ਚੁੱਕੀ ਸੀ ਤੇ ਇਸ ਦੀ ਥਾਂ ਸਹਿਜੇ ਸਹਿਜੇ ਬ੍ਰਾਹਮਣਾਂ ਦੀਆਂ ਰਚੀਆਂ ਹੋਈਆਂ ਧਾਰਮਕ ਰਸਮਾਂ ਤੇ ਪੂਜਾ ਦੇ ਤਰੀਕਿਆਂ ਨੇ ਲੈ ਲਈ ਸੀ। ਧਰਮ ਇਕ ਮਖੌਲ ਬਣ ਚੁਕਿਆ ਸੀ - "ਖ਼ਾਸ ਤਰੀਕਿਆਂ ਨਾਲ ਇਸ਼ਨਾਨ ਕਰਨ, ਮੱਥੇ ਉਪਰ ਖ਼ਾਸ ਤਰ੍ਹਾਂ ਦੇ ਤਿਲਕ ਲਗਾਉਣ ਅਤੇ ਅਜਿਹੇ ਹੋਰ ਜ਼ਾਹਰਦਾਰੀ ਕੰਮਾਂ ਨੂੰ ਹੀ ਧਰਮ ਸਮਝਿਆ ਜਾਂਦਾ ਸੀ। ਜਿਥੇ ਕਿਤੇ ਬੁੱਤ ਬਚੇ ਰਹਿ ਗਏ ਸਨ ਉਨ੍ਹਾਂ ਦੀ ਪੂਜਾ, ਗੰਗਾ ਤੇ ਹੋਰ ਤੀਰਥਾਂ ਦੀ ਯਾਤਰਾ, ਜਿੱਥੇ ਕਿਤੇ ਇਸ ਦੀ ਖੁਲ੍ਹ ਸੀ, ਵਿਆਹ ਤੇਸਸਕਾਰ ਆਦਿਕ ਰਸਮਾਂ ਦਾ ਪੂਰਾ ਕਰਨਾ, ਬ੍ਰਾਹਮਣਾਂ ਦੇ ਹੁਕਮ ਤੇ ਫੈਸਲੇ ਮੰਨਣਾ ਅਤੇ ਉਨ੍ਹਾਂ ਨੂੰ ਚੰਗੀ ਚੋਖੀ ਭੇਟ ਚਾੜ੍ਹਨੀ, ਇਹ ਕੁਝ ਹੀ ਉਸ ਵੇਲੇ ਦਾ ਹਿੰਦੂ ਧਰਮ ਸਮਝਿਆ ਜਾਂਦਾ ਸੀ ਜਿਹੜਾ ਆਮ ਜਨਤਾ ਵਿਚ ਪ੍ਰਚੱਲਤ ਸੀ।"

ਸਰ ਗੋਕਲ ਚੰਦ ਨਾਰੰਗ ਅਨੁਸਾਰ ਬ੍ਰਾਹਮਣ ਆਪਣੇ ਆਪ ਨੂੰ ਹੋਰਨਾਂ ਨਾਲੋਂ ਅੱਡਰਾ ਅਤੇ ਰੱਬ ਦੀ ਖ਼ਾਸ ਨਿਵਾਜੀ ਹੋਈ ਸ਼੍ਰੇਣੀ ਸਮਝਦੇ ਸਨ। ਉਹ ਧਰਮ ਦੇ ਰਾਖੇ ਹੀ ਨਹੀਂ ਸਗੋਂ ਧਾਰਮਕ ਗਿਆਨ ਦੇ ਪ੍ਰਚਾਰ ਦਾ ਕੰਮ ਵੀ ਉਨ੍ਹਾਂ ਬਗ਼ੈਰ ਹੋਰ ਕੋਈ ਨਹੀਂ ਸੀ ਕਰ ਸਕਦਾ। ਧਾਰਮਕ ਗ੍ਰੰਥਾਂ ~~ਵਿਚ~~ ਉਨ੍ਹਾਂ ਬਿਨਾਂ ਹੋਰ ਕੋਈ ਵੀ ਨਹੀਂ ਸੀ ਪੜ੍ਹ ਸਕਦਾ। ਉਹ ਸਮਝਦੇ ਸਨ ਕਿ ਇਸ ਨੂੰ ਸਮਝਣ ਲਈ ਆਮ ਜਨਤਾ ਵਿਚ ਦਿਮਾਗ਼ੀ ਸਤਿਆ ਹੈ ਹੀ ਨਹੀਂ। ਕਈ ਧਾਰਮਕ ਪੁਸਤਕਾਂ ਬ੍ਰਾਹਮਣਾਂ ਨੂੰ ਯਾਦ ਸਨ।

ਭਾਵੇਂ ਇਹ ਹਰ ਰੋਜ਼ ਇਨ੍ਹਾਂ ਨੂੰ ਪੜ੍ਹਦੇ ਤੇ ਉਚਾਰਦੇ ਸਨ ਪਰ ਇਨ੍ਹਾਂ ਦਾ ਅਰਥ ਨਹੀਂ ਸਨ ਜਾਣਦੇ। ਅਤੇ ਨਾ ਹੀ ਉਨ੍ਹਾਂ ਦੀ ਸਿਖਿਆ ਅਨੁਸਾਰ ਉਹ ਆਪਣੇ ਆਪ ਨੂੰ ਢਾਲਦੇ ਹੀ ਸਨ। ਬਹੁਤੀ ਵਾਰ ਉਨ੍ਹਾਂ ਦੇ ਅਮਲੀ ਜੀਵਨ ਉਨ੍ਹਾਂ ਦੇ ਧਾਰਮਕ ਗ੍ਰੰਥਾਂ ਦੀ ਸਿਖਿਆ ਦੇ ਐਨ ਉਲਟ ਹੁੰਦੇ ਸਨ। ਉਹ ਇਖਲਾਕੀ ਅਤੇ ਰੂਹਾਨੀ ਦੋਵੇਂ ਤਰ੍ਹਾਂ ਡਿਗ ਚੁੱਕੇ ਸਨ। ਬ੍ਰਹਮਣ ਲੋਕ ਦਾਅਵਾ ਕਰਦੇ ਸਨ ਕਿ ਇਸ ਜਗਤ ਤੋਂ ਅਗਲੀ ਦੁਨੀਆਂ ਵਿਚ ਜੋ ਚੀਜ਼ ਘਲਣੀ ਹੋਵੇ ਉਹ ਸਾਡੇ ਸਰੀਰ ਰਾਹੀਂ ਘੱਲੀ ਜਾ ਸਕਦੀ ਹੈ ਉਹ ਦੋਹਾਂ ਜਹਾਨਾਂ ਦੇ ਵਿਚਕਾਰ ਜਹਾਜ਼ ਦਾ ਕੰਮ ਕਰਦੇ ਸਨ ਇਸ ਹੈਸੀਅਤ ਵਿਚ ਖੀਰ, ਪੂੜੇ, ਤੇ ਪੇੜੇ ਖਾਂਦੇ ਸਨ। ਇਸ ਨਾਲ ਹਿੰਦੂ ਕੌਮ ਫਿਰਕਿਆਂ ਵਿਚ ਵੰਡੀ ਗਈ ਤੇ ਧਰਮ ਹਿੰਦੂ ਬਰਾਦਰੀ ਦੇ ਪਾੜ੍ਹ ਦਾ ਵਸੀਲਾ ਬਣ ਗਿਆ ਜਿਸ ਕਾਰਨ ਹਮਲਾਵਰਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਦੇਸ਼ ਮੁਸਲਮਾਨਾਂ ਦੇ ਹਵਾਲੇ ਹੋ ਗਿਆ।ਆਜ਼ਾਦੀ ਤੇ ਸੁਤੰਤਰਤਾ ਦਾ ਖ਼ਿਆਲ ਉਨ੍ਹਾਂ ਦੇ ਦਿਲਾਂ ਵਿਚ ਕਦੇ ਰੜਿਕਿਆ ਹੀ ਨਹੀਂ ਸੀ। ਉਹ ਮੁਸਲਮਾਨਾਂ ਦੀ ਪੰਜਾਬੀ ਸਹਿਣ ਵਿਚ ਖੁਸ਼ ਸਨ ਕਿਉਂਕਿ ਇਸ ਤਰ੍ਹਾਂ ਨਾਲ ਉਹ ਆਪਣੀਆਂ ਪਦਵੀਆਂ ਤੇ ਜ਼ਮੀਨਾਂ ਦੀ ਮੌਜ ਮਾਣ ਸਕਦੇ ਸਨ।

ਬ੍ਰਾਹਮਣ ਅਤੇ ਕਸ਼ੱਤਰੀ ਜਨਤਾ ਨੂੰ ਵਿਦਿਆ ਦੇਣ ਅਤੇਉਨ੍ਹਾਂ ਦੀ ਰਖਿਆ ਕਰਨ ਦੇ ਆਪੋ ਆਪਣੇ ਫਰਜ਼ ਨਿਬਾਹੁਣੋਂ ਹੱਟ ਚੁੱਕੇ ਸਨ। ਮੁਸਲਮਾਨਾਂ ਦੇ ਹੱਲੇ ਨੇਉਨ੍ਹਾਂ ਦੇ ਹੋਸ਼ ਉਡਾ ਦਿਤੇ ਸਨ। ਇਸਲਾਮ ਦੇ ਵਾਧੇ ਲਈ ਜਿਹੜੀ ਲਹਿਰ ਮੁਸਲਮਾਨ ਹਾਕਮਾਂ ਨੇ ਚਲਾਈ ਸੀ ਉਸ ਤੋਂ ਹਿੰਦੂ ਜਨਤਾ ਘਾਬਰ ਗਈ।

ਕੁਝ ਹਿੰਦੂ ਮੁਸਲਮਾਨ ਬਣ ਗਏ ਤੇ ਕਈ ਜੋ ਮੁਸਲਮਾਨ ਬਣਾਏ ਜਾਣੋਂ ਬਚ ਗਏ ਸਨ, ਉਹ ਸਭ ਇੱਜ਼ਤ ਤੇਅਣਖ ਗੁਆ ਬੈਠੇ ਸਨ।ਜਿਨ੍ਹਾਂ ਲੋਕਾਂ ਨੂੰ ਅਜਿਹੀ ਬੇਇਜ਼ਤੀ ਅਤੇ ਗੁਲਾਮਪੁਣੇ ਦਾ ਜੀਵਨ ਪਸੰਦ ਨਹੀਂ ਸੀ ਅਤੇ ਜਿਨ੍ਹਾਂ ਦੀ ਰੁਚੀ ਧਰਮ ਵਲ ਸੀ ..... " ਉਹ ਤੰਗੀਆਂ ਤਕਲੀਫਾਂ ਤੇ ਮੌਤ ਤੋਂ ਬੱਚਣ ਦੀ ਖ਼ਾਤਰ ਜੰਗਲਾਂ ਤੇ ਰੋਹਲੇ ਥੱਲਾਂ ਦੀ ਇਕਾਂਤ ਵਿਚ ਜਾ ਬਿਰਾਜੇ ਅਤੇ ਉਥੇ ਮਨ ਚਿਤ ਲਾ ਕੇ ਸੱਚ ਦੀ ਖੋਜ ਭਾਲ ਵਿਚ ਲਗ ਪਏ। +

---

+ ਮਕਾਲਿਫ਼:ਸਿੱਖ ਧਰਮ; ਜਿਲਦ ੧.

ਨੀਵੀਆਂ ਜਾਤਾਂ ਦੇ ਬਹੁਤ ਸਾਰੇ ਲੋਕਾਂ ਨੇ ਉੱਚ ਜਾਤੀਏ ਹਿੰਦੂਆਂ ਦੀ ਨਫਰਤ ਅਤੇ ਮੁਸਲਮਾਨਾਂ ਦੇ ਜਬਰ ਦੀ ਦੁਪਾਸੜ ਮਾਰ ਖਾਣ ਨਾਲੋਂ ਮੁਸਲਮਾਨ ਜਾਬਰਾਂ ਵਿਚ ਸ਼ਾਮਲ ਹੋਣਾ ਚੰਗਾ ਸਮਝਿਆ।

ਸਮਾਜ ਦੀ ਅਜਿਹੀ ਗਿਰੀ ਹਾਲਤ ਵਿਚ-

"ਪਉਣ ਪਾਣੀ ਬੈਸੰਤਰ ਧਰਮ ਰਾਜਾ ਕੋਈ ਤ੍ਰਿਪਤਾਵੈ,
ਛੋਕਟ ਧਰਮੀ ਭਰਮ ਭੁਲਾਵੈ।"

ਜਦੋਂ ਕਿ ਮਨੁੱਖ ਇਕ ਰੱਬ ਦੀ ਹੋਂਦ ਨੂੰ ਭੁੱਲ ਚੁੱਕਾ ਸੀ। ਘਿਰਣਾ ਦਾ ਰਾਜ ਸੀ। ਚਾਰ ਵਰਣ ਤੇ ਚਾਰ ਆਸ਼੍ਰਮ ਹੋਂਦ ਵਿਚ ਸਨ। ਜੋਗੀਆਂ ਨੇ ਆਪਣਾ ਪੰਥ ਚਲਾਇਆ ਹੋਇਆ ਸੀ। ਬ੍ਰਾਹਮਣ, ਸ਼ਾਸ੍ਤਰ ਤੇ ਵੇਦਾਂ ਪੁਰਾਣਾਂ ਦੀ ਆਪਸ ਵਿਚ ਲੜਾਈ ਕਰਾ ਰਹੇ ਸਨ ਤੇ ਲੋਕਾਂ ਨੂੰ ਭਰਮਾ ਰਹੇ ਸਨ -

"ਬ੍ਰਾਹਮਣ ਬਹੁ ਪ੍ਰਕਾਰ ਕਰ ਸ਼ਾਸ੍ਤ੍ਰ ਵੇਦ ਪੁਰਾਣ ਲੜਾਏ।
ਖਟ ਦਰਸ਼ਨ ਇਹ ਵੈਰ ਕਰ ਨਾਲ ਛਤੀਸ ਪਾਖੰਡ ਚਲਾਏ।
ਤੰਤ੍ਰ ਮੰਤ੍ਰ ਰਸਾਇਨਾ ਕਰਾਮਾਤ ਕਾਲਖ ਲਪਟਾਏ।
ਏਕਸ ਤੇ ਬਹੁਰੂਪ ਕਰ ਰੂਪ ਕਰੂਪੀ ਘਣੇ ਦਿਖਾਏ।
ਕਲਜੁਗ ਅੰਦਰ ਭਰਮ ਭੁਲਾਏ।"

ਤੇ ਦੂਜੇ ਪਾਸੇ ਮੁਸਲਮਾਨਾਂ ਦੀ ਧਾਰਮਿਕ ਦਸ਼ਾ ਵੀ ਕੋਈ ਖ਼ਾਸ ਚੰਗੀ ਨਹੀਂ ਸੀ, ਦੋਵੇਂ ਕੌਮਾਂ ਆਪੋ ਆਪਣੇ ਧਰਮਾਂ ਨੂੰ ਚੰਗਾ ਸਮਝਦੀਆਂ ਸਨ, ਪਰ ਅਸਲੀਅਤ ਤੋਂ ਦੋਵੇਂ ਬਹੁਤ ਦੂਰ ਸਨ -

"ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰਨ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ।
ਸੁੰਨਤ ਮੁਸਲਮਾਨ ਕੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ, ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਲੁਭਾਇਕੇ ਮੋਹੇ ਲਾਲਚ ਦੁਨੀ ਸੈਤਾਣੇ
ਸਿਰੋ ਨਾ ਮਿਟੈ ਆਵਣ ਜਾਣੈ।

ਇਨ੍ਹਾਂ ਗੱਲਾਂ ਦਾ ਨਤੀਜਾ ਇਹ ਨਿਕਲਿਆ ਕਿ ਸਮਾਜ ਆਚਰਨਕ ਨੁਕਤੇ ਤੋਂ ਢਹਿੰਦੀਆਂ ਕਲਾਂ ਵਿਚ ਜਾ ਚੁਕਿਆ ਸੀ। ਬੁਜ਼ਦਿਲੀ ਉਨ੍ਹਾਂ ਦੇ ਦਿਲ ਵਿਚ ਘਰ ਕਰ ਗਈ। ਸਰ ਏ.ਐਲ ਸਰਵਾਸਤਵ ਸਮਾਜ ਦੀ ਇਸ ਹਾਲਤ

ਉਪਰ ਇਸ ਪ੍ਰਕਾਰ ਚਾਨਣ ਪਾਉਂਦੇ ਹਨ -

"The result wasthat the Hindus as a people developed a characterof low cunning,deceit and flattery in order to get on in the world. In short they suffered a great ideal of moral and intellectual degeneration."

ਹਿੰਦੂਆਂ ਦੀ ਸਿਆਸੀ ਹਾਲਤ ਕਾਫੀ ਖਸਤਾ ਹੋ ਚੁੱਕੀ ਸੀ। ਦੂਜੇ ਪਾਸੇ ਇਸਲਾਮੀ ਸਭਿਅਤਾ ਵੀ ਮੁਹੰਮਦ ਸਾਹਿਬ ਦੇ ਇਸਲਾਮ ਵਾਲੀ ਨਹੀਂ ਸੀ ਪਰ ਹਿੰਦੂ ਸਭਿਅਤਾ ਨਾਲੋਂ ਥੋੜੀ ਚੰਗੇਰੀ ਸੀ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਇਸ ਸਮੇਂ ਵਿਚ ਹੋ ਰਹੀ ਉੱਥਲ ਪੁੱਥਲ ਤੇ ਹਿੰਦੂ ਮੁਸਲਮਾਨਾਂ ਦੇ ਧਰਮ ਵਿਚ ਆਈਆਂ ਗ਼ਲਤ ਕੀਮਤਾਂ ਦੀ ਚੰਗੀ ਚਰਚਾ ਕੀਤੀ ਹੈ। ਭਾਈ ਸਾਹਿਬ ਨੇ ਨਾ ਤਾਂ ਹਿੰਦੂ ਧਰਮ ਦੀਆਂ ਸਮਾਜਿਕ,ਭਾਈਚਾਰਕ ਤੇ ਰਾਜਸੀ ਹਾਲਤਾਂ ਉੱਤੇ ਪਰਦਾ ਪਾਇਆ ਹੈ, ਨਾ ਹੀ ਮੁਸਲਮਾਨਾਂ ਦੇ ਧਰਮ ਦੀ ਅਲੋਚਨਾ ਕੀਤੀ ਹੈ, ਬਲਕਿ ਜਿਵੇਂ ਕਿਸੇ ਸਾਹਿੱਤਕਾਰ ਨੂੰ ਨਿਰਪੱਖ ਹੋਣਾ ਚਾਹੀਦਾ ਹੈ ਉਸੇ ਤਰ੍ਹਾਂ ਹੀ ਕੀਤਾ ਹੈ।-

ਭਾਈ ਸਾਹਿਬ ਉਸ ਸਮੇਂ ਦੀ ਧਾਰਮਿਕ ਦਸ਼ਾ ਬਾਰੇ ਲਿਖਦੇ ਹਨ ਕਿ ਮਨੁਖ ਧਰਮ ਤੋਂ ਬੇਮੁਖ ਹੋ ਗਏ ਸਨ। ਧਾਰਮਿਕ ਗਿਆਨ ਹੁੰਦਿਆਂ ਸੁੰਦਿਆਂ ਗਿਆਨ ਵਾਲੀ ਗਲ ਕਿਤੇ ਨਜ਼ਰ ਨਹੀਂ ਆਉਂਦੀ ਸੀ। ਧਰਮ ਵਿਚ ਆਪ ਹੁਦਰੀਆਂ ਗਲਾਂ ਹੋ ਰਹੀਆਂ ਸਨ -

"ਕੋਈ ਨਾ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ।
ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤਰ ਪਾਖੰਡ ਕਰ, ਕਲਰ ਕਰੋਧ ਬਹੁਤ ਵਾਦ ਕਰਾਵੈ।
ਆਪੋ ਧਾਪੀ ਹੋਇਕੈ ਨਯਾਰੇ ਧਰਮ ਚਲਾਵੈ।
ਕੋਈ ਪੂਜੇ ਚੰਦ ਸੂਰ ਕੋਈ ਧਰਮ ਆਕਾਸ਼ ਮਨਾਵੈ।

---

* ਸ੍ਰੀ ਏ.ਐਲ ਵਾਸਤਵ ਦੀ ਪੁਸਤਕ "ਮੈਡੀਵਲ ਇੰਡੀਅਨ ਕਲਚਰ, ਪੰਨਾ 27.

ਉਸ ਸਮੇਂ ਸਿਧਾਂ ਦੀ ਮਾਨਤਾ ਬਹੁਤ ਸੀ। ਪਰ ਉਹ ਸੰਸਾਰ ਨੂੰ ਤਿਆਗ ਕੇ ਪਰਬਤਾਂ ਉੱਤੇ ਜਾ ਚੜ੍ਹੇ ਸਨ, ਕਿਉਂਕਿ ਉਹ ਆਪਣੀ ਮੁਕਤੀ ਸੰਸਾਰ ਵਿਚ ਰਹਿਕੇ ਹਾਸਲ ਨਹੀਂ ਸਨ ਕਰ ਸਕੇ। ਭਾਈ ਗੁਰਦਾਸ ਜੀ ਲਿਖਦੇ ਹਨ -

"ਸਿਧ ਛਪ ਬੈਠੇ ਪਰਬਤੀ, ਕੌਣ ਜਗਤ ਕਉ ਪਾਰ ਉਤਾਰਾ।"
"ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ।"..

ਇਸ ਸਮੇਂ ਇਕ ਐਸੇ ਆਗੂ ਦੀ ਲੋੜ ਸੀ ਜਿਹੜਾ ਮਨੁੱਖਤਾ ਨੂੰ ਸਹੀ ਰਾਹ ਵਿਖਾ ਸਕਦਾ; ਝੂਠ, ਫਰੇਬ ਤੇ ਵਹਿਮ-ਭਰਮ ਨੂੰ ਦੂਰ ਕਰਕੇ ਧਰਮ ਦੀ ਸਹੀ ਵਿਆਖਿਆ ਕਰ ਸਕਦਾ। ਇਸ ਸਮੇਂ ਨਾ ਹਿੰਦੂ ਧਰਮ ਵਿਚ ਨਾ ਮੁਸਲਮਾਨਧਰਮ ਵਿਚ ਕੋਈ ਐਸੀ ਸ਼ਖਸੀਅਤ ਸੀ, ਜੋ ਇਨਸਾਨੀ ਕੀਮਤਾਂ ਦਰਸਾਉਂਦੇ ਹੋਏ ਜੀਵਨ ਜਾਚ ਦਸ ਸਕਦੀ। ਸਰ ਗੋਕਲ ਚੰਦ ਨਾਰੰਗ ਨੇ ਅਜਿਹੀ ਹਾਲਤ ਵਿਚ ਗੁਰੂ ਨਾਨਕ ਸਾਹਿਬ ਦਾ ਸਹੀ ਰੋਲ ਦਸਿਆ ਹੈ -

" Guru Nanak seems to have thoroughly Diagnosed the case of the Hindu Community of his time, and found out that of religious revival was the only remedy which could save it from impending destruction."

# ਕਾਂਡ ਤੀਜਾ

*
*
*
*
*
*
*
*

## ਗੁਰੂ ਨਾਨਕ ਦੇਵ ਜੀ ਦਾ ਜੀਵਨ

## ਗੁਰੂ ਨਾਨਕ ਦਾ ਜੀਵਨ

ਜਦੋਂ ਕੀੜੀ ਨੂੰ ਖੰਭ ਲੱਗ ਜਾਂਦੇ ਹਨ ਜਾਂ ਸੱਪ ਮੁੜ ਮੁੜ ਸੜਕ ਤੇ ਆਉਂਦਾ ਹੈ - ਤਾਂ ਸਮਝੋ ਉਸ ਦੀ ਮੌਤ ਆਈ ਹੁੰਦੀ ਹੈ। ਇਸ ਤਰ੍ਹਾਂ ਜਦੋਂ ਕੋਈ ਚੀਜ਼ ਆਪਣੀ ਹੱਦੋਂ ਬਾਹਰ ਚਲੀ ਜਾਂਦੀ ਹੈ ਤਾਂ ਉਸ ਦਾ ਘੱਟਣਾ ਕੁਦਰਤੀ ਤੇ ਜ਼ਰੂਰੀ ਹੁੰਦਾ ਹੈ। ਇਹ ਠੀਕ ਹੈ ਕਿ ਸਮਾਜ ਦੀ ਉਨਤੀ ਜਾਂ ਅਧੋਗਤੀ ਉਸ ਵਿਚ ਰਹਿ ਰਹੇ ਵਿਅੱਕਤੀਆਂ ਦੀ ਚੰਗੀ ਜਾਂ ਮੰਦੀ ਕਿਰਿਆ ਦਸ ਸਿੱਟਾ ਹੁੰਦੀ ਹੈ। ਸੰਤੁਲਿਤ ਜੀਵਨ ਜੀਉਣ ਵਾਲੇ ਵਿਅੱਕਤੀ ਨਰੋਏ ਸਮਾਜ ਦੀ ਉਸਾਰੀ ਕਰਦੇਹਨ। ਕਦੀ ਕਦੀ ਸਦੀਆਂ ਮਗਰੋਂ ਸਮਾਜ ਵਿਚ ਕੋਈ ਵਿਸ਼ੇਸ਼ ਵਿਅੱਕਤੀ ਜਨਮ ਲੈਂਦਾ ਹੈ, ਜੋ ਸਮਾਜ ਦੇ ਪੁਰਾਣੇ ਅਤੇ ਖੋਖਲੇ ਢਾਂਚੇ ਨੂੰ ਢਾਹੁਣ ਤੇ ਨਵੀਂ ਉਸਾਰੀ ਕਰਨ ਦੀ ਸਮਰੱਥਾ ਰਖਦਾ ਹੈ। ਪੁਰਾਣੀਆਂ ਕੀਮਤਾਂ ਵਿਰੁਧ ਜੰਗ ਲੜੀ ਜਾਂਦੀ ਹੈ ਅਤੇ ਨਵੀਆਂ ਕੀਮਤਾਂ ਦਾ ਬੋਲ ਬਾਲਾ ਹੁੰਦਾ ਹੈ। ਇਸ ਤਰ੍ਹਾਂ ਇਸ ਸਮੇਂ ਵੀ ਦੁਨੀਆਂ ਕਿਸੇ ਨਾ ਕਿਸੇ ਦੀਰਘ ਰੋਗ ਵਿਚ ਗ੍ਰਸਤ ਹੋ ਕੇ ਚਿਚਲਾ ਰਹੀ ਸੀ। ਆਮ ਲੋਕੀ ਪਰਮਾਤਮਾ ਦੀ ਹੋਂਦ ਨੂੰ ਭੁੱਲ ਕੇ ਅਨੇਕਾਂ ਦੇਵੀ ਦੇਵਤਿਆਂ, ਅਵਤਾਰਾਂ, ਪੀਰਾਂ ਪੈਗੰਬਰਾਂ, ਰੁਖਾਂ, ਬਿਰਛਾਂ, ਪੰਛੀਆਂ, ਜਨੌਰਾਂ, ਬੁੱਤਾਂ, ਪੱਥਰਾਂ ਤੇ ਖ਼ਾਨਗਾਹਾਂ ਦੀ ਪੂਜਾ ਵਿਚ ਲਗੇ ਹੋਏ ਸਨ। ਧਰਮ ਤੇ ਕਰਮਚਾਰੀ ਲੋਕ ਸਨ - ਪਰ ਉਹ ਏਨੇ ਥੋਥੇ ਤੇ ਫੋਕਟ ਅਵਸਥਾ ਧਾਰਨ ਕਰ ਚੁੱਕੇ ਸਨ ਕਿ ਉਨ੍ਹਾਂ ਨੂੰ ਧਰਮ ਕਹਿਣਾ ਹੀ ਵੱਡੀ ਭੁਲ ਹੈ। ਰਾਜੇ ਲੋਕ, ਸ਼ੇਰਾਂ ਤੇ ਬਘਿਆੜਾਂ ਦਾ ਭਿਆਨਕ ਰੂਪ ਧਾਰ ਕੇ ਪਰਜਾ ਨੂੰ ਪਾੜ ਪਾੜ ਕੇ ਖਾ ਰਹੇ ਸਨ ਸਾਰੇ ਜਗਤ ਵਿਚ ਗਿਲਾਨੀ ਫੈਲੀ ਹੋਈ ਸੀ।

ਇਸ ਵਿਚ ਅਮਰ ਸਚਾਈ ਹੈ ਕਿ ਯੁੱਗ ਯੁੱਗ ਵਿਚ ਲੋਕਾਂ ਦੀ ਲੋੜ ਅਨੁਸਾਰ ਦੁਸ਼ਟਾਂ ਨੂੰ ਸਜ਼ਾ ਦੇਣ ਲਈ ਅਤੇ ਨਿਹੱਥਿਆਂ ਦੀ ਰਖਿਆ ਕਰਨਲਈ ਕੋਈ ਸ਼ਕਤੀ ਪੈਦਾ ਹੋ ਜਾਂਦੀ ਹੈ। ਜਿਸ ਤਰ੍ਹਾਂ ਬਹੁਤ ਗਰਮੀ ਦੇ ਹੋਣ ਨਾਲ ਅੰਨ੍ਹੇਰੀ ਅਤੇ ਮੀਂਹ ਆ ਜਾਂਦਾ ਹੈ। ਇਸੇ ਤਰ੍ਹਾਂ ਬਹੁਤੇ ਪਾਪ ਕਰਨ ਨਾਲ ਮਤ ਮਾਰੀ ਜਾਂਦੀ ਹੈ ਅਤੇ ਪਤਨ ਹੋ ਜਾਂਦਾ ਹੈ। ਇਸੇ ਤਰ੍ਹਾਂ ਲੋਕਾਂ ਦੀਆਂ ਤਕਲੀਫ਼ਾਂ ਨੂੰ ਵੱਧਦਾ ਵੇਖ ਕੇ ਮਰਦ ਮੈਦਾਨ ਵਿਚ ਆ ਜਾਂਦਾ ਹੈ। ਪੰਜਾਬ ਦਾ ਬਾਬਾ - ਬਾਬਾ ਨਾਨਕ ਹੀ ਹੈ। ਭਾਈ ਗੁਰਦਾਸ ਜੀ ਨੇ ਇਸੇ ਬਾਬਾ ਨਾਨਕ ਜੀ ਬਾਰੇ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਲਿਖਿਆ ਹੈ :-

'ਬਾਬਾ ਦੇਖੈ ਧਿਆਨਧਰ, ਜਲਤੀ ਸਭ ਪ੍ਰਿਥਮੀ ਦਿਸ ਆਈ ॥'

ਜਲਤੀ ਪ੍ਰਿਥਵੀ ਦੀ -

"ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ ॥'

15 ਅਪਰੈਲ 1469[1] ਈ. ਅਰਥਾਤ ਵੈਸਾਖ ਸੁਦੀ 3 ਸੰਮਤ 1526 ਨੂੰ ਪਿਤਾ ਕਾਲੂ ਜੀ ਦੇ ਘਰ ਜਨਮ ਲੈ ਕੇ ਇਸ ਰਾਇ ਭੋਇ ਦੀ ਤਲਵੰਡੀ ਨੂੰ ਭਾਗ ਲਾਏ। ਜਿਸ ਨੂੰ ਅਜ ਕਲ 'ਨਨਕਾਣਾ ਸਾਹਿਬ' ਕਿਹਾ ਜਾਂਦਾ ਹੈ। ਆਪ ਦੀ ਮਾਤਾ ਦਾ ਨਾਮ ਤ੍ਰਿਪਤਾ ਸੀ। ਆਪ ਦੇ ਪਿਆਰ ਨੂੰ ਸਮਝਣ ਵਾਲੀ ਇਕ ਵੱਡੀ ਭੈਣ ਬੇਬੇ ਨਾਨਕੀ ਜੀ ਸਨ ਜੋ ਆਪ ਤੋਂ ਪੰਜ ਸਾਲ ਵੱਡੇ ਸੀ।

---

1. ਵਲਾਇਤ ਵਾਲੀ ਜਨਮ ਸਾਖੀ, ਮੇਹਰਬਾਨ ਵਾਲੀ, ਭਾਈ ਮਨੀ ਸਿੰਘ ਲਿਖਤ ਅਤੇ ਖਾਲਸਾ ਸਮਾਚਾਰ ਅੰਮ੍ਰਿਤਸਰ ਦੀ ਛਪੀ ਤੇ ਮਹਿਮਾ ਪ੍ਰਕਾਸ਼ ਵਿਚ ਗੁਰੂ ਨਾਨਕ ਜੀ ਦੀ ਜਨਮ ਤਿੱਥੀ ਵਿਸਾਖ ਸੁਦੀ 3, ਸੰਮਤ 1526 (15 ਅਪਰੈਲ 1469) ਦਿੱਤੀ ਹੈ। ਨਾਨਕ ਪ੍ਰਕਾਸ਼ ਤੇ ਹੋਰ ਅਗਲੇਰੀਆਂ ਰਚਨਾਵਾਂ ਵਿਚ ਇਹ ਤਿੱਥੀ ਕਤਿਕ ਦੀ ਪੂਰਨਮਾਸ਼ੀ ਸੰਮਤ (ਨਵੰਬਰ 1526) ਦਿੱਤੀ ਗਈ ਹੈ। ਇਹ ਸਾਰੀਆਂ ਰਚਨਾਵਾਂ ਇਕ ਗਲ ਉਤੇ ਸਹਿਮਤ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ 70 ਸਾਲ, 4 ਮਹੀਨੇ, ਤੇ 7 ਦਿਨ ਤਕ ਰਹੇ। ਤਕਰੀਬਨ ਸਾਰੀਆਂ ਸਿੱਖ ਰਚਨਾਵਾਂ ਵਿਚ ਗੁਰੂ ਸਾਹਿਬ ਦੇ ਪਰਲੋਕ ਗਮਨ ਦੀ ਤਿੱਥੀ ਅਸੂ-ਵਦੀ 10, ਸੰਮਤ 1569 (22 ਸਤੰਬਰ, 1536) ਦਿਤੀ ਹੈ। ਹਿਸਾਬ ਲਾਉਣ ਤੇ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੀ ਸਹੀ ਜਨਮ ਤਿੱਥੀ 15 ਅਪਰੈਲ 1469 ਹੀ ਠੀਕ ਬਣਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੀ ਠੀਕ ਤਾਰੀਖ ਬਾਰੇ ਇਤਿਹਾਸਕਾਰਾਂ ਵਿਚ ਮੱਤ ਭੇਦ ਹੈ। ਸਿੱਖ ਜਨਤਾ ਇਹ ਦਿਨ ਕਤਕ ਦੀ ਪੂਰਨਮਾਸ਼ੀ ਨੂੰ ਮਨਾਉਂਦੀ ਹੈ - ਪਰ ਪੁਰਾਣੇ ਹਵਾਲਿਆਂ ਤੋਂ ਠੀਕ ਤਾਰੀਖ 15 ਅਪ੍ਰੈਲ 1469 ਸਿਧ ਹੁੰਦੀ ਹੈ - 'ਕੱਤਕ ਕਿ ਵੈਸਾਖ' ਵਿਚ ਦੇਖੋ।

ਗੁਰੂ ਨਾਨਕ ਦੇਵਜੀ ਦੀਆਂ ਮਿਲਦੀਆਂ ਪੁਰਾਤਨ ਜਨਮ ਸਾਖੀਆਂ ਤਿੰਨ ਸ਼੍ਰੇਣੀਆਂ ਵਿਚ ਵੰਡੀਆਂ ਮਿਲਦੀਆਂ ਹਨ। ਵਿਸਥਾਰ ਲਈ ਵੇਖੋ-ਡਾ. ਮੋਹਨ ਸਿੰਘ ਦਾ ਲੇਖ - 'ਟਰੈਵਲਜ਼ ਆਫ ਗੁਰੂ ਨਾਨਕ-ਨਿਊ ਦੇਹਲੀ 'ਸਪੋਕਸਮੈਨ' 8 ਦਸੰਬਰ, 1954। ਇਨ੍ਹਾਂ ਵਿਚ ਇਕ ਵਰਗ ਭਾਈ ਬਾਲੇ ਦਾ ਹੈ। ਉਸ ਨੇ ਪਤਾ ਨਹੀਂ ਕਿਉਂ ਗੁਰੂ ਸਾਹਿਬ ਦਾ ਜਨਮ ਵੈਸਾਖ ਦੀ ਥਾਂ ਕੱਤਕ ਲਿਖ ਦਿਤਾ ਹੈ ਅਤੇ ਕਿਉਂਕਿ ਗੁਰੂ ਸਾਹਿਬ ਦੀ ਇਹੋ ਜਨਮ ਸਾਖੀ ਬਧੇਰੇ ਪ੍ਰਚਲਤ ਰਹੀ ਹੈ, ਇਸ ਲਈ ਜਾਣਦੇ ਬੁਝਦੇ ਵੀ ਭਾਵਕ ਸਾਂਝ ਕਰਕੇ ਉਨ੍ਹਾਂ ਦਾ ਜਨਮ ਦਿਨ ਕੱਤਕ ਵਿਚ ਹੀ ਮਨਾਂਦੇ ਹਾਂ। ਭਾਈ ਬਾਲੇ ਦੀ ਜਨਮ ਸਾਖੀ ਦੀ ਇਕ ਪੁਰਾਤਨ ਹੱਥ ਲਿਖਤ ਨੰ. 2330 ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚੋਂ ਗੁਰੂ ਸਾਹਿਬ ਦੇ ਜਨਮ ਸਬੰਧੀ ਟੂਕ ਹੇਠ ਦਿਤੀ ਜਾਂਦੀ ਹੈ। ਇਹ ਜੇਠ 24 ਸੰਮਤ 1821 ਦੀ ਨਕਲ ਹੈ। "ੴ ਸਤਿਗੁਰ ਪ੍ਰਸਾਦਿ, ਜਨਮ ਸਾਖੀ ਗੁਰੂ ਬਾਬੇ ਨਾਨਕ ਦੀ ਚਲੀ, ਬਾਬਾ ਨਾਨਕ ਜੀ ਜਨਮਿਆ ਸੰਮਤ 1526 ॥ ਮਿਤੀ ਕਾਤਕ ਸੁਦੀ 15। ਪੂਰਨਮਾਸ਼ੀ ਜਨਮ ਲੀਤਾ।" ਪੱਤਰਾ 23.

'ਪੁਰਾਤਨ ਜਨਮ ਸਾਖੀ'-ਸੰਪਾਦਕ ਭਾਈ ਵੀਰ ਸਿੰਘ ਪੰਨਾ 1 - "ਅਵਤਾਰ ਤੇ ਬਾਲਪਨ' ਵਾਲੀ ਜਨਮ ਸਾਖੀ ਵਿੱਚ ਪ੍ਰਕਾਸ਼ਕ ਗੁਰੂ ਨਾਨਕ ਜੀ ਦਾ ਜਨਮ ਵੈਸਾਖ ਹੀ ਦਾ ਦਸਦਾ ਹੈ।

ਸਮੇਂ ਦੀਆਂ ਰੀਤੀਆਂ ਰਿਵਾਜਾਂ ਅਨੁਸਾਰ ਉਸ ਸਮੇਂ ਵਿਦਿਆ ਪੰਡਤ ਤੇ ਮੁੱਲਾਂ ਦਿਆ ਕਰਦੇ ਸਨ।

' ਜਦ ਬਾਬਾ ਬਰਸਾਂ ਸੱਤਾਂ ਕੇ ਹੋਇਆ ਤਬ ਕਾਲੂ ਕਹਿਆ : ਨਾਨਕ ਤੂੰ ਪੜ੍ਹ' ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਆ। ਕਾਲੂ ਕਹਿਆ ਪਾਂਧੇ: ਇਸ ਨੂੰ ਪੜ੍ਹਾਇ' ਤਬ ਪਾਂਧੇ ਪੱਟੀ ਲਿਖ ਦਿਤੀ, ਅੱਖਰਾਂ ਪੈਤੀਸ ਕੀ ਮੁਹਾਰਣੀ, ਤੁ ਗੁਰੂ ਨਾਨਕ ਲਗਾ ਪੜ੍ਹਨ।"[1]

ਉੱਚ ਵਿਦਿਆ ਦੇਣ ਲਈ ਪਿਤਾ ਜੀ ਨੇ ਪੰਡਤ ਬ੍ਰਿਜ ਨਾਨ ਕੋਲ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਤੇ ਫਿਰ 13 ਸਾਲ ਦੀ ਉਮਰ ਵਿਚ ਫਾਰਸੀ ਪੜ੍ਹਨ ਲਈ ~~ਭੇਜਿਆ~~ ~~ਤੇ~~ ਮੌਲਵੀ ਕੁੱਤਬਦੀਨ ਕੋਲਭੇਜਿਆ। ਛੋਟੀ ਉਮਰ ਵਿਚ ਆਪ ਸੁਜਾਨ ਸਿੱਧ ਹੋਏ। ਨਿਰਾ ਅੱਖਰ ਬੋਧ ਪ੍ਰਾਪਤ ਕਰਨ ਦੀਥਾਂ ਅੱਖਰਾਂ ਦੀ ਡੂੰਘਾਈ ਵਿਚ ਲੁਕੇ ਅੰਤਰੀਵ ਭਾਵ ਜਾਣਨ ਦਾ ਯਤਨ ਕੀਤਾ ਤੇ ਇਸ ਤਰ੍ਹਾਂ ਭਾਂਧੇ ਤੇ ਮੁਲਾਂ ਨੂੰ ਪੜ੍ਹਾਇਆ। ਪਾਂਧੇ ਕੋਲ ਮੁਢਲੀ ਵਿਦਿਆ ਪ੍ਰਾਪਤ ਕਰਨ ਗਏ ਤੇ ਪੱਟੀ ਦਾ ਉਚਾਰਨ ਕੀਤਾ ਤੇ ਪਾਂਧਾ ਚੌਂਕ੍ਹ ਰਹਿ ਗਿਆ ਤੇਉਸ ਨੇ ਮਹਿਤਾ ਕਾਲੂ ਨੂੰ ਕਿਹਾ -

"ਤੇਰਾ ਪੁੱਤਰ ਸ਼ਾਸਤਰਾਂ ਨੂੰ ਜਗਤ ਵਿਚ ਪ੍ਰਗਟ ਕਰੇਗਾ।"[2]

ਮੌਲਵੀ ਕੋਲ ਗਏ ਤਾਂ ਪਰਮਾਤਮਾ ਦੀ ਉਸਤੱਤੀ ਵਿਚ ਬਾਣੀ ਗਾ ਕੇ ਆਪ ਨੇ ਚਮਤਕਾਰ ਦਿਖਾ ਦਿੱਤਾ -

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕਨ ਕਰਤਾਰ ॥
ਹਕਾ ਕਬੀਰ ਕਰੀਤ ਤੂੰ ਬੇਐਬ ਪਰਵਦਗਾਰ ॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮਸਰ ਮੁਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।[3]

---

1. 'ਪੁਰਾਤਨ ਜਨਮ ਸਾਖੀ' ਸਾਖੀ ਪੱਟੀ ਪਾਂਧਾ, ਪੰਨਾ 1.
2. 'ਜਨਮ ਸਾਖੀ ਬਾਲਾ' ਪੰਨਾ 12-13., ਅਤੇ'ਜਨਮ ਸਾਖੀ ਮਨੀ ਸਿੰਘ'
3. 'ਨਿਰੰਕਾਰੀ ਦਰਸ਼ਨ-'-ਰਾਸ 1,ਅਧਿਆਇ7, 'ਗੁਰੂ ਜੀ ਦੀ ਵਿਦਿਆ ਪੜ੍ਹਨੀ', ਪੰਨਾ 13.
ਸਿੱਖ ਰੈਫਰੈਂਸ ਲਾਇਬਰੇਰੀ-ਅੰਮ੍ਰਿਤਸਰ-ਹੱਥ ਲਿਖਤ ਨੰ. 2184,ਸਾਖੀ ਰਾਜੇ ਜਨਕ ਦੀ ਜਨਮ ਪਤਰੀ 'ਪੰਨਾ-11-12.

ਆਪ ਜੀ ਦਾ ਜੀਵਨ ਮੂਲ ਰੂਪ ਵਿਚ ਆਗਿਆਕਾਰੀ ਜੀਵਨ ਸੀ। ਜਵਾਨੀ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਦਾ ਸਾਰਾ ਜੀਵਨ ਉਨ੍ਹਾਂ ਨੇ ਆਪਣੇ ਮਾਤਾ ਪਿਤਾ ਦੀ ਆਗਿਆ ਵਿਚ ਬਿਤਾਇਆ। ਮਾਤਾ ਪਿਤਾ ਦੀ ਆਗਿਆ ਨੂੰ ਸਵੀਕਾਰ ਕਰਨਾ ਉਨ੍ਹਾਂ ਵਾਸਤੇ ਸੱਚ ਧਰਮ ਸੀ। ਸੱਚ ਨੂੰ ਨਾ ਉਨ੍ਹਾਂ ਨੇ ਬਾਲ ਉਮਰ ਵਿਚ ਤਿਆਗਿਆ ਨਾ ਜਵਾਨੀ ਵਿਚ ਤੇ ਨਾ ਹੀ ਬਜ਼ੁਰਗ ਉਮਰ ਵਿਚ। ਸੱਚਧਰਮ ਤਾਂ ਉਨ੍ਹਾਂ ਦੇ ਜੀਵਨ ਦਾ ਆਧਾਰ ਸੀ। ਆਪ ਨੂੰ ਬਾਲਉਮਰ ਵਿੱਚ ਹੀ ਸੱਚ ਧਰਮ ਦਾ ਦਿੱਬ ਗਿਆਨ ਪ੍ਰਾਪਤ ਸੀ। ਮਾਤਾ ਪਿਤਾ ਦੀ ਆਗਿਆਕਾਰੀ ਰਹਿਣਾ ਇਹ ਕਰਮ ਉਨ੍ਹਾਂ ਵਾਸਤੇ ਦਿੱਬ ਗਿਆਨ ਦੀ ਪ੍ਰਾਪਤੀ ਦਾ ਸਾਧਨ ਸੀ। ਇਸੇ ਕਰਕੇ ਉਨ੍ਹਾਂ ਨੇ ਜੀਵਨ ਭਰ ਮਾਤਾ ਪਿਤਾ ਦੀ ਆਗਿਆ ਨੂੰ ਅਸਵੀਕਾਰ ਨਹੀਂ ਕੀਤਾ। ਜੇ ਵਿਦਿਆ ਗ੍ਰਹਿਣ ਕਰਨ ਵਾਸਤੇ ਉਨ੍ਹਾਂ ਨੂੰ ਜੇ ਪਿਤਾ ਨੇ ਪੰਡਤ-ਮੁੱਲਾਂ ਕੋਲ ਬਿਠਾਇਆਂ ਤਾਂ ਉਨ੍ਹਾਂ ਵਿਦਿਆ ਗ੍ਰਹਿਣ ਕਰਨ ਤੋਂ ਇਨਕਾਰ ਨਹੀਂ ਕੀਤਾ- ਹਾਲਾਂ ਕਿ ਉਨ੍ਹਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਦੈਵੀ ਵਿਦਿਆ ਦੀਆਂ ਰਮਜ਼ਾਂ ਨੂੰ ਸਮਝਣ ਵਿਚ ਪੰਡਤ ਮੁਲਾਂ ਦੋਵੇਂ ਹੀ ਅਸੱਮਰਥ ਹਨ।

ਛੋਟੀ ਉਮਰ ਵਿਚ ਹੀ ਇਸ ਮਹਾਨ ਸ਼ਖਸ਼ੀਅਤ ਦੀ ਪਰਮਾਤਮਾ ਨਾਲ ਇਕਸੁਰਤਾ ਹੋਈ ਹੋਈ ਸੀ। ਇਕੱਲ ਵਿਚ ਬੈਠ ਕੇ ਉਸ ਦਾਤੇ ਨੂੰ ਯਾਦ ਕਰਨਾ ਅਤੇ ਤਲਵੰਡੀ ਵਿਚ ਆਉਣ ਵਾਲੇ ਸਾਧੂਆਂ ਤੇ ਸੰਤਾਂ ਨਾਲ ਗੋਸ਼ਟਾਂ ਕਰਨੀਆਂ ਇਨ੍ਹਾਂ ਦੀ ਅਲੌਕਿਕ ਸ਼ਖਸ਼ੀਅਤ ਹੋਣ ਦੀ ਸਾਖੀ ਭਰਦੀਆਂ ਹਨ। ਇਨ੍ਹਾਂ ਦੇ ਤੋਤਲੇ ਮਿੱਠੇ ਬਚਨਾਂ ਦੀ ਸਾਰੇ ਹੀ ਭੇਖਾਂ ਤੇ ਸੰਤਾਂ ਵਿਚ ਛੇਤੀ ਹੀ ਚਰਚਾ ਛਿੜ ਪਈ। ਇਸ ਉਤੇ ਪੁਰਾਤਨ ਜਨਮਸਾਖੀ ਦਾ ਕਰਤਾ ਲਿਖਦਾ ਹੈ -

"ਹਿੰਦੂ ਕਹਿਨ ਜੋ ਕੋਈ ਦੇਵਤਾ ਸਰੂਪ ਪੈਦਾ ਹੋਯਾ ਹੈ ਅਤੇ ਮੁਸਲਮਾਨ ਜੋ ਕੋਈ ਖੁਦਾਇ ਦਾ ਸਾਦਿਕ ਪੈਦਾ ਹੋਯਾ ਹੈ।" ਆਪ ਦੇ ਪਿਤਾ ਜੀ ਕਈ ਪਿੰਡਾਂ ਦੇ ਪਟਵਾਰੀ ਤੇ ਕੁਝ ਜ਼ਮੀਨਾਂ ਦੇ ਮਾਲਕ ਵੀ ਸਨ। ਇਸ ਲਈ ਆਪ ਕਈ ਵਾਰ ਖੇਤੀ ਬਾੜੀ ਦਾ ਕੰਮ ਕਰਦੇ ਤੇ ਘਰ ਦੀਆਂ ਮੱਝੀਆਂ ਚਰਾ ਲਿਆਉਂਦੇ। ਸਿਖ ਇਤਿਹਾਸ ਅਨੁਸਾਰ ਇਸ ਗੁਰੂ ਬਾਲਕ ਨੇ ਇਕ ਅਦੁੱਤੀ ਚੋਜ ਰਚਾਇਆ। ਇਕ ਵਾਰ ਮਝੀਆਂ ਚਰਾਉਣ[1] ਗਏ ਤੇ ਦਰਖ਼ਤ ਹੇਠ ਸੌਂ ਗਏ। ਮਹੀਆਂ ਨੇ ਸਾਰਾ ਖੇਤ ਉਜਾੜ ਦਿਤਾ ਅਤੇ

---

1. 'ਪੁਰਾਤਨ ਜਨਮ ਸਾਖੀ'- 1 ਖੇਤ ਹਰਿਆ-ਪੰਨਾ 7., ਅੰਕ ਸੰਮਤ ਈ.474, ਦੇ ਟ੍ਰੈਕਟਰ ਨੰ. 1047' ਰਾਇ ਬੁਲਾਰ'- ਗੁਰਪੁਰਬ ਟ੍ਰੈਕਟ ਵਿਚੋਂ ਹੈ।

ਅਤੇ ਖੇਤ ਦਾ ਮਾਲਕ ਮੌਕੇ ਤੇ ਪਹੁੰਚ ਗਿਆ। ਖੇਤ ਦੇ ਮਾਲਕ ਨੇ ਕਾਜ਼ੀ ਰਾਇ ਬੁਲਾਰ ਕੋਲ ਇਸ ਨੁਕਸਾਨ ਦੀ ਦਰਦਭਰੀ ਵਿਥਿਆ ਕਹਿ ਸੁਣਾਈ।[1] ਜਦੋਂ ਮੌਕਾ ਵੇਖਣ ਲਈ ਆਦਮੀ ਗਏ ਤਾਂ ਪਰਮਾਤਮਾ ਦੀ ਮਿਹਰ ਤੇ ਬਖਸ਼ਿਸ਼ ਨਾਲ ਖੇਤ ਹਰਿਆ ਭਰਿਆ ਹੋ ਗਿਆ। ਗੁਰੂ ਜੀ ਨੂੰ ਦੈਵੀ ਇਨਸਾਨ ਸਮਝ ਕੇ ਲੋਕਾਂ ਨੇ ਉਨ੍ਹਾਂ ਦੀ ਉਸਤੱਤੀ ਕਰਨੀ ਸ਼ੁਰੂ ਕਰ ਦਿੱਤੀ।

ਹਿੰਦੂ ਧਰਮ ਅਨੁਸਾਰ ਮਨੁੱਖ ਦੇ ਦੋ ਜਨਮ ਮੰਨੇ ਜਾਂਦੇ ਸਨ। ਇਕ ਸਰੀਰਕ ਜਨਮ ਜੋ ਹਰ ਇਨਸਾਨ ਨੂੰ ਆਪਣੀ ਮਾਂ ਤੋਂ ਮਿਲਦਾ ਹੈ ਤੇ ਦੂਜਾ ਆਤਮਕ ਜਨਮ ਜਿਸ ਦੀ ਪ੍ਰਾਪਤੀ ਵਾਸਤੇ ਖਾਸ ਉਮਰ ਉੱਤੇ ਪਹੁੰਚ ਕੇ ਧਾਰਮਿਕ ਮਰਯਾਦਾ ਕਰਨੀ ਪੈਂਦੀ ਹੈ। ਮਨੂੰ ਦੇ ਧਰਮ ਸ਼ਾਸਤਰ ਅਨੁਸਾਰ -ਬ੍ਰਾਹਮਣ, ਖੱਤਰੀ ਅਤੇ ਵੈਸ਼ ਵਾਸਤੇ ਆਤਮਕ ਜਨਮ ਦੀ ਪ੍ਰਾਪਤੀ ਦੀ ਖਾਤਰ ਜਨੇਊ ਪਹਿਰਨ ਦੀ ਮਰਯਾਦਾ ਹੈ। ਸ਼ੂਦਰ ਨੂੰ ਇਸ ਦਾ ਅਧਿਕਾਰ ਹੀ ਨਹੀਂ ਹੈ। ਮਨੂੰ ਦੇ ਮੱਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ ਦਾ, ਖੱਤਰੀ ਦਾ ਜਨੇਊ ਸਣ ਦਾ ਅਤੇ ਵੈਸ਼ ਦਾ ਜਨੇਊ ਮੇਢੇ ਦੀ ਉੱਨ ਦਾ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇ ਸਮੇਂ ਇਹ ਰਸਮ ਆਪਣਾ ਅਰਥ ਗੁਵਾ ਬੈਠੀ ਸੀ ਤੇ ਜੰਞੂ ਪਹਿਨਣਾ ਇਕ ਸਾਧਾਰਣ ਜਿਹੀ ਰੀਤ ਬਣ ਗਈ ਸੀ ਤੇ ਇਹ ਬਾਲਕ ਦੇ ਮਨ ਵਿਚ ਕੋਈ ਹੁਲਾਰਾ ਪੈਦਾ ਕਰਨ ਤੋਂ ਅਸਮਰੱਥ ਸੀ - ਸਗੋਂ ਜੰਞੂ ਮਾਨਸਿਕ ਹਉਂਦਾ ਕਾਰਨ ਬਣ ਗਿਆ ਸੀ। ਇਹ ਧਾਗਾ ਬ੍ਰਾਹਮਣ ਦੀ ਕੰਵਾਰੀ ਕੰਨਿਆ ਕਪਾਹ ਤੋਂ ਕੱਤ ਕੇ ਬਣਾਉਂਦੀ ਅਤੇ ਬ੍ਰਾਹਮਣ ਮੰਤਰ ਉਚਾਰਨ ਕਰਦਾ ਹੋਇਆ ਇਸ ਨੂੰ ਵੱਟਦਾ। ਇਸ ਦੇ ਵੱਟ ਵਿਚ ਤਿੰਨ ਧਾਗੇ ਹੁੰਦੇ ਸਨ ਤੇ ਕਈ ਗੰਢਾਂ ਮਾਰੀਆਂ ਜਾਂਦੀਆਂ ਸਨ। ਜਨੇਊ ਮੂਲ ਵਿਚ ਚਿੰਨ੍ਹਾਤਮਿਕ ਹੈ। ਇਸ ਦੇ ਤਿੰਨਧਾਗੇ ਤਿੰਨ ਗੁਣਾਂ -ਰਜੋ,ਸਤੋ,ਤਮੋ ਦੇ ਪ੍ਰਤੀਕ ਸਨ। ਇਹ ਤਿੰਨ ਗੁਣ ਹੀ ਬ੍ਰਹਿਮੰਡ ਦੀ ਚਾਲਕ ਸ਼ਕਤੀ ਦੇ ਮੰਨੇ ਜਾਂਦੇ ਸਨ। ਜਦੋਂ ਗੁਰੂ ਨਾਨਕ ਦੇਵਜੀ ਦਸਾਂ ਸਾਲਾਂ ਦੇ ਹੋਏ ਤਾਂ ਮਰਯਾਦਾ ਅਨੁਸਾਰ ਉਨ੍ਹਾਂ ਨੂੰ ਜਨੇਊ ਪਾਉਣ ਲਈ ਪੰਡਤ ਹਰਦਿਆਲ ਨੂੰ ਸੱਦਿਆ ਗਿਆ।[2] ਇਹ ਅਧਿਕਾਰ ਪਰੋਹਿਤ ਦਾ ਹੀ ਹੁੰਦਾ ਹੈ।

---

1. ਪ੍ਰੋ. ਸਾਹਿਬ ਸਿੰਘ'ਆਲੋਚਨਾ'1965-ਜਨਵਰੀ ਤੋਂ ਮਾਰਚ ਪੰਨਾ-127
'ਜਨਮ ਸਾਖੀ ਮਿਹਰਬਾਨ ਜੀ ਕੀ' ਪੰਨਾ-29.
2. 'ਪਰ ਭਾਈ ਮਨੀ ਸਿੰਘ ਦੀ ਸਾਖੀ ਵਿਚ ਕੁਲ ਪ੍ਰੋਹਿਤ ਦਾ ਨਾਮ ਬ੍ਰਿਜ ਲਾਲ ਲਿਖਿਆ ਮਿਲਦਾ ਹੈ', ਪੰਨਾ -98.

ਘਰ ਵਿਚ ਪੁੱਤਰਾਂ ਦਾ ਜਨਮ ਧਰਮ ਸ਼ਾਸ਼ਤਰਾਂ ਅਨੁਸਾਰ ਇਕ ਬੜੀ ਖੁਸ਼ਕਿਸਮਤੀ ਹੈ। ਪੁੱਤਰ ਹੀ ਪਿੱਤਰਾਂ ਨੂੰ ਪੁ ਨਾਮ ਦੇ ਨਰਕ ਤੋਂ ਬਚਾਉਂਦਾ ਹੈ। ਪੁੱਤਰ ਹੀ ਪਿੱਤਰਾਂ ਨਮਿੱਤ ਸ਼ੱਗ ,ਸਰਾਧ ਆਦਿ ਕਰਨ ਦਾ ਅਧਿਕਾਰੀ ਹੈ। ਇਹ ਅਧਿਕਾਰ ਧੀ ਨੂੰ ਨਹੀਂ ਹੈ। ਜਨੇਊ ਪਹਿਨਣ ਦਾ ਅਧਿਕਾਰ ਵੀ ਪੁੱਤਰ ਨੂੰ ਹੀ ਹੈ, ਧੀ ਨੂੰ ਨਹੀਂ। ਸੋ ਪੁੱਤਰ ਦਾ ਜਨਮ ਗ੍ਰਿਹਸਤੀ ਵਾਸਤੇ ਬੜੀ ਖੁਸ਼ੀ ਦਾ ਅਵਸਰ ਲਿਆਉਂਦਾ ਹੈ, ਤਿਵੇਂ ਹੀ ਜਨੇਊ ਪਹਿਨਾਉਣ ਦੀ ਰੀਤ ਵੀ ਬੜੇ ਚਾਅ ਮਲਾਰ ਵਾਲੀ ਹੁੰਦੀ ਹੈ। ਸਾਰੇ ਸਾਕ-ਅੰਗ ਸੱਦੇ ਜਾਂਦੇ ਸਨ। ਵਿਆਹ ਸ਼ਾਦੀ ਵਾਂਗ ਹੀ ਖਾਣ ਪਕਾਉਣ ਦੇ ਬੜੇ ਉਰੇਚ ਕੀਤੇ ਜਾਂਦੇ ਸਨ। ਸਰਦੇ ਪੁਜਦੇ ਘਰਾਂ ਵਿਚ ਮਾਸ ਭੀ ਬਣਦਾ ਸੀ। ਬਾਬਾ ਕਾਲੂ ਜੀ ਨੇ ਭੀ ਸਾਰੇ ਸਾਕ ਅੰਗ ਸੱਦੇ। ਜਦੋਂ ਉਹ ਜੰਜੂ ਪਾਣ ਲੱਗਾ ਤਾਂ ਗੁਰੂ ਜੀ ਨੇ ਨਾਂਹ ਕਰ ਦਿੱਤੀ ਤੇ ਇਹੋ ਜਿਹੇ ਜੰਜੂ ਦੀ ਮੰਗ ਕੀਤੀ -

'ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ ॥'

ਪਰ ਉਸ ਪ੍ਰੋਹਿਤ ਨੇ ਕਿਹਾ - ਇਹ ਧਰਮ ਦੀ ਨਿਸ਼ਾਨੀ ਹੈ, ਇਹ ਜ਼ਰੂਰੀ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਉਸ ਪ੍ਰੋਹਿਤ ਨੂੰ ਇਸ ਤਰ੍ਹਾਂ ਦਸਿਆ -

'ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ '॥

ਪ੍ਰੋਹਿਤ ਦਾ ਇਹ ਸ਼ਬਦ ਸੁਣ ਕੇ ਦਿਲ ਹਿਲ ਤਾਂ ਗਿਆ ਪਰ ਸ਼ਾਸ਼ਤਰ ਰੀਤੀ ਦਾ ਬੱਝਾ ਆਖਣ ਲੱਗਾ - ਇਹ ਜਨੇਊ ਵੈਦਿਕ ਰੀਤੀ ਹੈ ਤੇ ਪ੍ਰੰਪਰਾ ਤੋਂ ਚਲੀ ਆਈ ਹੈ। ਸਭ ਜੰਜੂ ਪਹਿਨਦੇ ਆਏ ਹਨ। ਆਪ ਵੀ ਪਹਿਨੋ, ਪਰ ਗੁਰੂ ਜੀ ਨੇ ਉਚਾਰਿਆ -

"ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ ॥
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥'

ਫਿਰ ਬ੍ਰਾਹਮਣ ਨੇ ਪੁਛਿਆ ਕਿਹੜਾ ਜੰਞੂ ਪਾਵੋਗੇ? ਆਪ ਨੇ ਕਿਹਾ -

"ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚੁ ਸੂਤੁ ॥
ਦਰਗਾਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥"

ਪੰਡਤ ਸਾਰੀ ਬਰਾਦਰੀ ਵਿਚ ਆਪਣੀ ਬੇਇਜ਼ਤੀ ਨਹੀਂ ਕਰਾਉਣਾ ਚਾਹੁੰਦਾ ਸੀ। ਇਸ ਲਈ ਉਹ ਮਿੰਨਤਾਂ ਕਰਨ ਲਗਾ। ਪਰ ਗੁਰੂ ਜੀ ਨੇ ਫਿਰ ਦਸਿਆ -

"ਤਗੁ ਨ ਇੰਦ੍ਰੀ, ਤਗੁ ਨ ਨਾਰੀ, ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ , ਤਗੁ ਨ ਹਥੀ, ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ, ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ, ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ,ਮਨਿ ਅੰਧਾ ਨਾਉ ਸੁਜਾਣੁ॥"

ਆਪ ਦੇ ਪਿਤਾ ਜੀ ਆਪ ਨੂੰ ਇਕ ਚੰਗਾ ਵਿਉਪਾਰੀ ਬਣਾਉਣਾ ਚਾਹੁੰਦੇ ਸਨ। ਵਪਾਰ ਲਈ ਪਿਤਾਜੀ ਨੇ ਆਪ ਨੂੰ 20/- ਰੁਪਏ ਦਿੱਤੇ ਤੇ ਕਿਹਾ - 'ਸੱਚਾ ਸੌਦਾ' ਕਰ ਕੇ ਆਉ। ਪਰ ਆਪ ਦੇ ਦਿਲ ਵਿਚ ਦੁਖੀਆਂ ਲਈ ਹਮਦਰਦੀ ਸੀ ਤੇ ਭੁਖਿਆਂ ਸਾਧੂਆਂ ਨੂੰ ਵੇਖ ਕੇ ਆਪ ਦਾ ਦਿਲ ਪਸੀਜ ਗਿਆ ਤੇ ਉਨ੍ਹਾਂ ਰੁਪਿਆਂ ਦਾ ਭੋਜਨ ਲਿਆ ਕੇ ਉਨ੍ਹਾਂ ਸਾਧੂਆਂ ਨੂੰ ਛਕਾ ਦਿੱਤਾ ਤੇ ਘਰ ਪਰਤ ਆਏ। ਘਰ ਆ ਕੇ ਪਿਤਾ ਜੀ ਕੋਲੋਂ ਝਿੜਕਾਂ ਪਈਆਂ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ -

"ਕਾਲੂ ਮਤੁ ਇਸ ਪੁੱਤ੍ਰ ਕੋ ਫਿਟ ਮਹੁ ਦੇਦਾ ਹੋਵੈ, ਏਹੁ ਮਹਾਪੁਰਖ ਹੈ, ਇਸ ਦਾ ਸਦਕਾ ਮੇਰਾ ਸ਼ਹਿਰ ਵਸਦਾ ਹੈ, ਕਾਲੂ ਤੂੰ ਭੀ ਨਿਹਾਲ ਹੋਆ ਅਤੇ ਮੈਂ ਭੀ ਨਿਹਾਲ ਹਾਂ, ਜਿਸ ਦੇ ਸ਼ਹਿਰ ਵਿਚ ਪੈਦਾ ਹੋਆ, ਤਬ ਕਾਲੂ ਆਖਿਆ, ਜੀ ਖੁਦਾਇ ਦੀਆਂ ਖੁਦਾਇ ਜਾਣੈ।"

ਇਸ ਤਰ੍ਹਾਂ ਰਾਇ ਬੁਲਾਰ ਜੀ ਵੀ ਆਪ ਨੂੰ ਸਮਝਦੇ ਸੀ ਤੇ ਕਾਲੂ ਜੀ ਨੂੰ ਕਿਹਾ - ਕਿ ਇਨ੍ਹਾਂ ਨੂੰ ਕੁਝ ਨਾ ਆਖਿਆ ਕਰੋ।

---

1. ਪੁਰਾਤਨ ਜਨਮ ਸਾਖੀ, - ਪੰਨਾ 9.

ਪਿਤਾ ਜੀ ਨੇ ਦੇਖਿਆ ਕਿ ਆਪ ਸੰਸਾਰ ਤੋਂ ਉਪਰਾਮ ਰਹਿੰਦੇ ਹਨ ਤੇ ਕਈ ਦਿਨਆਪ ਚੁੱਪ ਰਹੇ। ਸਭ ਨੇ ਸਮਝਿਆ ਕਿ ਗੁਰੂ ਜੀ ਬਿਮਾਰ ਹਨ। ਇਸ ਬਿਮਾਰੀ ਦੇ ਇਲਾਜ ਲਈ ਇਕ ਸਿਆਣੇ ਵੈਦ ਨੂੰ ਬੁਲਾਇਆ ਗਿਆ ਪਰ ਗੁਰੂ ਜੀ ਨੂੰ ਕੋਈ ਸਰੀਰਕ ਰੋਗ ਨਾ ਹੋਣ ਕਰਕੇ, ਉਹ ਕੁਝ ਦਵਾਈ ਨਾ ਦੇ ਸਕਿਆ। ਉਸ ਸਮੇਂ ਗੁਰੂ ਜੀ ਨੇ ਉਚਾਰਿਆ -

"ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਹਿ ॥

ਫਿਰ ਪਿਤਾ ਜੀ ਨੇ ਆਪ ਨੂੰ ਉਪਰਾਮਤਾ ਵਿਚੋਂ ਕੱਢਣ ਲਈ ਆਪ ਨੂੰ ਗ੍ਰਹਿਸਤ ਵਿਚ ਬੰਨਣਾ ਚਾਹਿਆ। ਪਰ ਗੁਰੂ ਜੀ ਆਤਮਕ ਮਗਨਤਾ ਕਾਰਨ ਹਿੰਦੂ ਮੁਸਲਮਾਨ ਸਾਧਾਂ ਸੰਤਾਂ ਦੀ ਸੰਗਤ ਵਿਚ ਰਹਿ ਕੇ ਪ੍ਰਸੰਨ ਹੁੰਦੇ ਸਨ। ਝੂਠੀਆਂ ਮਨੌਤਾਂ ਅਤੇ ਹਰ ਤਰ੍ਹਾਂ ਦੇ ਅਧਿਭੌਤਿਕ ਵਰਤਾਰਿਆਂ ਪ੍ਰਤੀ ਉਨ੍ਹਾਂ ਦੇ ਮਨ ਵਿਚ ਨਿਸ਼ਚਿਤ ਘਿਰਣਾ ਪੈਦਾ ਹੋ ਗਈ। ਉਨ੍ਹਾਂ ਦੇ ਦਿਲ ਵਿਚ ਆਪਣੇ ਪਿਤਾ ਦੇ ਕਾਰ ਵਿਹਾਰ ਜਾਂ ਪਿਤਾ ਪੁਰਖੀ ਕੰਮ ਸਿਖਣ ਦਾ ਜ਼ਰਾ ਜਿੰਨੀ ਵੀ ਲਾਲਸਾ ਨਾ ਉਪਜੀ। ਉਹ ਪਰਮਾਤਮਾ ਦੇ ਸਿਦਕੀ ਭਗਤ ਦੇ ਨਾਤੇ ਮਨੁੱਖਤਾ ਦੀ ਸੇਵਾ ਕਰਨਾ ਚਾਹੁੰਦੇ ਸਨ। ਸੰਸਾਰਕ ਧੰਦਿਆਂ ਵਿਚ ਰਿੱਝੇ ਪਿਤਾ ਕਾਲੂ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਵਿਵਹਾਰ ਬਿਲਕੁਲ ਪਸੰਦ ਨਹੀਂ ਸੀ। ਉਨ੍ਹਾਂ ਦਾ ਧਿਆਨ ਪਲਟਣ ਲਈ ਛੋਟੀ ਉਮਰ ਵਿਚ ਹੀ ਆਪ ਦਾ ਮੰਗਣਾ, ਵੈਸਾਖ ਸੁਦੀ 1, ਸੰਮਤ 1542 ਵਿਚ ਜਦੋਂ ਕਿ

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਜੀ ਸਿਰਫ਼ 16 ਸਾਲਾਂ ਦੇ ਸੀ- ਮੂਲ ਚੰਦ[1] ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਕਰ ਦਿੱਤਾ। ਗੁਰੂ ਜੀ ਦਾ ਵਿਆਹ[2] - 24 ਜੇਠ, 1944 ਸੰਨ 1487 ਮਈ ਦੀ ਤਕਰੀਬਨ 21 ਤਾਰੀਖ਼ ਨੂੰ ਹੋਇਆ। ਉਸ ਵੇਲੇ ਗੁਰੂ ਜੀ ਦੀ ਉਮਰ 18 ਸਾਲ ਦੀ ਸੀ।[3]

---

1. (ੳ) ਪ੍ਰੋ. ਸਾਹਿਬ ਸਿੰਘ - 'ਆਲੋਚਨਾ', 1965 ਜਨਵਰੀ, ਮਾਰਚ, ਪੰਨਾ 127.
   (ਅ) ਸ੍ਰ. ਖ਼ੁਸ਼ਵੰਤ ਸਿੰਘ, 'ਏ ਹਿਸਟਰੀ ਆਫ਼ ਦੀ ਸਿਖਸ' ਵਾਲਿਊਮ 1.
   (ੲ) 1469-1839 (ਆਕਸਫੋਰਡ ਯੂਨੀਵਰਸਟੀ ਪਰੈੱਸ, ਲੰਡਨ-63) ਇਸ ਨੂੰ ਮੂਲ ਚੰਦ ਚੋਨਾ ਲਿਖਦਾ ਹੈ। ਪੰਨਾ -301.
2. (ੳ) ਗੁਰੂ ਸਾਹਿਬ ਦੀ 'ਹੰਦਾਲੀਆਂ ਦੀ ਜਨਮਸਾਖੀ' ਵਿਚ ਗੁਰੂ ਸਾਹਿਬ ਦੀ ਦੂਜੀ ਸ਼ਾਦੀ ਵੀ ਦਸੀ ਜਾਂਦੀ ਹੈ - ਵੇਖੋ ਸਿਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ-ਹੱਥ ਲਿਖਤ ਨੰ. 4324, ਪੰਨਾ 274-78. ਪਰ ਇਸ ਬਾਰੇ ਹਕੀਕਤ ਹੈ ਕਿ ਬਾਬਾ ਹੰਦਾਲ ਦੇ ਇਕ ਵਾਰਸ ਬਿੱਧੀ ਚੰਦ ਨੇ ਆਪਣਾ ਇਕ ਕੁਕਰਮ ਲੁਕਾਉਣ ਲਈ ਇਹ ਕੀਤਾ। ਵੇਖੋ ਮੈਕਾਲਫ ਦੀ ਰਚਨਾ - 'ਸਿਖ ਰਿਲੀਜਨ, ਵਾਲਿਊਮ 1, ਇੰਟਰੋਡਕਸ਼ਨ, ਪੇਜ - xxx - xxxi.
   (ਅ) ਇਸ ਬਾਰੇ ਹੋਰ ਵਾਕਫ਼ੀ ਲਈ ਦੇਖੋ -
   ਰਤਨ ਸਿੰਘ ਭੰਗੂ ਦੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼'-ਖਾਲਸਾ ਸਮਾਚਾਰ ਅੰਮ੍ਰਿਤਸਰ - 1952, ਪੰਨਾ 184-86. ਇਕ ਪਠਾਨ ਦੀ ਲੜਕੀ ਸੀ ਤੇ ਗੁਰੂ ਜੀ ਦੇ ਵਰ ਨਾਲ ਪੈਦਾ ਹੋਈ ਸੀ। ਸਾਖੀਕਾਰ ਇਸ ਦਾ ਨਾਂ ਬੀਬੀ ਖਾਂ ਤੇ ਵਿਆਹ ਤੋਂ ਬਾਅਦ 'ਮਾਤਾ ਸੰਜੋਤ' ਦਸਦਾ ਹੈ।
3. ਸ੍ਰ. ਖ਼ੁਸ਼ਵੰਤ ਸਿੰਘ ਨੇ ਗੁਰੂ ਜੀ ਦਾ ਵਿਆਹ 12 ਸਾਲ ਦੀ ਆਯੂ ਵਿਚ 1481 ਈ. 1538 ਸੰਮਤ ਹੋਇਆ ਦਸਦਾ ਹੈ। ਉਸ ਅਨੁਸਾਰ 7 ਸਾਲ ਮਗਰੋਂ ਉਨ੍ਹਾਂ ਦੀ ਪਤਨੀ ਨਾਲ ਉਨ੍ਹਾਂ ਦੇ ਕੋਲ ਰਹਿਣ ਲਈ ਆਈ।
   'ਏ ਹਿਸਟਰੀ ਆਫ਼ ਦੀ ਸਿਖ' ਪੰਨਾ 30-31 ਵਿਚੋਂ।
   (ਅ) ਮਿਹਰਬਾਨ ਵਾਲੀ ਜਨਮਸਾਖੀ ਵਿਚ 15-16 ਸਾਲ ਦਾ ਵਿਆਹ ਹੋਇਆ ਲਿਖਿਆ ਹੈ। ਪੰਨਾ -24.
   (ੲ) ਭਾਈ ਮਨੀ ਸਿੰਘ -'ਗਿਆਨ ਰਤਨਾਵਲੀ' ਵਿਚ ਗੁਰੂ ਸਾਹਿਬ ਦਾ ਵਿਆਹ 14 ਸਾਲ ਦੀ ਆਯੂ ਅਥਵਾ 1483 ਈ. (1540 ਸੰਮਤ) ਵਿਚ ਹੋਇਆ ਦਸਦਾ ਹੈ। ਪਰ 1544 ਦਾ ਸਮਾਂ ਪੁਰਾਤਨ ਹੱਥ ਲਿਖਤਾਂ ਵਿਚ ਵਧੇਰੇ ਆਇਆ ਹੈ। ਵੇਖੋ -'ਸਿਖ ਰੈਫਰੈਂਸ ਲਾਇਬਰੇਰੀ', ਹੱਥ ਲਿਖਤ ਨੰ. 4318, ਪੰਨਾ 50.
   (ਸ) ਗੁਰੂ ਨਾਨਕ ਭਾਸ਼ਾ' ਡਾ. ਕਾਲਾ ਸਿੰਘ ਬੇਦੀ, ਪੰਨਾ 12.

ਗੁਰੂ ਨਾਨਕ ਦੇ ਵਿਆਹ ਉਤੇ ਮਾਤਾ ਤ੍ਰਿਪਤਾ ਦੀ ਭੈਣ ਮਾਈ ਲਖੋ ਵੀ ਆਈ ਹੋਈ ਸੀ। ਜਦ ਉਸ ਨੇ ਦੇਖਿਆ ਕਿ ਗੁਰੂ ਨਾਨਕ ਨੇ ਆਪਣੇ ਵਿਆਹ ਦਾ ਚੋਲਾ ਮਰਦਾਨੇ ਨੂੰ ਦੇ ਦਿਤਾ ਤੇ ਹੋਰ ਅਨੇਕਾਂ ਗਰੀਬਾਂ, ਅਨਾਥਾਂ ਨੂੰ ਦਾਨ ਦਿਤੇ ਤਾਂ ਉਹ ਵਿਅੰਗ ਨਾਲ ਆਖਣ ਲੱਗੀ -

"ਤ੍ਰਿਪਤਾ ਭੈਣ ਤੇਰਾ ਪੁਤਰ ਨਾਨਕ ਤਾਂ ਅੰਧਾ ਦੀਵਾਨਾ ਮਸਤਾਨਾ ਹੈ, ਘਰ ਵਿਚ ਜੋ ਕੀਮਤੀ ਚੀਜ਼ ਹੈ, ਚੁਕ ਚੁਕ ਲੋਕਾਂ ਨੂੰ ਵੰਡੀ ਜਾਂਦਾ ਹੈ, ਤੂੰ ਵੀ ਇਸ ਨੂੰ ਵਰਜਦੀ ਨਹੀਂ।"

ਗੁਰੂ ਸਾਹਿਬ ਨੇ ਮੁਸਕਰਾ ਕੇ ਆਖਿਆ -

"ਮਾਮੀ ਜੀ ਮੈਂ ਤਾਂ ਅੰਧਾ ਦੀਵਾਨਾ ਹਾਂ, ਤੁਹਾਡਾ ਪੁੱਤਰ ਪੂਰਾ ਮਸਤਾਨਾ ਹੋਵੇਗਾ।"

ਰਾਮ ਥੰਮਨ ਪਿਛੋਂ ਲਾਹੋਰ ਦਾ ਬੜਾ ਪ੍ਰਸਿੱਧ 'ਮਸਤਾਨਾ ਭਗਤ' ਹੋਇਆ ਹੈ।[1]

ਇਹ ਸਭ ਕੁਝ ਦਾ ਮਨੋਰਥ ਸੀ- ਪਿਤਾ ਦਾ ਪੁੱਤਰ ਨੂੰ ਵੈਰਾਗਮਈ ਅਵਸਥਾ ਵਿਚੋਂ ਕੱਢਣਾ। ਇਕ ਵਾਰ ਤਾਂ ਇਹ ਗ੍ਰਿਹਸਤ ਦੀ ਗੱਡੀ ਸਾਂਵੀ ਪੱਧਰੀ ਚਲਣ ਲੱਗੀ। ਪਰਮਾਤਮਾ ਦੀ ਮਿਹਰ ਨਾਲ ਆਪ ਦੇ ਘਰ, ਸ੍ਰੀ ਲਖਮੀ ਚੰਦ ਤੇ ਸ੍ਰੀ ਚੰਦ ਜੀ ਨੇ ਜਨਮ ਲਿਆ।

ਗੁਰੂ ਨਾਨਕ ਦੇਵ ਜੀ ਦਾ ਵਿਆਹੁਤਾ ਜੀਵਨ ਵੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਨਾ ਪਲਟ ਸਕਿਆ। ਪਿਤਾ ਪੁਰਖੀ ਵਿਚਲੇ ਆਪਸੀ ਸਬੰਧਾਂ ਨੂੰ ਵਿਗੜਨ ਤੋਂ ਬਚਾਣ ਲਈ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ, ਜੋ ਕਪੂਰਥਲੇ ਦੇ ਨੇੜੇ ਸੁਲਤਾਨਪੁਰ ਵਿਆਹੀ ਹੋਈ ਸੀ, ਆਪਣੇ ਵੀਰ ਨੂੰ ਆਪਣੇ ਘਰ ਲੈ ਗਈ ਤੇ ਆਪਣੇ ਪਤੀ ਜੈ ਰਾਮ ਦੀ ਸਿਫਾਰਸ਼ ਨਾਲ ਗੁਰੂ ਜੀ ਨੂੰ ਨਵਾਬ ਦੌਲਤਖਾਨ ਕੋਲ ਮੋਦੀ ਦੇ ਅਹੁਦੇ ਤੇ ਲਗਵਾ ਦਿੱਤਾ। ਇਸ ਤਰ੍ਹਾਂ

---

1. ਡਾ. ਤ੍ਰਿਲੋਚਨ ਸਿੰਘ, 'ਜੀਵਨ ਚਰਿਤ੍ਰ ਗੁਰੂ ਨਾਨਕ ਦੇਵ'

ਸਮਾਂ ਲੰਘਦਾ ਗਿਆ। ਇਨ੍ਹਾਂ ਦਾ ਨਿਤਾ ਪ੍ਰਤੀ ਦਾ ਜੀਵਨ ਪੁਰਾਤਨ ਜਨਮਸਾਖੀ ਵਿਚ ਸੰਖੇਪ ਰੂਪ ਵਿਚ ਇਸ ਤਰ੍ਹਾਂ ਮਿਲਦਾ ਹੈ -

" ਜੋ ਕਿਛੁ ਅਲੂਫਾ (ਤਨਖਾਹ ਤੋਂ ਵਖਰੀ ਰਸਦ) ਗੁਰੂ ਜੋਗੁ ਮਿਲੈ, ਸੋ ਖਾਵੈ, ਹੋਰ ਪਰਮੇਸੁਰ ਤੇ ਅਰਥਿ ਦੇਵੈ ਅਤੇ ਨਿਤਾ ਪ੍ਰਤਿ ਰਾਤ ਕਉ ਕੀਰਤਨ ਹੋਵੈ'।[1]

ਗੁਰੂ ਜੀ ਦੀ ਇਮਾਨਦਾਰੀ ਤੇ ਰੱਬੀ ਯਾਦ ਵਿਚਹਰ ਵੇਲੇ ਚੜ੍ਹੀ ਰਹਿੰਦੀ ਮਸਤੀ ਨੇ ਲੋਕਾਂ ਦੇ ਮਨਾਂ ਨੂੰ ਮੋਹ ਲਿਆ। ਪੁਰਾਤਨ ਜਨਮਸਾਖੀ ਦਾ ਕਰਤਾ ਲਿਖਦਾ ਹੈ -

"ਐਸਾ ਕੰਮ ਕਰੈਨਿ, ਜੋ ਸਭੁ ਕੋਈ ਖੁਸੀ ਹੋਵੈ ਸਭ ਲੋਕ ਆਖਿਨ ਜੋ ਵਾਹੁ ਵਾਹੁ ਕੋਈ ਭਲਾ ਹੈ। ਸਭ ਕੋਈ ਖਾਨ ਅਗੈ ਸੁਪਾਰਸ ਕਰੈ। ਖਾਨੁ ਬਹੁਤ ਖੁਸੀ ਹੋਆ।"[2]

ਗੁਰੂ ਨਾਨਕ ਦੇਵ ਜੀ ਨੇ ਦਿਆਨਤਦਾਰੀ ਤੇ ਸਿਦਕ ਨਾਲ ਕੰਮ ਕੀਤਾ ਅਤੇ ਥੋੜ੍ਹੇ ਸਮੇਂ ਵਿਚ ਹੀ ਹਰਮਨ ਪਿਆਰੇ ਮੋਦੀ ਬਣ ਗਏ। ਪਿਤਾ ਕਾਲੂ ਦੇ ਕਹਿਣ ਤੇ ਮਰਦਾਨਾ ਗੁਰੂ ਨਾਨਕ ਦੇਵ ਨੂੰ ਰੱਬੀ ਉਪਾਸਨਾ ਵਲੋਂ ਹਟਾ ਕੇ ਸਫਲ ਦੁਨਿਆਵੀ ਜੀਵਨ ਬਿਤਾਉਣ ਵਲ ਪ੍ਰੇਰਨ ਲਈ ਸੁਲਤਾਨਪੁਰ ਆਇਆ ਸੀ। ਪਰ ਗੁਰੂ ਨਾਨਕ ਦੇਵ ਜੀ ਦੇ ਨੂਰੀ ਜਲਾਲ ਥੱਲੇ ਆ ਗਿਆ ਤੇ ਜਦੋਂ ਵੀ ਗੁਰੂ ਨਾਨਕ ਦੇਵ ਜੀ ਰੱਬੀ ਉਸਤੱਤ ਵਿਚ ਸ਼ਬਦ ਗਾਉਂਦੇ ਤਾਂ ਉਹ ਰਬਾਬ ਤੇ ਉਨ੍ਹਾਂ ਨਾਲ ਸੰਗਤ ਕਰਨ ਲਗ ਪਿਆ। ਲੋਕੀ ਗੁਰੂ ਨਾਨਕ ਦੇਵ ਜੀ ਦੇ ਰੱਬੀ ਸ਼ਬਦ ਸੁਣਨ ਲਈ ਬਹੁ ਗਿਣਤੀ ਵਿਚ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ।[3]

---

1. ਪੁਰਾਤਨ ਜਨਮ ਸਾਖੀ, ਪੰਨਾ 16.
2. ਪੁਰਾਤਨ ਜਨਮਸਾਖੀ, ਮੋਦੀ ਖਾਨਾ ਸੰਭਾਲਿਆ, ਪੰਨਾ 16.
3. ਮੁਹਸਨ ਫਾਨੀ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਸਮੇਂ ਆਪਣੀ ਖੁਰਾਕ ਘਟ ਕਰ ਦਿੱਤੀ ਸੀ ਅਤੇ ਪਿਛੋਂ ਜਾ ਕੇ ਕੇਵਲ ਗਾਂ ਦੇ ਦੁੱਧ ਤੇ ਥੋੜੇ ਜਿਹੇ ਘਿਉ ਤੇ ਹੀ ਗੁਜ਼ਾਰਾ ਕਰਦੇ ਸਨ। ਅਖੀਰ ਉਹ ਪਵਨ-ਅਹਾਰੀ ਬਣ ਗਏ, ਜਿਵੇਂ ਕਿ ਉਹ 'ਹਵਾ' ਤੇ ਹੀ ਜਿਉਂਦੇ ਰਹੇ ਹੋਣ। 'ਦਬਿਸਤਾਂ' ਪੰਨਾ 223.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਨਾਨਕ ਦੇਵ ਆਪਣੇ ਜੀਵਨ ਵਿਚ ਕਈ ਪ੍ਰਕਾਰ ਦੇ ਕੌਤਕ ਤੇ ਨਿਆਰੇ ਖੇਲ ਰਚਦੇ ਸਨ। ਜਿਵੇਂ ਸਿੱਖ ਇਤਿਹਾਸ ਅਨੁਸਾਰ ਗੁਰੂ ਨਾਨਕ ਸਾਹਿਬ ਵੇਈਂ ਨਦੀ ਜੋ ਸੁਲਤਾਨਪੁਰ ਦੇ ਨੇੜਿਓਂ ਵਹਿੰਦੀ ਹੈ - ਉਸ ਵਿਚ ਇਸ਼ਨਾਨ ਕਰਨ ਲਈ ਗਏ ਤਾਂ ਫਿਰ ਤਿੰਨ ਦਿਨ ਉਥੇ ਹੀ ਰਹੇ।

ਪੁਰਾਤਨ ਜਨਮਸਾਖੀ ਵਾਲਾ ਲਿਖਦਾ ਹੈ -

"ਜਿਉਂ ਕਪੜੇ ਉਤਾਰਿ ਨਫਰ ਕਉ ਪਕੜਾਏ, ਨੂੜਾ ਕਰਿ ਕਰਿ ਜਿਉਂ ਦਰੀਆਵ ਵਿਚਿ ਜਿਉਂ ਡੁਬਕੀ ਮਾਰੀ ਤਿਉਂ ਫੇਰਿ ਨ ਨਿਕਲਿਆ।"

ਸਭ ਨੇ ਇਹ ਸਮਝਿਆ ਕਿ ਬਾਬਾ ਵੇਈਂ ਨਦੀ ਵਿਚ ਡੁੱਬ ਗਿਆ ਹੈ। ਹਿੰਦੂ ਮੁਸਲਮਾਨ, ਨਵਾਬ, ਪੰਡਤ, ਕਾਜ਼ੀ ਸਭ ਲੋਕ ਇਸ ਖਬਰ ਨਾਲ ਤੜਫ ਉਠੇ 'ਹਥ ਕਾਰ ਵਲ ਤੇ ਦਿਲ ਕਰਤਾਰ ਵੱਲ' ਵਾਲੇ ਵਿਅੱਕਤੀ ਦੀ ਸਮਾਧੀ ਉਥੇ ਹੀ ਜੁੜ ਗਈ ਅਤੇ ਭਾਈ ਗੁਰਦਾਸ ਅਨੁਸਾਰ ਉਹ ਤਾਂ ਇਸ 'ਅੰਧੀ ਰਯਤ ਗਿਆਨ ਵਿਹੂਣੀ' ਨੂੰ ਅੰਧਕਾਰ ਵਿਚੋਂ ਕਢ ਕੇ ਸੱਚੇ ਮਾਰਗ ਉਤੇ ਚਲਣ ਦਾ ਉਪਦੇਸ਼ ਦੇਣ ਲਈ ਸੋਚਣ ਲਗ ਪਏ ਸਨ -

"ਪਹਿਲਾ ਬਾਬਾ ਪਾਯਾ ਬਖਸੁਦਰਿ ॥
ਪਿਛੋ ਦੇ ਫਿਰਿ ਘਾਲਿ ਕਮਾਈ ॥
ਬਾਬਾ ਦੇਖੈ ਧਿਆਨ ਧਰਿ ॥
ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰ ਹੈ, ਹੈਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜ੍ਹਿਆ ਸੋਧਣਿ ਧਰਤਿ ਲੋਕਾਈ ॥ (ਵਾਰ 1, ਪਉੜੀ 24)

ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਜਪੁਜੀ ਸਾਹਿਬ ਜਿਹੜੀ ਕਿ ਬੀਜ ਰੂਪ ਰਚਨਾ ਹੈ ਜਾਂ ਸੂਤਰਿਕ ਰਚਨਾ ਹੈ - ਇਸ ਦੀ ਉਪਜ ਵੇਈਂ ਨਦੀ ਵਿਚ ਹੀ ਹੋਈ।[1]

---

1. 'ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ' ਦੂਜਾ ਹਿੱਸਾ, 'ਜਪੁ ਅਉਤਰਨ ਦੀ ਸਾਖੀ', ਪੰਨਾ-51.

ਤਿੰਨ ਦਿਨਾਂ ਤੋਂ ਬਾਅਦ, ਜਦੋਂ ਗੁਰੂ ਜੀ ਸੰਸਾਰੀ ਸੁਰਤ ਵਿਚ ਆਏ ਤਾਂ ਉਨ੍ਹਾਂ ਅੰਦਰ ਰੱਬੀ ਜੋਤ ਲਿਸ਼ਕਾਂ ਮਾਰ ਰਹੀ ਸੀ। ਸਭ ਤੋਂ ਪਹਿਲਾਂ ਉਨ੍ਹਾਂ -

"ਨਾ ਕੋਈ ਹਿੰਦੂ ਨ ਮੁਸਲਮਾਨ"॥

ਦਾ ਨਾਅਰਾ ਲਾਇਆ।[੧] ਇਹ ਗਲ ਦੋਹਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਚੁਭਦੀ ਸੀ। ਕਈਆਂ ਨੇ 'ਭੂਤ ਸਵਾਰ' ਹੋਣ ਦੀ ਗਲ ਛੇੜੀ। ਇਸ ਚਰਚਾ ਨੂੰ ਗੁਰੂ ਜੀ ਨੇ ਮਾਰੂ ਰਾਗ ਵਿਚ ਇਸ ਤਰ੍ਹਾਂ ਦਸਿਆ ਹੈ -

"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕ ਵੇਚਾਰਾ ॥"

ਗੁਰੂ ਨਾਨਕ ਦੇਵ ਜੀ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨਾਲ ਇਕੋ ਜਿਹਾ ਪਿਆਰ ਕਰਦੇ ਸਨ। ਉਨ੍ਹਾਂ ਨੂੰ ਖਾਲਿਕ ਸਾਰੀ ਖਲਕਤ ਵਿੱਚ ਵਸਦਾ ਨਜ਼ਰੀ ਪੈਂਦਾ ਸੀ। ਇਸ ਲਈ ਕਾਜ਼ੀ ਦੇ ਨਿਮੰਤ੍ਰਣ ਦੇਣ ਤੇ ਉਹ ਮਸੀਤ ਵਿਚ ਨਿਮਾਜ਼ ਪੜ੍ਹਨ ਲਈ ਚਲ ਪਏ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ -

"ਤਬ ਪੇਸ਼ੀ ਕੀ ਨਵਾਜ਼ ਕਾ ਵਕਤ ਹੋਇਆ। ਸਭਿ ਉਠਿ ਕਰ ਨਿਵਾਜ ਗੁਜਾਰਣ ਗਏ ਅਰੁ ਬਾਬਾ ਭੀ ਨਾਲ ਗਇਆ।"

ਗੁਰੂ ਜੀ ਕਾਜ਼ੀ ਵਲ ਦੇਖ ਕੇ ਹਸ ਪਏ, ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ- ਕਿ ਉਹ ਨਮਾਜ਼ ਦੀਆਂ ਆਇਤਾਂ ਨਹੀਂ ਪੜ੍ਹ ਰਿਹਾ।
ਜਨਮ ਸਾਖੀ ਵਾਲਾ ਲਿਖਦਾ ਹੈ -

"ਤਬ ਬਾਬੇ ਕਹਿਆ, ਖਾਨ ਜੀ। ਜਬ ਉਹ ਨਮਾਜ਼ ਉਪਰਿ ਖੜਾ ਥਾ ਤਬਿ ਇਸ ਕਾ ਮਨੁ ਝਵੁੜ ਨਾ ਥਾ। ਇਸ ਕੀ ਘੋੜੀ ਸੂਈ ਥੀ, ਵਛੇਰੀ ਜੰਮੀ ਥੀ, ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇਹੜੇ ਵਿਚ ਖੂਹੀ ਥੀ। ਅਰੁ ਇਸਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੈ ਇਸਿ ਕਾ ਮਨੁ ਉਹਾਂ ਗਇਆ ਆਹਾ। ਇਸ ਕੀ ਨਮਾਜ਼ ਕਬੂਲ ਨਹੀਂ ਪੜੀ।"

---

੧. 'ਗੁਰੂ ਨਾਨਕ ਚਮਤਕਾਰ' ਮਸੀਤ, ਪੰਨਾ -100.

ਇਹ ਸੁਣ ਕੇ ਕਾਜ਼ੀ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਲੇ ਦੁਆਲੇ ਵਿਅੱਕਤੀ ਨੂੰ ਨਿਰਬਲ ਤੇ ਸਮਾਜ ਨੂੰ ਕੋਝਾ ਵੇਖਿਆ। ਇਸ ਸੜ ਰਹੀ ਤੇ ਹੈ ਹੈ ਕਰ ਰਹੀ ਧਰਤੀ ਪੁਰ ਸ਼ਾਂਤ ਵਰਤਾਣ ਲਈ ਅਤੇ ਲੁਕਾਈ ਨੂੰ ਸੱਚਾ ਰਾਹ ਵਿਖਾਣ ਲਈ ਅਗਿਆਨੀਆਂ ਤੇ ਭੁਲੇ ਭਟਕਿਆਂ ਨੂੰ ਗਿਆਨ ਦੀਆਂ ਕਿਰਨਾਂ ਰਾਹੀਂ ਅਸਲੀ ਰਾਹ ਵਿਖਾਣ ਲਈ ਭਾਦੋਂ 15 ਸੰਮਤ 1564[1] ਨੂੰ ਸੁਲਤਾਨਪੁਰ ਛੱਡ ਕੇ 'ਜਗਤ ਤਾਰਕ' ਬਣ ਗਏ। ਆਪ ਦੀਆਂ ਇਨ੍ਹਾਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਸਮੇਂ ਆਪ ਨੇ ਗੁੰਗੀ ਜਨਤਾ ਦੀ ਜ਼ੁਬਾਨ ਤੇ ਅੰਨੀ ਜਨਤਾ ਦੀ ਡੰਗੋਰੀ ਬਣੇ। ਆਪ ਦੀਆਂ ਉਦਾਸੀਆਂ ਬਾਰੇ ਅਲੱਗ ਅਲੱਗ ਰਾਵਾਂ ਹਨ। ਕਈ 5[2] ਤੇ ਕਈ 3 ਉਦਾਸੀਆਂ ਮੰਨਦੇ ਹਨ। ਪਰ ਆਮ ਪ੍ਰਚਲਤ ਵਿਚਾਰ ਅਨੁਸਾਰ 4[3] ਉਦਾਸੀਆਂ ਹਨ। ਇਹ ਚਾਰ ਉਦਾਸੀਆਂ ਕ੍ਰਮਵਾਰ ਇਸ ਤਰ੍ਹਾਂ ਹਨ[4]- ਪਹਿਲੀ ਪੂਰਬ ਦੀ, ਦੂਜੀ ਦੱਖਣ ਦੀ, ਤੀਜੀ ਉੱਤਰ ਦੀ ਤੇ ਚੌਥੀ ਪੱਛਮ ਦੀ।

## 'ਪਹਿਲੀ ਉਦਾਸੀ' - 'ਪੂਰਬ ਦੀ' (1497 ਤੋਂ 1508)

ਜਗਤ ਤਾਰਕ ਤੇ ਮਨੁੱਖਤਾ ਦਾ ਕਲਿਆਣ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਤੰਬਰ 1497 ਤੋਂ ਲੈ ਕੇ 1508 ਵਿਚ ਸੰਪੂਰਨ ਕੀਤੀ।[5]

---

1. 'ਗੁਰੂ ਨਾਨਕ ਚਮਤਕਾਰ' ਸੁਲਤਾਨਪੁਰੋਂ ਤਿਆਰੀਆਂ, ਪੰਨਾ 92.
2. ਪੁਰਾਤਨ ਜਨਮ ਸਾਖੀ ਦੇ ਸੂਚੀ ਪਤ੍ਰ ਵਿਚ ਪੰਜ ਉਦਾਸੀਆਂ ਦਾ ਜ਼ਿਕਰ ਹੈ।
3. ਪ੍ਰਿ. ਤੇਜਾ ਸਿੰਘ 'ਮਹਾਂ ਕਵੀ ਗੁਰੂ ਨਾਨਕ' ਮਹਿਕਮਾ ਪੰਜਾਬੀ ਪਟਿਆਲਾ, 1956, ਪੰਨਾ 14.
4. 'ਚਿੰਤਨ ਤੇ ਕਲਾ', ਪੰਨਾ 16-17.
5. ਪ੍ਰੋ. ਸਾਹਿਬ ਸਿੰਘ, 'ਆਲੋਚਨਾ' ਅਪਰੈਲ ਤੋਂ ਜੂਨ 1965, ਪੰਨਾ 136.

ਇਨ੍ਹਾਂ ਉਦਾਸੀਆਂ ਕਰਨ ਦਾ ਮਕਸਦ ਵਹਿਮਾਂ, ਭੁਲੇਖਿਆਂ ਦੇ ਚੱਕਰ ਵਿਚੋਂ ਬਾਹਰ ਕੱਢਣਾ ਸੀ। ਹਰ ਵਿਚਾਰ ਨੂੰ ਅਮਲੀ ਤੇ ਸੁੰਤਮਈ ਤਰੀਕੇ ਨਾਲ ਪੇਸ਼ ਕੀਤਾ। ਇਸ ਤਰ੍ਹਾਂ ਲੋਕਾਂ ਨੂੰ ਆਪਣੇ ਵਲ ਖਿੱਚਣ ਲਈ ਜ਼ਰੂਰੀ ਸੀ ਕਿ ਕੋਈ ਅਜੀਬ ਤਰੀਕਾ ਲਭਿਆ ਜਾਵੇ। ਆਪ ਨੇ ਨਾਟਕੀ ਢੰਗ ਨਾਲ ਹਰ ਪਖੰਡ ਉਤੇ ਕਟਾਖਸ਼ ਕੀਤਾ। ਪੁਰਾਤਨ ਜਨਮਸਾਖੀ ਦਾ ਕਰਤਾ ਲਿਖਦਾ ਹੈ -

"ਏਕੁ ਬਸਤ੍ਰੁ ਅੰਬੋਆ ਏਕੁ ਬਸਤ੍ਰੁ ਚਿੱਟਾ ਏਕੁ ਪੈਰਿ ਜੁਤੀ ਏਕੁ ਪੈਰ ਖਉਸ, ਗਲਿ ਖਫਨੀ, ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਕੀ, ਮਥੈ ਤਿਲਕੁ ਕੇਸਰ ਕਾ।"[1] ਸਭ ਤੋਂ ਜ਼ਿਆਦਾ ਪਾਖੰਡ ਤੇ ਭਰਮ ਤੀਰਥ ਅਸਥਾਨਾਂ ਵਿਚ ਹੋ ਰਹੇ ਸੀ। ਆਪ ਵੀ ਹਿੰਦੂ ਤੀਰਥਾਂ ਅਥਵਾ ਧਰਮ ਅਸਥਾਨਾਂ ਪੁਰ ਫਿਰੇ। ਇਨ੍ਹਾਂ ਤੀਰਥ ਅਸਥਾਨਾਂ ਵਿਚ ਫੈਲ ਰਹੇ ਪਾਖੰਡ ਤੇ ਭੇਖਾਂ ਦਾ ਆਪਨੇ ਖੰਡਨ ਕੀਤਾ ਤੇ ਕਿਹਾ -

"ਤੀਰਥਿ ਨਾਵਣ ਜਾਉ ਤੀਰਥ ਨਾਮ ਹੈ
ਤੀਰਥੁ ਸਬਦ ਬੀਚਾਰ ਅੰਤਰਿ ਗਿਆਨ ਹੈ।"

ਹਿੰਦੂ ਧਰਮ ਵਿਚ ਆਈ ਸਿਥਲਤਾ ਤੇ ਗਿਲਾਨੀ ਨੂੰ ਗੁਰੂ ਸਾਹਿਬ ਨੇ ਚੇਤੰਨ ਦਿਮਾਗ ਨੇ ਅਨੁਭਵ ਕੀਤਾ ਅਤੇ ਸੂਤਕ ਵਹਮ ਭਰਮ, ਬੁੱਤ ਪੂਜਾ ਤੇ ਸਰਾਧ ਇਤਿਆਦਿ ਦੇ ਭਰਮਾਂ ਭੇਲੇਖਿਆਂ ਦੇ ਸ਼ਿਕਾਰ ਹੋਏ ਲੋਕਾਂ ਉਤੇ ਬੜੇ ਵਿਅੰਗ ਪੂਰਤ ਢੰਗ ਨਾਲ ਟੀਕਾ ਟਿਪਣੀ ਕੀਤੀ, ਉਨ੍ਹਾਂ ਦੀਆਂ ਗਲਤੀਆਂ ਤੇ ਬੇਸਮਝੀਆਂ ਨੂੰ ਉਨ੍ਹਾਂ ਸਾਹਮਣੇ ਪੇਸ਼ ਕੀਤਾ ਅਤੇ ਠੀਕ ਤੇ ਉੱਚਿਤ ਰਸਤੇ, ਜਿਨ੍ਹਾਂ ਤੇ ਚਲ ਕੇ ਉਹ ਆਪਣੀ ਮੰਜ਼ਲ ਤੇ ਪਹੁੰਚ ਸਕਦੇਸਨ, ਉਸ ਨੂੰ ਸਾਹਮਣੇ ਪੇਸ਼ ਕੀਤਾ। ਜੋ ਲੋਕ ਇਹਸਮਝਦੇ ਸਨ ਕਿ ਪੰਡਤਾਂ ਨੂੰ ਦੇਣ ਨਾਲ ਇਹ ਸਭ ਵਸਤਾਂ ਪਿਤਰਾਂ ਕੋਲ ਪਹੁੰਚ ਜਾਣਗੀਆਂ। ਉਨ੍ਹਾਂ ਨੂੰ ਇਸ ਤਰ੍ਹਾਂ ਸਮਝਾਇਆ -

"ਜੇ ਮੁਹਾਕਾ ਘਰ ਮਹੈ ਘਰ ਮਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ ਮੁਸਫੀ ਇਹ ਕਰੇਇ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲਿ ਦੇਇ॥

1. ਪੁਰਾਤਨ ਜਨਮ ਸਾਖੀ, ਪੰਨਾ -29.

ਗੁਰੂ ਨਾਨਕ ਦੇਵ ਜੀ ਵਿਸਾਖੀ ਦੇ ਮੇਲੇ ਉਤੇ ਹਰਦੁਆਰ ਪਹੁੰਚੇ। ਭਾਈ ਮਨੀ ਸਿੰਘ ਦੀ ਜਨਮਸਾਖੀ ਵਾਲਾ ਲਿਖਦਾ ਹੈ -

"ਬਾਬਾ ਜੀ ਗੰਗਾ ਕੋ ਚਲੇ ਔਰ ਰਮਤੇ ਰਮਤੇ ਵਿਸਾਖੀ ਦੇ ਮੇਲੇ ਜਾਏ ਪਹੁੰਚੇ।"[1]

ਤੀਰਥ ਯਾਤਰਾ ਦੇ ਪ੍ਰਮੁਖ ਅਸਥਾਨਾਂ ਉਤੇ, ਗੁਰੂ ਨਾਨਕ ਦੇਵ ਜੀ ਨੇ ਸਰੋਤਿਆਂ ਦੇ ਮਨਾਂ ਵਿਚ ਆਪਣੇ ਵਿਚਾਰ ਬਿਠਣ ਲਈ ਵਚਿੱਤਰ ਢੰਗ ਦੇ ਕਰਤਵ ਦਿਖਾਏ। ਹਰਦੁਆਰ ਜਦੋਂ ਦੇਖਿਆ ਕਿ ਲੋਕ ਗੰਗਾ ਵਿਚ ਇਸ਼ਨਾਨ ਕਰਦਿਆਂ ਚੜ੍ਹਦੇ ਸੂਰਜ ਵਲ ਮੂੰਹ ਕਰਕੇ ਪਾਣੀ ਸੁੱਟ ਰਹੇ ਸਨ - ਭਾਵੇਂ ਗੁਰੂ ਨਾਨਕ ਦੇਵ ਜੀ ਨੂੰ ਇਸ ਗਲ ਦਾ ਪਤਾ ਸੀ, ਫਿਰ ਵੀ ਉਨ੍ਹਾਂ ਨੇ ਲੋਕਾਂ ਤੋਂ ਪੁਛਿਆ ਕਿ ਉਹ ਕੀ ਕਰ ਰਹੇ ਹਨ ਤੇ ਫਿਰ ਪੱਛਮ ਵਲ ਮੂੰਹ ਫੇਰ ਕੇ ਪਾਣੀ ਸੁੱਟਣ ਲਗ ਪਏ ਤੇ ਪੰਡਤਾਂ ਦੇ ਪੁਛਣ ਉਤੇ ਕਿਹਾ ਕਿ ਪੰਜਾਬ ਵਿਚਲੀਆਂ ਖੇਤੀਆਂ ਨੂੰ ਪਾਣੀ ਦੇ ਰਹੇ ਹਨ।

ਜਨਮਸਾਖੀ ਮਿਹਰਬਾਨ ਜੀ ਵਾਲਾ ਲਿਖਦਾ ਹੈ -

"ਲਾਹੌਰ ਕੇ ਨਜ਼ੀਰ ਹਮਾਰਾ ਘਰ ਹੈ ਔਰ ਖੇਤੁ ਹੈ ਮੇਰੇ ਖੇਤੁ ਮੇਂ ਮੀਹ ਕਭੀ ਨਹੀਂ ਪੜਿਆ ਮੈਂ ਉਸ ਖੇਤੁ ਕੋ ਪਾਣੀ ਦੇਤਾ ਹੂੰ, ਤਬ ਉਹ ਲੋਕ ਹੱਸ ਪੜੇ ਕੋਈ ਬਾਵਲਾ ਹੈ।[2]"

ਪਰ ਪੰਡਤ ਹੈਰਾਨ ਹੋ ਗਏ ਕਿ ਖੇਤੀਆਂ ਨੂੰ ਪਾਣੀ ਕਿਸ ਤਰ੍ਹਾਂ ਪਹੁੰਚ ਸਕਦਾ ਹੈ? ਪਰ ਆਪ ਨੇ ਦਸਿਆ ਕਿ ਜੇ ਮੇਰਾ ਇਥੇ ਪਾਣੀ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਕਰੋੜਾਂ ਮੀਲ ਦੂਰੀ ਉਤੇ ਪਾਣੀ ਕਿਸ ਤਰ੍ਹਾਂ ਪਹੁੰਚ ਸਕਦਾ ਹੈ।ਗੁਰੂ ਜੀ ਦਾ ਇਹ ਉੱਤਰ ਸੁਣ ਕੇ ਲੋਕਾਂ ਦੀਆਂ ਅੱਖਾਂ ਖੁਲ੍ਹ ਗਈਆਂ।

ਗੁਰੂ ਨਾਨਕ ਦੇਵ ਜੀ ਸਿਆਦਪੁਰ (ਏਮਨਾਬਾਦ) ਵਿਚਭਾਈ ਲਾਲੋ ਤਰਖਾਣ ਦੇ ਘਰ ਠਹਿਰੇਅਤੇ ਉਸ ਦਾ ਹੱਥਾਂ ਦਾ ਬਣਿਆ ਪ੍ਰਸ਼ਾਦਿ ਛਕਿਆ। ਇਕ ਖਤਰੀ ਜਾਤ ਦੇ ਵੱਡੇ ਜ਼ਿਮੀਦਾਰ ਮਲਕ ਭਾਗੋ ਦੇ ਪਕਵਾਨ ਖਾਣ ਤੋਂ ਇਸ ਕਰਕੇ ਨਾਂਹ ਕੀਤੀ ਕਿ ਉਸ ਨੇ ਲੋਕਾਂ ਨੂੰ ਲੁਟ ਲੁਟ ਕੇ ਦੌਲਤ ਜਮ੍ਹਾ ਕੀਤੀਹੋਈ ਸੀ। ਜਿਥੇ ਕਿ ਭਾਈ ਲਾਲੋ ਲਹੂ ਪਸੀਨੇ ਦੀ ਕਮਾਈ ਨਾਲ ਰੋਟੀ ਪਕਾਉਂਦਾ ਸੀ। ਗੁਰੂ ਨਾਨਕ ਦੇਵ

---

1. ਭਾਈ ਮਨੀ ਸਿੰਘ ਦੀ ਜਨਮ ਸਾਖੀ, ਪੰਨਾ 200.
2. ਜਨਮ ਸਾਖੀ ਮਿਹਰਬਾਨ, ਪੰਨਾ -118.

ਜੀ ਨੇ ਵੇਖਿਆ ਕਿ ਲੋਕੀ ਸੁੱਚੀ ਕਿਰਤ ਕਰਨੀ ਛੱਡ ਕੇ ਪਾਪ ਦੀ ਖੱਟੀ ਨਾਲ ਪਿਆਰ ਕਰ ਰਹੇ ਸਨ, ਤਾਂ ਆਪ ਨੇ ਏਮਨਾਬਾਦ ਦਾ ਮਲਕ ਭਾਗੋ ਦੇ ਸਵਾਦੀ, ਪਰ ਧੋਖੇ ਨਾਲ ਇਕੱਠੇ ਕੀਤੇ ਧਨ ਤੋਂ ਬਣੇ ਹੋਏ ਭੋਜਨ ਪਦਾਰਥਾਂ ਵਿਚੋਂ ਲਹੂ ਕੱਢ ਕੇ ਵਿਖਾਇਆ ਅਤੇ ਸੁੱਚੀ ਕਿਰਤ ਕਰਨ ਵਾਲੇ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀਆਂ ਧਾਰਾਂ ਵਗਾ ਦਿੱਤੀਆਂ। ਆਪ ਨੇ ਵਿਹਲੜਾਂ ਤੇ ਮੰਗ ਕੇ ਖਾਣ ਵਾਲਿਆਂ ਤੇ ਗੁਰੂ ਪੀਰ ਸਦਾਉਣ ਵਾਲਿਆਂ ਨੂੰ ਨਿੰਦਿਆ, ਕਿਰਤ ਕਰਨ ਵਾਲਿਆਂ, ਤੇ ਘਾਲਣਾ ਘਾਲਣ ਵਾਲਿਆਂ ਨੂੰ ਉੱਚਤਾ ਦਿੱਤੀ ਹੈ। ਫ਼ਰਮਾਨ ਹੈ -

'ਗੁਰ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ'॥

ਇਸ ਤਰ੍ਹਾਂ ਗੁਰੂ ਜੀ ਜਿਥੇ ਵੀ ਜਾਂਦੇ ਸਨ, ਭਾਵੇਂ ਕਿਸ ਤਰ੍ਹਾਂ ਦੀ ਵੀ ਸਥਿਤੀ ਹੋਵੇ, ਉਹ ਸੱਚ ਬੋਲਦੇ ਸਨ ਅਤੇ ਅਗਲੇ ਨੂੰ ਸੱਚ ਬੋਲਣ ਵਾਸਤੇ ਤੇ ਕੂੜ ਨੂੰ ਤਿਰਸਕਾਰਨ ਵਾਸਤੇ ਤਿਆਰ ਕਰ ਲੈਂਦੇ ਸਨ। ਪਿਆਰ ਕਰਨ ਵੇਲੇ ਉਨ੍ਹਾਂ ਕਦੀ ਕਿਸੇ ਜਾਤਿ, ਵਰਣ, ਰੂਪ ਰੰਗ ਕਿੱਤੇ, ਬੋਲੀ ਤੇ ਦੇਸ਼ ਦਾ ਖ਼ਿਆਲ ਨਹੀਂ ਰਖਿਆ। ਜਿਥੇ ਜਾਂਦੇ ਸਨ, ਪਿਆਰ ਤੇ ਪਵਿੱਤਰਤਾ ਦਾ ਮੰਡਲ ਬਣਾ ਲੈਂਦੇ ਸਨ।

ਉਸ ਸਮੇਂ ਸਮਾਜ ਅੰਧ ਵਿਸ਼ਵਾਸ਼ ਦੀਆਂ ਜ਼ੰਜੀਰਾਂ ਨਾਲ ਬੁਰੀ ਤਰ੍ਹਾਂ ਜਕੜਿਆ ਪਿਆ ਸੀ। ਅੰਧ ਵਿਸ਼ਵਾਸ਼ ਦੇ ਫੈਲਾਉਣ ਦੇ ਵੱਡੇ ਵੱਡੇ ਕੇਂਦਰ ਤੀਰਥ ਅਸਥਾਨ ਸਨ। ਗੁਰੂ ਜੀ ਨੇ ਪੰਡਤ ਦੇ ਭਰਮ ਜਾਲ ਨੂੰ ਸਾਹਿੱਤਕ ਵਿਅੰਗ ਨਾਲ ਤਾਰ ਤਾਰ ਕੀਤਾ। ਆਪ ਨੇ ਪਿਤਰ ਪੂਜਾ ਦੇ ਸ਼ਬਦ ਦਾ ਮਖੌਲ ਉਡਾਇਆ ਹੈ। ਜੇ ਕੋਈ ਆਦਮੀ ਆਪਣੇ ਗੁਆਂਢੀ ਦੀ ਚੀਜ਼ ਚੁਰਾ ਕੇ ਪਿਤਰਾਂ ਨੂੰ ਪੰਡਿਆਂ ਰਾਹੀਂ ਭੇਜੇ ਅਤੇ ਪਿਤਰ ਲੋਕ ~~ਗੁਆਂਢੀ ਦੀ ਚੀਜ਼ ਚੁਰਾ ਕੇ~~ ਵਿਚ ਗੁਆਂਢੀ ਦੇ ਪਿਤਰ ਵੀ ਮੌਜੂਦ ਹੋਣ ਤੇ ਉਹ ਆਪਣੇ ਘਰ ਦੀ ਚੀਜ਼ ਸਿਆਣ ਲੈਣ ਤਾਂ ਨਤੀਜਾ ਇਹ ਹੋਵੇਗਾ ਕਿ ਚੋਰੀ ਫੜ ਲੈਣਗੇ। ਇਸ ਤਰ੍ਹਾਂ ਆਪ ਨੇ ਸਾਹਿੱਤਕ ਵਿਅੰਗ ਵਿਚ, ਪਿਤਰ ਪੂਜਾ ਦੇ ਵਿਚੋਲੇ ਪੰਡਿਆਂ ਨੂੰ ਡਰਾਉਣੀ ਤਾੜਨਾ ਦਿੱਤੀ ਹੈ। ਇਸ ਤਰ੍ਹਾਂ ਪਾਖੰਡ ਭਰੇ ਨਿਰਮੂਲ ਸਿਧਾਂਤ ਦਾ ਵਿਰੋਧ ਕੀਤਾ ਹੈ ਅਤੇ ਮਨੁੱਖਵਾਦੀ ਹੋਣ ਦਾ ਸਬੂਤ ਦਿੱਤਾ ਤੇ ਕਿਹਾ ਹੈ ਕਿ ਇਨ੍ਹਾਂ ਪੰਡਤਾਂ ਤੇ ਧਰਮ ਦੇ ਠੇਕੇਦਾਰਾਂ ਨੇ ਹੁਣ ਤਕ ਧਰਮ ਨੂੰ ਸਚਾਈ ਤੋਂ ਲੋਕਾਂ ਦੇ ਸ਼ੁਭ ਕਰਮਾਂ ਤੋਂ ਦੂਰ ਰਖਿਆ ਹੈ।

ਜੋਗੀ ਲੋਕ ਜੋ ਰਿਧੀਆਂ ਸਿਧੀਆਂ ਦੇ ਕਾਰਨ, ਲੋਕ ਉਨ੍ਹਾਂ ਦੀ ਸੇਵਾ ਕਰਦੇ ਸਨ ਕਿ ਕਿਧਰੇ ਸਰਾਪ ਨਾ ਦੇ ਦੇਣ। ਲੋਕਾਂ ਲਈ ਉਹ ਸਹਿਮ ਬਣ ਗਏ ਸਨ। ਗੋਰਖ ਮਤਾ ਦੇ ਗੁਆਂਢ ਰਜਵਾੜੇ ਚੰਡੀ ਦੇਵੀ ਅੱਗੇ ਮਨੁੱਖਾਂ ਦਾ ਬਲੀਦਾਨ ਦਿਆ ਕਰਦੇ, ਪਰ ਇਹ ਜੋਗੀ ਆਪਣੇ ਵਿਚਹੀ ਮਸਤ ਰਹਿੰਦੇ। ਕਦੇ ਵੀ ਲੋਕਾਂ ਨੂੰ ਘੋਰ ਨਿਰਦਈ ਕੁਕਰਮੀ ਵਲੋਂ ਨਾ ਵਰਜਦੇ। ਗੁਰੂ ਜੀ ਵੈਸਾਖ 1565 (ਅਪਰੈਲ 1508) ਇਥੇ ਪਹੁੰਚੇ ਤੇ ਲੋਕਾਂ ਨੂੰ ਜਗਾਇਆ ਕਿ -ਨਿਰਜਿੰਦ ਮੂਰਤੀਆਂ ਨੇ ਕੀ ਖੁਸ਼ ਹੋਣਾ ਹੈ ਤੇ ਕੀ ਨਰਾਜ਼ ਹੋਣਾ ਹੈ।

ਗੁਰੂ ਜੀ ਤੁਲੰਬੇ ਗਏ। ਇਥੇ ਆਪ ਨੇ ਸ਼ੇਖ ਸਜਨ ਇਕ ਨਾਮੀ ਠੱਗ ਦਾ ਸੁਧਾਰ ਕੀਤਾ। ਇਹ ਠੱਗ ਫਕੀਰੀ ਬਾਣੇ ਵਿਚ ਆਉਂਦੇ ਜਾਂਦੇ ਰਾਹੀਆਂ ਨੂੰ ਰਾਤ ਸੌਣ ਲਈ ਆਪਣੀ ਸਰਾਂ ਵਿਚ ਥਾਂ ਦਿੰਦੇ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਦਾ ਪਰ ਅੱਧੀ ਰਾਤ ਵੇਲੇ ਇਨ੍ਹਾਂ ਰਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਅਤੇ ਉਨ੍ਹਾਂ ਦਾ ਸਾਰਾ ਮਾਲ ਹੜੱਪ ਕਰ ਲੈਂਦਾ। ਗੁਰੂ ਸਾਹਿਬ ਦੇ ਚਿਹਰੇ ਉਤੇ ਜਲਾਲ ਤੇ ਮਿੱਠ ਬੋਲੜੇ ਸ਼ਬਦਾਂ ਨੇ ਉਨ੍ਹਾਂ ਦੇ ਕਰੜੇ ਮਨਨੂੰ ਮੋਮ ਕਰ ਦਿੱਤਾ ਅਤੇ ਉਸ ਦੀ ਸ਼ਖਸੀਅਤ ਵਿਚ ਇਕ ਪਲਟਾ ਆ ਗਿਆ। ਗੁਰੂ ਸਾਹਿਬ ਨੇ ਸੱਜਣ ਠੱਗ ਨੂੰ ਇਨ੍ਹਾਂ ਤੁਕਾਂ ਰਾਹੀਂ ਉਪਦੇਸ਼ ਦਿੱਤਾ -

'ਉਜਲ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥
ਧੋਤਿਆਂ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ॥'

ਖਾਸ ਖਾਸ ਤੀਰਥਾਂ ਦੇ ਇਸ਼ਨਾਨ ਦਾਬੜਾ ਮਹਾਤਮ ਦਸਿਆ ਜਾਂਦਾ ਹੈ। ਲੋਕ ਵਿਸ਼ਵਾਸ਼ ਅਨੁਸਾਰ ਤੀਰਥਾਂ ਉੱਤੇ ਇਸ਼ਨਾਨ ਕਰਨ ਨਾਲ ਜੀਵਨ ਵਿਚ ਕੀਤੇ ਪਾਪ ਧੋਤੇ ਜਾਂਦੇ ਹਨ। ਜੋ ਅਠਾਹਠ ਮਨੁੱਖੀ ਤੀਰਥਾਂ ਦਾ ਇਸ਼ਨਾਨ ਆਤਮ ਕਲਿਆਣ ਦਾ ਇਕ ਸਾਧਨਬਣਿਆ ਪਿਆ ਸੀ। ਪਰ ਇਹ ਤੀਰਥ ਸਾਰੇ ਭਾਰਤ ਵਿਚ ਫੈਲੇ ਹੋਏ ਸਨ ਅਤੇ ਇਨ੍ਹਾਂ ਦੀ ਯਾਤਰਾ ਸੌਖੀ ਨਹੀਂ ਸੀ। ਕਈ ਬ੍ਰਿਧ ਆਪਣੀ ਸਾਰੀ ਉਮਰ ਦੀ ਕਮਾਈ ਇਨ੍ਹਾਂ ਤੀਰਥਾਂ ਦੇ ਭਰਮਣ ਉਤੇ ਖਰਚ ਕਰ ਦਿੰਦੇ। ਇਨ੍ਹਾਂ ਤੀਰਥਾਂ ਉਤੇ ਬੈਠੇ ਪਾਂਡੇ ਸਵਰਗਾਂ ਦੇ ਲਾਰੇ ਦੇ ਕੇ ਯਾਤਰੀਆਂ ਦੀ ਚੰਮੜੀ ਉਦੇੜਦੇ ਸਨ

ਪਰ ਸਭ ਤੀਰਥਾਂ ਦੇ ਇਸ਼ਨਾਨ ਦਾ ਇਕ ਸੌਖਾ ਸਾਧਨ ਵੀ ਸੀ। ਨਿਸ਼ਚਾ ਸੀ ਕਿ ਕੁਰਖੇਤਰ ਵਿਚ, ਭਾਵ ਗੰਗਾ ਦੇ ਸਰੋਵਰ ਵਿਚ ਸੂਰਜ ਗ੍ਰਹਿਣ ਸਮੇਂ ਅਠਾਹਠ ਪਾਵਨ ਤੀਰਥਾਂ ਦਾ ਜਲ ਧਰਤੀ ਦੇ ਅੰਦਰੋਂ ਅੰਦਰੀ ਗੁਪਤ ਵਗਦੀਆਂ ਧਾਰਾਵਾਂ ਰਾਹੀਂ ਜਾ ਰਲਦਾ ਹੈ। ਇਸ ਪੁਰਬ ਉਤੇ ਇਸ਼ਨਾਨ ਕਰਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਮਿਲਦਾ ਹੈ। ਇਸ ਲਈ ਸੂਰਜ ਗ੍ਰਹਿਣ ਸਮੇਂ ਸਭ ਤੋਂ ਵੱਡਾ ਮੇਲਾ ਕੁਰੂਕਸ਼ੇਤਰ ਵਿਖੇ ਲੱਗਦਾ। ਇਹ ਵੈਸ਼ਨਵਾਂ ਦਾ ਗੜ੍ਹ ਸੀ। ਗੁਰੂ ਜੀ ਹਰਦੁਆਰ ਤੋਂ ਇਥੇ ਆਏ। ਇਥੇ ਸੂਰਜ ਗ੍ਰਹਿਣ ਦਾ ਮੇਲਾ ਸੀ। ਪਹਿਲਾਂ ਗੁਰੂ ਸਾਹਿਬ ਨੂੰ ਇਕ ਸਿੱਧਾਂ ਦੀ ਟੋਲੀ ਮਿਲੀ। ਇਥੇ ਗੁਰੂ ਜੀ ਨੂੰ ਪਤਾ ਲੱਗਾ ਕਿ ਇਕ ਨਾਨੂ ਪੰਡਤ ਕਲਜੁਗ ਦਾ ਨਾਨਕ ਅਵਤਾਰ ਬੈਠਾ ਹੈ। ਨਾਨਕ ਨਾਨੂ ਪੰਡਤ ਨੂੰ ਇਸ ਗਲ ਦੀ ਬੜੀ ਹੈਰਾਨੀ ਹੋਈ ਕਿ ਇਥੇ ਇਕ ਹੋਰ ਨਾਨਕ ਨਾਮ ਦਾ ਸਾਧੂ ਆਇਆ ਹੋਇਆ ਹੈ। ਜੇ ਉਹ ਇਸ ਨੂੰ ਸ਼ਾਸਤਰ ਅਰਥ ਵਿਚ ਹਰਾ ਦੇਵੇ ਤਾਂ ਦੁਨੀਆਂ ਕੇਵਲ ਉਸ ਨੂੰ ਕਲਜੁਗ ਦਾ ਨਾਨਕ ਅਵਤਾਰ ਮੰਨੇਗੀ। ਇਸ ਲਈ ਬੜੀ ਬਹਿਸ ਸ਼ੁਰੂ ਹੋ ਗਈ।

ਜਨਮ ਸਾਖੀ ਦਾ ਕਰਤਾ ਲਿਖਦਾ ਹੈ-

"ਪੰਡਤ ਕੁਰੁਖੇਤਰ ਦੇ ਇਕੱਠ ਹੋ ਆਏ ਤੇ ਨਾਨੂ ਚੰਦ ਜੋ ਬੜਾ ਪੰਡਤ ਸੀ ਉਹ ਵਿਚ ਆਏ ਬੈਠਾ।"[1]

ਇਸ ਸੂਰਜ ਗ੍ਰਹਿਣ ਸਮੇਂ ਅੱਗ ਨਾ ਬਾਲਣ ਤੇ ਮਾਸ ਨਾ ਰਿੰਨਣ ਤੇ ਵਹਿਮ ਵਿਚ ਪੰਡਤਾਂ ਵਿਰੁਧ ਚਰਚਾ ਛੇੜੀ। ਗੁਰੂ ਜੀ ਨੇ ਮਾਸ ਤੇਸਾਗ ਦੇ ਵਿਤਕਰੇ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ -

"ਮਾਸੁ ਮਾਸੁ ਕਰਿ ਮੂਰਖੁ ਝਗੜੇ ॥
ਗਿਆਨੁ ਧਿਆਨੁ ਨਹੀ ਜਾਣੈ॥"

ਇਸ ਤਰ੍ਹਾਂ ਐਮਨਾਬਾਦ, ਤੁਲੰਬਾ, ਕੁਰਕਸ਼ੇਤਰ, ਹਰਦੁਆਰ, ਜਗਨ ਨਾਥ, ਲਾਹੌਰ ਤੇ ਕਰਤਾਰਪੁਰ ਆਦਿ ਸਥਾਨਾਂ ਉਤੇ ਗਏ।

---

1. ਜਨਮ ਸਾਖੀ ਭਾਈ ਮਨੀ ਸਿੰਘ, ਪੰਨਾ -136.

## ਦੂਜੀ ਉਦਾਸੀ - ਦੱਖਣ ਦੀ (ਸੰਨ 1510 ਤੋਂ 1515)

ਥੋੜ੍ਹੀ ਦੇਰ ਕਰਤਾਰਪੁਰ ਆਰਾਮ ਕਰਨ ਤੋਂ ਬਾਅਦ ਗੁਰੂ ਨਾਨਕ ਦੇਵ ਨੇ ਲੋਕਾਂ ਦੀ ਅਧਕਰਸ਼ ਮਈ ਹਾਲਤ ਵਿਚ ਉਤਕਰਸ਼ ਲਿਆਉਣ ਲਈ ਦੱਖਣ ਵਲ ਨੂੰ ਚਾਲੇ ਪਾ ਦਿੱਤੇ।

ਜਨਮ ਸਾਖੀ ਮਿਹਰਬਾਨ ਦਾ ਲੇਖਕ ਲਿਖਦਾ ਹੈ -

"ਤਬ ਗੁਰੂ ਬਾਬੇ ਨਾਨਕ ਜੀ ਤੀਨ ਬਰਸ ਪੂਰਬ ਦੀ ਧਰਤੀ ਸਭ ਦੇਖੀ ਫੇਰ ਪੂਰਬ ਕੀ ਧਰਤੀ ਤੇ ਦਖਣ ਕੋ ਗਏ।"[1]

ਇਸ ਸਮੇਂ ਆਪ ਦਾ ਲਿਬਾਸ ਪਹਿਲਾਂ ਨਾਲੋਂ ਵੀ ਸਾਧਾਰਨ ਅਤੇ ਪਹਿਲਾਂ ਨਾਲੋਂ ਵੀ ਲੋਕਾਂ ਨੂੰ ਆਪਣੇ ਵਲ ਜ਼ਿਆਦਾ ਆਕਰਸ਼ਤ ਕਰਨ ਵਾਲਾ ਸੀ।

ਪੁਰਾਤਨ ਜਨਮਸਾਖੀ ਵਾਲਾ ਆਪ ਦੇ ਪਹਿਰਾਵੇ ਬਾਰੇ ਇਸ ਤਰ੍ਹਾਂ ਲਿਖਦਾ ਹੈ -

"ਤਦਹੁ ਪੈਰੀ ਖੜਾਵਾਂ ਕਾਠ ਕੀਆਂ। ਹਥਿ ਆਸਾ। ਸਿਰਿ ਰਸੇ ਪਲੇਟੇ। ਬਾਹਾਂ ਜਾਂਘਾਂ ਰਸੇ ਪਲੇਟੇ। ਮਥੇ ਟਿਕਾ ਬਿੰਦ੍ਰਾਈ ਕਾ।"[2]

ਇਸ ਉਦਾਸੀ ਸਮੇਂ ਭਾਈ ਸੈਦੋ ਤੇ ਭਾਈ ਸੀਹੋ[3] ਦੋ ਜੱਟ ਸੇਵਕਾਂ ਨੇ ਸਾਥ ਦਿੱਤਾ। ਇਸ ਦੌਰਾਨ ਆਪ ਜੈਨੀਆਂ, ਬੋਧੀਆਂ, ਜੋਗੀਆਂ ਤੇ ਮੁਸਲਮਾਨ ਸੂਫੀ ਫਕੀਰਾਂ ਦੇ ਅੱਡਿਆਂ ਉਤੇ ਗਏ। ਜੈਨੀਆਂ ਦੀਆਂ ਖਾਣ ਪੀਣ ਤੇ ਨਾਈਆਂ ਬੰਦਸ਼ਾਂ ਤੇ ਗੰਦੀਆਂ ਹਵਾੜ੍ਹਾਂ ਲੈਣ ਅਤੇ ਪਾਣੀ ਪੁਣ ਕੇ ਪੀਣ ਦੀਆਂ ਗਲਤ ਰੁਚੀਆਂ ਉਤੇ ਕਰਾਰੀਆਂ ਸੱਟਾਂ ਮਾਰੀਆਂ ਤੇ ਦਸਿਆ ਕਿ ਮਲੀਨਤਾ ਤੇ ਗੰਦਗੀ ਵਿਚ ਜ਼ਿੰਦਗੀ ਬਸਰ ਕਰਨੀ ਇਕ ਵੱਡਾ ਔਗੁਣ ਹੈ ਅਤੇ ਤਨ ਮਨ ਦੀ ਸਫਾਈ ਤੇ ਪਵਿੱਤਰਤਾ ਪਰਮਾਤਮਾ ਦੀ ਪ੍ਰਾਪਤੀ ਦਾ ਇਕ ਸਾਧਨ ਹੈ ਤੇ ਕਿਹਾ -

"ਸਿਰ ਖੋਹਾਇ ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ॥
ਫੋਲ ਫਦੀਹਤਿ ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ ॥

---

1. ਜਨਮਸਾਖੀ ਮਿਹਰਬਾਨ, ਪੰਨਾ 203.
2. ਪੁਰਾਤਨ ਜਨਮਸਾਖੀ, ਪੰਨਾ 91.
3. ਪੁਰਾਤਨ ਜਨਮਸਾਖੀ, ਪੰਨਾ 91.

ਜੋਗੀਆਂ ਤੇ ਮੁਸਲਮਾਨਾਂ ਦੇ ਅੱਡਿਆਂ ਉਤੇ ਜਾ ਕੇ ਆਪ ਨੇ ਦਸਿਆ ਕਿ ਬਾਹਰਲਾ ਸਰੀਰਕ ਲਿਬਾਸ ਅੰਤ੍ਰਿਕ ਪਵਿੱਤ੍ਰਤਾ ਦਾ ਕੋਈ ਚਿੰਨ੍ਹ ਨਹੀ ਤੇ ਨਾ ਹੀ ਇਸ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਪਰਮਾਤਮਾ ਦੀ ਪ੍ਰਾਪਤੀ ਤਾਂ ਦੁਨੀਆਂ ਵਿਚ ਰਹਿੰਦਿਆਂ, ਦੁਨਿਆਵੀ ਕੰਮ ਕਰਦਿਆਂ ਪਰ ਇਨ੍ਹਾਂ ਦੁਨਿਆਵੀ ਪਦਾਰਥਾਂ ਤੇ ਰਿਸ਼ਤਿਆਂ ਦੀ ਅਸਥਿਰਤਾ ਨੂੰ ਅਨੁਭਵ ਕਰਦਿਆਂ,- ਮਿਹਰ,ਸਿਦਕ, ਸੰਜਮ, ਹੱਕ, ਹਲਾਲ ਆਦਿ ਨਾਲ ਆਪਣੀ ਜ਼ਿੰਦਗੀ ਨੂੰ ਸੰਪੰਨ ਕਰਦਿਆਂ ਹੀ ਹੋ ਸਕਦੀ ਹੈ। ਆਪ ਨੇ ਜੋਗੀਆਂ ਨੂੰ ਇਸ ਤਰ੍ਹਾਂ ਸਮਝਾਇਆ -

"ਜੋਗ ਨ ਖਿੰਥਾ, ਜੋਗ ਨਾ ਡੰਡੈ, ਜੋਗ ਨ ਭਸਮ ਚੜਾਈਐ॥
ਜੋਗ ਨਾ ਮੁੰਦੀ ਮੂੰਡਿ ਮੁਡਾਈਐ, ਜੋਗ ਨ ਸਿਙੀ ਵਾਈਐ॥
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ ॥"

ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਬਹਿਸ ਗੋਚਰੇ ਸੁਆਲਾਂ ਨੂੰ ਬੜੇ ਸੁਚੱਜੇ ਢੰਗ ਨਾਲ ਨਜਿਠਿਆ। ਹਿੰਦੂਆਂ ਦੇ ਮੁਰਦਿਆਂ ਨੂੰ ਜਲਾਣ ਤੇ ਮੁਸਲਮਾਨਾਂ ਦੇ ਦਬਾਣ ਦੇ ਫਰਕ ਨੂੰ ਸਮਝਾਉਂਦਿਆਂ ਉਨ੍ਹਾਂ ਦਸਿਆ -

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥
ਘੜਿ ਭਾਂਡਿ ਇਟਾ ਕੀਆ ਜਲਦੀ ਕਰੇ ਪੁਕਾਰ
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥"

ਇਸ ਉਦਾਸੀ ਵਿਚ ਗੁਰੂ ਜੀ ਨੇ ਕੌਡੇ ਰਾਖਸ਼[1] ਦਾ ਉਧਾਰ ਕੀਤਾ ਤੇ ਸੰਗਲਾਦੀਪ ਦੇ ਰਾਜੇ ਸਿਵਨਾਭ[2] ਨੂੰ ਵੀ ਸੁਚੱਜਾ ਜੀਵਨ ਬਿਤਾਉਣ ਦੀ ਪ੍ਰੇਰਨਾ ਕੀਤੀ।

ਇਸ ਉਦਾਸੀ ਵਿਚ ਆਪ ਨੇ ਜੈਨੀਆਂ,ਬੋਧੀਆਂ, ਜੋਗੀਆਂ ਤੇ ਮੁਸਲਮਾਨਾਂ ਦੇ ਪੀਰ,ਕੌਡੇ ਰਾਖਸ਼ ਤੇ ਹੋਰ ਕਈਆਂ ਨੂੰ ਸਿਧੇ ਰਸਤੇ ਉਤੇ ਲਿਆਂਦਾ।

---

1. ਪੁਰਾਤਨ ਜਨਮਸਾਖੀ - ਕਉਡਾ ਰਾਕਸ਼, ਪੰਨਾ 94-95.
2. ਪੁਰਾਤਨ ਜਨਮ ਸਾਖੀ - ਸ਼ਿਵ ਨਾਭ ਪ੍ਰਾਣ ਸੰਗਲੀ, ਪੰਨਾ 100-ਤੋਂ 104.

## ਤੀਜੀ ਉਦਾਸੀ (ਸੰਨ 1515 ਤੋਂ 1517)[1]

ਗੁਰੂ ਨਾਨਕ ਦੇਵ ਨੂੰ ਮਹਾਨ ਤੇ ਉਤਮ ਗੁਣਾਂ ਦੇ ਪ੍ਰਚਾਰਨ ਦੀ ਲਗਨ ਆਰਾਮ ਨਹੀਂ ਸੀ ਕਰਨ ਦਿੰਦੀ। ਇਸ ਲਈ ਆਪ ਨੇ ਤੀਜੀ ਉਦਾਸੀ ਪਹਾੜ ਵਲ ਉੱਤਰ ਦਿਸ਼ਾ ਜੋਗੀਆਂ ਤੇ ਸਿਧਾਂ ਤੇ ਟਿਕਾਣਿਆਂ ਵਲ ਸੰਮਤ 1573 ਨੂੰ ਆਰੰਭ ਕੀਤੀ। ਇਸ ਵਕਤ ਸੀਹਾ (ਧੇਬੀ) ਤੇ ਹੱਸੂ (ਲੁਹਿਆਰ) ਨਾਲ ਸਨ। ਇਸ ਉਦਾਸੀ ਸਮੇਂ ਆਪ ਦੀ ਖੁਰਾਕ ਤੇ ਪਹਿਰਾਵਾ ਇਸ ਪ੍ਰਕਾਰ ਹੈ -

"ਤਿਤੁ ਉਦਾਸੀ ਅਕ ਦੀਆਂ ਪੰਖੜੀਆਂ, ਅਕੇ ਫੂਲ ਅਹਾਰ ਕਰਦਾ ਥਾ, ਪਹਿ ਸੁਕੇ। ਅਤੇ ਪੈਰੀ ਚਮੜਾ, ਅਤੇ ਸਿਰਿ ਚਮੜਾ, ਸਾਰੀ ਦੇਹ ਲਪੇਟਿਅਸੁ ਅਤੇ ਮਥੇ ਟਿਕਾ ਕੇਸਰ ਕਾ।[2]

ਇਸ ਸਮੇਂ ਆਪ ਨੇ ਸਾਧੂਆਂ ਨੂੰ ਸਿਧੇ ਰਸਤੇ ਲਾਇਆ। ਜਿਨ੍ਹਾਂ ਨੇ ਕਿ ਰਿਧੀਆਂ ਸਿਧੀਆਂ ਦਾ ਡਰਾਵਾ ਦੇ ਕੇ ਲੋਕਾਂ ਨੂੰ ਲੁਟਣ ਦਾ ਰਾਹ ਬਣਾਇਆ ਹੋਇਆ ਸੀ। ਮਾਨਸਰੋਵਰ ਤੇ ਸੁਮੇਰ ਪਰਬਤ ਦੀ ਯਾਤਰਾ ਕਰਕੇ ਸਿਧਾਂ ਨਾਲ ਗਿਆਨ ਗੋਸ਼ਟਾਂ ਕੀਤੀਆਂ। ਉਸ ਵਕਤ ਸਿਧਾਂ ਬਾਰੇ ਭਾਈ ਗੁਰਦਾਸ ਲਿਖਦੇ ਹਨ -

"ਫਿਰ ਪੁੱਛਨਿ ਸਿੱਧ ਨਾਨਕਾ। ਮਾਤ ਲੋਕ ਵਿਚ ਕਿਆ ਵਰਤਾਰਾ।
ਸਭਿ ਸਿੱਧੀ ਇਹੁ ਬੁੱਝਿਆ, ਕਲਿ ਤਾਰਨ ਨਾਨਕ ਅਵਤਾਰਾ ॥
ਬਾਰੇ ਕਹਿਆ, ਨਾਥ ਜੀ, ਸਚ ਚੰਦ੍ਰਮਾ, ਕੂੜ ਅੰਧਾਰਾ ॥
ਕੂੜ ਅਮਾਵਸਿ ਵਰਤਿਆ, ਹਉ ਭਾਲਣ ਚੜ੍ਹਿਆ ਸੰਸਾਰਾ॥
ਪਾਪ ਗਿਰਾਸੀ ਪਿਰਥਮੀ, ਧੌਲੁ ਖੜਾ, ਧਰ ਹੇਠਿ ਪੁਕਾਰਾ॥
ਸਿਧਿ ਛਪਿ ਬੈਠੇ ਪਰਬਤੀ, ਕਉਣੁ ਜਗਤ ਕਉ ਪਾਰਿ ਉਤਾਰਾ॥
ਜੋਗੀ ਗਿਆਨ-ਵਿਹੂਣੀਆਂ, ਨਿਸਦਿਨ ਅੰਗ ਲਗਾਇਨਿ ਛਾਰਾ ॥
ਬਾਝੁ ਗੁਰੂ ਡੁੱਬਾ ਸੰਸਾਰਾ ॥ 29॥ "

---

1. 'ਮਹਾਂ ਕਵੀ ਗੁਰੂ ਨਾਨਕ', ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਰਚਨਾ, ਗਿਆਨੀ ਲਾਲ ਸਿੰਘ, ਪੰਨਾ -87.
2. ਪੁਰਾਤਨ ਜਨਮ ਸਾਖੀ, ਪੰਨਾ - 102.

ਸਿੱਧਾਂ ਜੋਗੀਆਂ ਨਾਲ ਗੁਰੂ ਸਾਹਿਬ ਦੀ ਜੋ ਗਲਬਾਤ ਹੋਈ।[1] ਗੁਰੂ ਸਾਹਿਬ ਨੇ ਉਸ ਦਾ ਸਾਰ ਆਪਣੀ ਬਾਣੀ 'ਸਿਧ ਗੋਸ਼ਟ' ਵਿਚ ਦਰਜ ਕੀਤਾ ਹੈ। ਕਰਾਮਾਤੀ ਦੇ ਵਿਰੋਧੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਉੱਚਾ ਤੇ ਸੁੱਚਾ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੱਤੀ।

ਫਿਰ ਆਪ ਲੰਕਾ ਵਿਚ ਅਸ਼ੋਕ ਬਨ ਵਿਚ ਪਹੁੰਚੇ। ਜਨਮਸਾਖੀ ਭਾਈ ਮਨੀ ਸਿੰਘ ਵਿਚ ਲਿਖਿਆ ਹੈ ਕਿ ਲੰਕਾ ਯਾਤਰਾ ਸਮੇਂ ਗੁਰੂ ਨਾਨਕ ਦੇਵ ਜੀ ਪਹਿਲਾਂ ਪੁਸ਼ਕਰਦੀਪ (ਛੋਟਾ ਦੀਪ) ਗਏ। ਉੱਥੋਂ ਉਹ ਅਸ਼ੋਕ ਬਨ ਗਏ, ਜਿਥੇ ਰਾਵਣ ਨੇ ਸੀਤਾ ਨੂੰ ਕੈਦ ਰਖਿਆ ਸੀ ਤੇ ਜਨਮਸਾਖੀ ਅਨੁਸਾਰ ਇਥੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ।[2]

ਜਨਮਸਾਖੀ ਦਾ ਕਰਤਾ ਲਿਖਦਾ ਹੈ -

"ਪੁਸ਼ਕਰਦੀਪ ਮੇਂ ਬੜੇ ਬੜੇ ਕੌਤਕ ਬਾਗ ਤੇ ਫੂਲ ਹੈ, ਉਹਾਂ ਤੇ ਅਗੇ ਅਸ਼ੋਕ ਬਨ ਹੈ ਦੁਧ ਦੀਆਂ ਨਦੀਆਂ ਵਰਤੀਆਂ ਹਨ।" [3]

ਇਸ ਉਦਾਸੀ ਵਿਚ ਗੁਰੂ ਜੀ ਕਸ਼ਮੀਰ ਵਿਚ ਮਟਨ ਸਾਹਿਬ ਪਹੁੰਚੇ। ਮਟਨ ਸ੍ਰੀ ਨਗਰ ਤੋਂ 40 ਮੀਲ ਦੱਖਣ ਵਲ ਹੈ। ਇਥੇ ਬੜਾ ਨਾਮੀ ਗਰਾਮੀ ਪੰਡਤ ਰਹਿੰਦਾ ਸੀ। ਜਿਸ ਦਾ ਨਾਂ ਪੁਰਾਤਨ ਜਨਮਸਾਖੀ ਭਾਈ ਮਨੀ ਸਿੰਘ ਵਿਚ ਬ੍ਰਹਮਦਾਸ ਲਿਖਿਆ ਹੈ ਤੇ ਗੁਰੂ ਜੀ ਦੀ ਬ੍ਰਹਮਦਾਸ ਨਾਲ ਭੇਟ ਹੋਈ। ਬ੍ਰਹਮਦਾਸ ਨੇ ਗੁਰੂ ਜੀ ਤੋਂ ਪੁਛਿਆ -

"ਕੋਈ ਪੜ੍ਹਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥
ਅਬਹੀ ਕਬਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ॥ "

---

1. ਨਿਸ਼ਾਨੀ ਸੁਮੇਰ ਪਰਬਤ ਪਰ ਸਿਧਾਂ ਨਾਲ ਗੋਸ਼ਟ, ਪੰਨਾ 313 ਤੋਂ 325.

2. ਡਾ. ਤ੍ਰਿਲੋਚਨ ਸਿੰਘ, 'ਜੀਵਨ ਬ੍ਰਿਤਾਂਤ', ਪੰਨਾ 227.

3. ਜਨਮਸਾਖੀ ਭਾਈ ਮਨੀ ਸਿੰਘ, ਪੰਨਾ 366.

ਤਾਂ ਗੁਰੂ ਜੀ ਨੇ ਉੱਤਰ ਦਿੱਤਾ -

"ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ
ਪੜੀਅਹਿ ਜੇਤੇ ਸਾਸ
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥[1]

ਗੁਰੂ ਜੀ ਨੇ ਲੋਕਾਂ ਨੂੰ ਕਰਾਮਾਤਾਂ ਵਿਚ ਵਿਸ਼ਵਾਸ਼ ਰਖਣ ਵਾਲੇ ਸਿੱਧਾਂ ਜੋਗੀਆਂ ਅਤੇ ਕਸ਼ਮੀਰ ਦੇ ਪੰਡਤਾਂ ਨੂੰ ਭਰਮਾਂ ਦੀ ਖੱਡ ਵਿਚ ਛੱਡ ਕੇ ਸੱਚਾ ਰਾਹ ਦਿਖਾਇਆ। ਆਪ ਸਰੀ ਨਗਰ ਤੋਂ ਲਦਾਖ ਨੂੰ ਗਏ। ਡਾ. ਤ੍ਰਿਲੋਚਨ ਸਿੰਘ ਅਨੁਸਾਰ "ਗੁਰੂ ਨਾਨਕ ਦੇਵ ਜੀ ਸਰ ਨਗਰ ਤੋਂ ਪਹਿਲਗਾਮ, ਅਮਰਨਾਥ,ਸੋਨਾ ਮਾਰਗ, ਬਾਲਟਾਲ, ਦਰਾਸ,ਕਾਰਗਿਲ, ਖਾਲਸੀ ਹੁੰਦੇ ਹੋਏ ਲਦਾਖ਼ ਪਹੁੰਚੇ। (ਲੇਹ (ਲਦਾਖ ਤੋਂ ਕੁਛ ਮੀਲ ਦੂਰ ਬੋਧੀਆਂ ਦੇ ਮੰਦਿਰ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੀ ਤਸਵੀਰ ਮਹਾਤਮਾ ਬੁੱਧ ਦੀ ਤਸਵੀਰ ਨਾਲ ਪੂਜੀ ਜਾਂਦੀ ਹੈ। ਲਦਾਖ਼ ਤੋਂ ਕੁਛ ਮੀਲ ਦੂਰ ਇਕ ਗੁਫਾ ਸ਼ਕਲ ਦੀ ਪਹਾੜੀ ਅੱਜ ਵੀ ਵੇਖੀ ਜਾ ਸਕਦੀ ਹੈ। ਕਹਿੰਦੇ ਹਨ ਕਿ ਜਦ ਗੁਰੂ ਨਾਨਕ ਸ਼ਾਹ ਧਾਰਖੰਡ ਤੋਂ ਵਾਪਸ ਆ ਰਹੇ ਸਨ ਤਾਂ ਇਸ ਇਲਾਕੇ ਦੇ ਸਾਧੂ ਨੇ ਈਰਖਾ ਵਿਚ ਆ ਕੇ ਆਪਣੀਆਂ ਤਾਂਤਰਿਕ ਸ਼ਕਤੀਆਂ ਨਾਲ ਗੁਰੂ ਜੀ ਵਲ ਇਕ ਪੱਥਰ ਸੁਟਿਆ, ਪਰ ਜਿਉਂ ਹੀ ਇਹ ਪੱਥਰ ਗੁਰੂ ਸਾਹਿਬ ਦੀ ਦੇਹ ਨੂੰ ਛੋਹਿਆ, ਇਹ ਮੋਮ ਵਾਂਗ ਨਰਮ ਹੋ ਕੇ ਉਨ੍ਹਾਂ ਦੇ ਗਿਰਦ ਗਿਰਦ ਲਿਪਟ ਗਿਆ ਤੇ ਗੁਫਾਂ ਦੀ ਸ਼ਕਲ ਧਾਰ ਲਈ। ਗੁਰੂ ਜੀ ਸਹੀ ਸਲਾਮਤ ਬਾਹਰ ਨਿਕਲ ਆਏ।"[2]

---

1. ਡਾ. ਤ੍ਰਿਲੋਚਨ ਸਿੰਘ, ਜੀਵਨ ਚਰਿਤਰ 'ਗੁਰੂ ਨਾਨਕ ਦੇਵ' ਪੰਨਾ 268.
2. ਡਾ. ਤ੍ਰਿਲੋਚਨ ਸਿੰਘ, ਜੀਵਨ ਚਰਿਤਰ 'ਗੁਰੂ ਨਾਨਕ ਦੇਵ', ਪੰਨਾ 269.

## ਚੌਥੀ ਉਦਾਸੀ - ਪੱਛਮ ਦੀ (ਸੰਨ 1518 ਤੋਂ 1521) [1]

ਲੋਕ ਭਲਾਈ ਦਾ ਜੋ ਬੀੜਾ ਆਪ ਨੇ ਚੁਕਿਆ ਸੀ, ਉਹ ਅਜੇ ਪੂਰਨ ਨਹੀਂ ਸੀ ਹੋਇਆ। ਇਸ ਲਈ ਸੰਮਤ 1575 ਵਿਚ ਆਪ ਨੇ ਲੋਕ ਕਲਿਆਣ ਲਈ ਯਾਤਰਾ ਆਰੰਭ ਕੀਤੀ। ਇਸ ਸਮੇਂ ਆਪ ਦਾ ਬਾਣਾ ਮੁਸਲਮਾਨ ਹਾਜੀਆਂ ਵਾਲਾ ਸੀ ਤੇ ਆਪ ਦੇ ਨਾਲ ਭਾਈ ਮਰਦਾਨਾ ਸੀ। ਪੁਰਾਤਨ ਜਨਮਸਾਖੀ ਅਨੁਸਾਰ ਉਨ੍ਹਾਂ ਦਾ ਬਾਣਾ ਇਸ ਪ੍ਰਕਾਰ ਸੀ -

"ਪੈਰ ਖੜੁਸਾ ਚੰਮ ਕੀਆ ਅਤੇ ਚੰਮ ਕੀ ਸੁਥਣਿ ਗਲ ਵਿਚ ਹਡੀਆਂ ਕੀ ਮਾਲਾ, ਮਥੇ ਟਿਕਾ ਬਿੰਦੀ ਕਾ, ਬਾਲਕਾਂ ਵਿਚ ਬੈਠੇ, ਤਬ ਨੀਲੇ ਬਸਤ੍ਰ ਥੇ।"[2]

ਭਾਈ ਗੁਰਦਾਸ ਆਪ ਦੇ ਲਿਬਾਬ ਬਾਰੇ ਇਸ ਤਰ੍ਹਾਂ ਲਿਖਦੇ ਹਨ -

"ਬਾਬਾ ਫਿਰ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ।"

ਮੱਕੇ ਜੋ ਕਿ ਮੁਸਲਮਾਨਾਂ ਦਾ ਪਵਿੱਤਰ ਅਸਥਾਨ ਹੈ ਉਧਰ ਗੁਰੂ ਨਾਨਕ ਦੇਵ ਜੀ ਪੈਰ ਕਰਕੇ ਸੌਂ ਗਏ। ਇਸ ਘਟਨਾ ਨੂੰ ਭਾਈ ਗੁਰਦਾਸ ਜੀ ਨੇ ਇਉਂ ਕਾਨੀ-ਬੰਦ ਕੀਤਾ ਹੈ -

"ਜਾ ਬਾਬਾ ਸੁਤਾ ਰਾਤਿ ਨੋ ॥
ਵਲਿ ਮਹਰਾਬੇ ਪਾਇ ਪਸਾਰੀ॥
ਜੀਵਣਿ ਮਾਰੀ ਲਤਿ ਦੀ ॥
ਕਿਹੜਾ ਸੁਤ ਕੁਫਰ ਕੁਫਾਰੀ?
ਲਤਾਂ ਵਲਿ ਖੁਦਾਇ ਦੇ ।
ਕਿਉਂ ਕਰਿ ਪਾਇਆ ਹੋਇ ਬਜਿਗਾਰੀ?
ਟੰਗੋ ਪਕੜਿ ਘਸੀਟਿਆ
ਫਿਰਿਆ ਮੱਕਾ ਕਲਾ ਦਿਖਾਰੀ
ਹੋਇ ਹੈਰਾਨੁ ਕਰੇਨਿ ਜੁਹਾਰੀ ॥"

ਇਸ ਤਰ੍ਹਾਂ ਉਥੋਂ ਦੇ ਮੁਲਾਂ ਨੇ ਬੜੇ ਗੁੱਸੇ ਨਾਲ ਗੁਰੂ ਜੀ ਨੂੰ ਆਣ ਜਗਾਇਆ ਤੇ ਗੁਰੂ ਜੀ ਨੂੰ

---

1. ਡਾ. ਕਾਲਾ ਸਿੰਘ ਬੇਦੀ, 'ਗੁਰੂ ਨਾਨਕ ਦਰਸ਼ਨਾ', ਪੰਨਾ - 54.
2. ਪੁਰਾਤਨ ਜਨਮਸਾਖੀ, ਪੰਨਾ 113-114.

ਬੁਰਾ ਭਲਾ ਵੀ ਕਿਹਾ, ਪਰ ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਉਨ੍ਹਾਂ ਨੂੰ ਕਿਹਾ ਕਿ ਜਿਧਰ ਰੱਬ ਨਹੀ ਉਧਰ ਪੈਰ ਕਰ ਦੇਣ। ਪਰ ਉਹ ਜਿਧਰ ਜਿਧਰ ਪੈਰ ਘੁਮਾਂਦਾ ਸਭ ਪਾਸੇ ਕਾਬਾ ਵੀ ਘੁਮ ਗਿਆ। ਇਸ ਤਰ੍ਹਾਂ ਉਸ ਨੂੰ ਦਸਿਆ ਕਿ ਰੱਬ ਸਭ ਪਾਸੇ ਹੈ।

ਵਲੀ ਕੰਧਾਰੀ ਜਿਹੇ ਆਕੜਖਾਨ ਨੂੰ ਨਿਮਰਤਾ ਸੰਪੰਨ ਸੁਨਹਿਰੀ ਜ਼ਿੰਦਗੀ ਬਸਰ ਕਰਨ ਦੀ ਪ੍ਰੇਰਣਾ ਦਿੱਤੀ।[1]

ਸੈਮਨਾਬਾਦ ਵਿਚ ਮੁਗਲ ਬਾਬਰ,[2] ਜਮ ਕਾ ਰੂਪ ਧਾਰ ਕੇ ਸ਼ੇਰ ਵਾਂਗ ਗਜਦਾ ਹੋਇਆ ਆਪਣੇ ਨਾਲ ਪਾਪ ਦੀ ਜੰਜ ਫੌਜਾਂ ਦੇ ਰੂਪ ਵਿਚ ਲੈ ਕੇ ਆ ਪੁੱਜਾ।

ਪੁਰਾਤਨ ਜਨਮਸਾਖੀ ਵਾਲਾ ਲਿਖਦਾ ਹੈ -

"ਅਮੀਰੁ ਬਾਬਰੁ ਪਾਤਸਾਹੁ ਪਇਆ। ਜਿਉ ਪਇਆ ਤਿਉ ਸੈਦਪੁਰ ਆਹਿਓਸ। ਆਸਿ ਪਾਸਿ ਗਿਰਾਉ ਸਭ ਮਾਰੇ। ਹਿਦੂ ਮੁਸਲਮਾਨਿ ਸਭਿ ਕਤਲਾਮ ਕੀਤੇ। ਘੁਰ ਲੁਟੇ ਢਾਹੇ ਇਜੇਹੀ ਮਾਰੁ ਬਾਬੇ ਦੇ ਸਬਦਿ ਕੀਤੀ ਬੈਠਾਣਾ ਜੋਗੁ, ਏਮਨਾਬਾਦ ਦੀ ਕਤਲਾਮ ਤਬਾਹੀ, ਬਰਬਾਦੀ ਦਾ ਦ੍ਰਿਸ਼ ਦੇਖ ਕੇ ਆਪ ਦਾ ਦਿਲ ਮੋਮ ਹੋ ਗਿਆ ਤੇ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਗਿਲਾ ਕੀਤਾ -

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।।

ਬਾਬਰ ਦੇ ਹਮਲੇ ਵਿਚ ਕਈਆਂ ਇਸਤਰੀਆਂ ਦੀ ਇਜ਼ਤ ਲੁੱਟੀ ਗਈ ਤੇ ਕਈ ਕੈਦੀ ਬਣਾ ਲਏ ਗਏ। ਜਿਨ੍ਹਾਂ ਵਿਚੋਂ ਮਰਦਾਨਾ ਤੇ ਗੁਰੂ ਨਾਨਕ ਵੀ ਪਕੜੇ ਗਏ। ਇਸ ਬਾਰੇ ਸਈਅਦ ਨਾਤੀਕ ਲਿਖਦਾ ਹੈ -

" ਪੰਜਾਬ ਦੀ ਇਕ ਯਾਤਰਾ ਵਿਚ ਗੁਰੂ ਨਾਨਕ ਤੇ ਉਨ੍ਹਾਂ ਦੇ ਕੁਝ ਸਿੱਖ ਜਿਨ੍ਹਾਂ ਵਿਚ ਮਰਦਾਨਾ ਵੀ ਸੀ। ਬਾਬਰ ਦੇ ਘੇਰੇ ਵਿਚ ਆ ਗਏ ਅਤੇ ਸੈਮਨਾਬਾਦ ਪਾਸ ਗਰਿਫਤਾਰ ਕੀਤੇ ਗਏ। ਬਾਬਰ ਦਾ ਨਾਨਕ ਨਾਲ ਵਿਚਾਰ ਵਟਾਂਦਰਾ ਹੋਇਆ ਤੇ

---

1. ਸੰਤੋਖ ਸਿੰਘ 'ਨਿਰੰਕਾਰੀ ਦਰਸ਼ਨ', ਵਲੀ ਕੰਧਾਰੀ, ਪੰਨਾ 369 ਤੋਂ 376.
2. ਸੰਤੋਖ ਸਿੰਘ 'ਨਿਰੰਕਾਰੀ ਦਰਸ਼ਨ, ਬਾਬਰ ਦੇ ਜ਼ੁਲਮ, ਪੰਨਾ 378 ਤੋਂ 384.

ਬਹੁਤ ਪ੍ਰਭਾਵਤ ਹੁਇਆ। ਉਸ ਨੇ ਬਾਬਾ ਨਾਨਕ ਨੂੰ ਬਹੁਤ ਸਾਰੇ ਸ਼ਾਹੀ ਤੁਹਫੇ ਭੇਟ ਕੀਤੇ। ਗੁਰੂ ਨਾਨਕ ਨੇ ਤੁਹਫੇ ਲੈਣੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ - ਸਭ ਤੋਂ ਵਧੀਆਂ ਜ਼ਿੰਦਗੀ ਦਾ ਤੋਹਫ਼ਾ ਹੈ - 'ਬੰਦਗੀ' ਜੋ ਉਨ੍ਹਾਂ ਨੂੰ ਕਰਤਾਰ ਤੋਂ ਮਿਲੀ -.......।"[1] ਇਸ ਤਰ੍ਹਾਂ ਗੁਰੂ ਜੀ ਨੇ ਬਾਬਰ ਨੂੰ ਸ਼ੁਭ ਕੰਮ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਉਦਾਸੀ ਵਿਚ ਗੁਰੂ ਨਾਨਕ ਦੇਵ ਨੇ ਮੱਕਾ, ਮਦੀਨਾ, ਬਗਦਾਦ, ਪੰਜਾ ਸਾਹਿਬ ਤੇ ਐਮਨਾਬਾਦ ਜਾਂ ਸੈਦਪੁਰ ਆਦਿ ਮੁਖ ਪੜਾ ਕੀਤੇ ਹਨ।

ਗੁਰੂ ਨਾਨਕ ਦੇਵ ਜੀ ਨੇ ਉਸ ਸਾਰੇ ਸੰਸਾਰ ਨੂੰ ਫਿਰ ਤੁਰ ਕੇ ਵੇਖਣ ਵਾਸਤੇ ਹਿੰਦੂਆਂ ਤੇ ਮੁਸਲਮਾਨਾਂ ਦੇ ਗੜ੍ਹਾਂ ਦੀ ਯਾਤਰਾ ਕੀਤੀ। ਰਮਤੇ ਜੋਗੀਆਂ ਤੇ ਪੁਜਾਰੀ ਪੰਡਤਾਂ ਤੇ ਮਹੰਤਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਆਪ ਉੱਤਰ ਤੋਂ ਲੈ ਕੇ ਧੁਰ ਦਖਣ ਤਕ ਤੇ ਪੰਜਾਬੋਂ ਲੈ ਕੇ ਆਸਾਮ ਤਕ ਸਾਰੇ ਹਿੰਦੁਸਤਾਨ ਦਾ ਕਈ ਹਜ਼ਾਰ ਮੀਲ ਦਾ ਪੈਦਲ ਪੰਧ ਕੀਤਾ। ਇਸਲਾਮੀ ਸਭਿਆਚਾਰ ਨੂੰ ਦੇਖਣ ਲਈ ਕਸ਼ਮੀਰ, ਅਫਗਾਨਿਸਤਾਨ, ਈਰਾਨ, ਬਗ਼ਦਾਦ ਤੇ ਮੱਕੇ ਤਕ ਪਹਾੜਾਂ, ਦਰਿਆਵਾਂ, ਮਾਰੂ ਥਲਾਂ ਤੇ ਉਜਾੜ ਬੀਆਬਾਨਾਂ ਦੀ ਵਾਟ ਕੱਛ ਕੇ ਸੂਫੀਆਂ, ਫਕੀਰਾਂ ਨਾਲ ਮੁਲਾਕਾਤਾਂ ਕੀਤੀਆਂ। ਇਨ੍ਹਾਂ ਉਦਾਸੀਆਂ ਵਿਚ ਆਪ ਦੀ ਕਾਫੀ ਉਮਰ ਲੰਘ ਗਈ ਤੇ ਉਹ ਬੇਅੰਤ ਅਮੋਲਕ ਸੰਸਾਰੀ ਤੇ ਅਧਿਆਤਮਕ ਗਿਆਨ ਲੈ ਕੇ ਪਰਤੇ।

ਉਨ੍ਹਾਂ ਨੇ ਮੁਸਲਿਮ ਸੂਫੀਆਂ ਵਾਂਗ ਸ਼ਹਿਰ ਵਿਚ ਡੇਰੇ ਨਹੀ ਲਾਏ। ਸਗੋਂ ਜੱਟ ਬਰਾਦਰੀਆਂ ਵਿਚਾਲੇ ਦਰਿਆ ਰਾਵੀ ਦਾ ਕੰਢਾ ਜਾ ਮੱਲਿਆ ਤੇ ਕਰਤਾਰਪੁਰ ਨਾਂ ਰੱਖ ਕੇ ਗ੍ਰਹਿਸਤ ਜੀਵਨ ਵਾਲਾ ਵੇਸ ਧਾਰਨ ਕਰ ਲਿਆ। ਇਥੋਂ ਕੁਛ ਦੇਰ ਬਾਅਦ ਅਚਲ ਵਟਾਲੇ[2] ਗਏ, ਜਿਥੇ ਫਗਣ ਸੁਦੀ 14 ਨੂੰ ਸ਼ਿਵਰਾਤਰੀ ਦਾ ਮੇਲਾ ਲਗਦਾ ਸੀ। ਉਥੇ ਇਕੱਠੇ ਹੋਏ ਜੋਗੀਆਂ ਨਾਲ ਗੋਸ਼ਟਾਂ ਹੋਈਆਂ, ਜਿਸ ਨੂੰ ਪੰਜਵੀ ਉਦਾਸੀ ਵੀ ਕਿਹਾ ਜਾਂਦਾ ਹੈ। ਇਹ ਗੁਰੂ ਜੀ ਦੀ ਅੰਤਮ ਯਾਤਰਾ ਸੀ।

---

1. ਸਈਅਦ ਮੁਹੰਮਦ ਲਤੀਫ - 'ਹਿਸਟਰੀ ਆਫ਼ ਦੀ ਪੰਜਾਬ'
2. ਲੈਂਬ ਸਿੰਘ 'ਨਿਰੰਕਾਰੀ ਦਰਸ਼ਨ', ਅਚਲ ਵਟਾਲੇ ਸਿਧਾਂ ਨਾਲ ਗੋਸ਼ਟ, ਪੰਨਾ 88 ਤੇ 90.

## ਜੋਤੀ ਜੋਤ ਸਮਾਣਾ

ਜਨਮਸਾਖੀ ਭਾਈ ਬਾਲਾ ਜੀ ਅਨੁਸਾਰ 5 ਸਤੰਬਰ 1539 ਈ. ਨੂੰ ਗੁਰੂ ਜੀ ਨੇ ਸਰਬਤ ਸੰਗਤ ਨੂੰ ਇਹ ਕਹਿ ਕੇ ਬੁਲਾਇਆ ਕਿ ਉਨ੍ਹਾਂ ਨੇ ਆਪਣੀ ਗੁਰਿਆਈ ਆਪਣੇ ਉਤਰ ਅਧਿਕਾਰੀ ਨੂੰ ਸੌਂਪਣੀ ਹੈ। 5 ਸਤੰਬਰ ਤੋਂ ਸੰਗਤਾਂ ਅੰਤਿਮ ਦਰਸ਼ਨਾਂ ਲਈ ਆਉਣੀਆਂ ਆਰੰਭ ਹੋ ਗਈਆਂ। ਇਨ੍ਹਾਂ ਦਿਨਾਂ ਦਾ ਕੀਰਤਨ, ਇਨ੍ਹਾਂ ਦਿਨਾਂ ਦੇ ਗੁਰੂ ਜੀ ਦੇ ਬਚਨ ਕੁਝ ਐਸੇ ਸਨ ਕਿ ਇਹ ਗਲ ਆਮ ਮਹਿਸੂਸ ਹੋਣ ਲੱਗੀ ਕਿ ਬਾਬਾ ਨਾਨਕ ਜੀ ਅੰਤਰ ਧਿਆਨ ਹੋਣ ਲੱਗੇ ਹਨ। 6 ਸਤੰਬਰ ਨੂੰ ਗੁਰੂ ਜੀ ਨੇ ਹੁਕਮ ਦਿੱਤਾ ਕਿ ਚਿਤਾ ਲਈ ਚੰਦਨ ਦੀ ਲਕੜ ਮੰਗਵਾਓ, ਜਿਸ ਸਥਾਨ ਤੇ ਆਪ ਨੇ ਅੰਤਮ ਸਮਾਧੀ ਲਾ ਕੇ ਸਰੀਰ ਤਿਆਗਣ ਦਾ ਸੰਕਲਪ ਕੀਤਾ ਸੀ , ਉਸ ਨੂੰ ਧੋ ਸਵਾਰ ਕੇ ਉਸ ਦੇ ਗਿਰਦ ਇਕ ਕਨਾਤ ਤਾਣ ਦਿੱਤੀ। ਪਾਸ ਹੀ ਆਪ ਨੇ ਆਪਣਾ ਸਿੰਘਾਸਨ ਸਜਾ ਕੇ ਧਰਵਾ ਦਿੱਤਾ। 7 ਸਤੰਬਰ 1539 ਅਸੂ ਵਦੀ 10 ਨੂੰ ਅੰਮ੍ਰਿਤ ਵੇਲੇ ਕੀਰਤਨ ਆਰੰਭ ਹੋਇਆ। ਬਾਬਾ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਬੜੇ ਅਦਬ ਤੇ ਸਤਿਕਾਰ ਨਾਲ ਆਪਣੇ ਸਿੰਘਾਸਨ ਉਤੇ ਬਿਠਾਇਆ ਅਤੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥੇ ਟੇਕਿਆ ਅਤੇ ਤਿੰਨ ਪਰਕਰਮਾਂ ਕੀਤੀਆਂ। ਫੇਰ ਗੁਰੂ ਨਾਨਕ ਦੇਵ ਜੀ ਨੇ ਚਾਦਰ ਉਤੇ ਤਾਣ ਲਈ ਅਤੇ ਸਮਾਧੀ ਵਿਚ ਲੀਨ ਹੋ ਗਏ ਅਤੇ ਗੁਰੂ ਜੀ ਜੋਤੀ ਜੋਤ ਸਮਾ ਗਏ।[1]

ਗੁਰੂ ਜੀ ਆਪਣੀ ਸਾਰੀ ਉਮਰ ਨਿਢਾਲ ਹੋਈ ਜਨਤਾ ਨੂੰ ਠੀਕ ਰਸਤਾ ਦਿਖਾਉਣ ਲਈ ਨਾਟਕੀ ਤੇ ਨਿਮਰਤਾ ਭਰਪੂਰ ਤਰੀਕੇ ਵਰਤੇ। ਆਪ ਉਪਦੇਸ਼ ਇਸ ਤਰੀਕੇ ਨਾਲ ਦਿੰਦੇ ਸੀ, ਕਿ ਪਾਤਰ ਨੂੰ ਵਿਰੋ ਵਿਚ ਤਾਂ ਸ਼ਰਮ ਬੇਸ਼ਕ ਆਉਂਦੀ ਰਹੇ, ਪਰ ਗੁਰੂ ਸਾਹਿਬ ਕੋਲੋਂ ਮੂੰਹ ਢੱਕਣ ਦੀ ਜ਼ਰੂਰਤ ਨਾ ਪਵੇ। ਗੁਰੂ ਜੀ ਨੇ ਇੰਨਾ ਮਹਾਨ ਕੰਮ ਕਰਦਿਆਂ ਹੋਇਆ ਕਦੀ ਵੀ ਆਪਣੇ ਆਪ ਨੂੰ ਉੱਚਾ ਨਾ ਕਿਹਾ ਸਗੋਂ, 'ਜੈਸੀ ਮੈ ਆਵੈ ਖਸਮ ਕੀ ਬਾਣੀ,' ਤੈਸੜਾ ਕਰੀ ਗਿਆਨ ਵੇ ਲਾਲੋ' ਅਤੇ ਆਪਣੇ ਆਪ ਨੂੰ ਨਾਨਕ ਮਨ ਵਿਚ 'ਸ਼ਾਇਰ ਏਵ ਕਹਿਤ' ਤੇ 'ਨਾਨਕ ਨੀਚੁ ਕਹੈ ਵਿਚਾਰ, ਕਹਿ ਕੇ ਉਪਦੇਸ਼ ਦਿੱਤਾ। ਜਿਸ ਨੇ ਹੋਰ ਕਈ ਭੁਲੇ ਭਟਕਿਆਂ ਰਾਹੀਆਂ ਨੂੰ ਠੀਕ ਮੰਜ਼ਲ ਉੱਤੇ ਪਹੁੰਚਾ ਦਿੱਤਾ।

---

1. ਸੰਤੋਖ ਸਿੰਘ 'ਨਿਰੰਕਾਰੀ ਦਰਸ਼ਨ', ਪੰਨਾ 392.

## ਕਾਂਡ ਚੌਥਾ

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ

-:0:-

## ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ

ਗੁਰੂ ਨਾਨਕ ਜੀ ਦਾ ਸਮੁੱਚਾ ਜੀਵਨ ਮਹਾਨ ਸਾਹਿੱਤਕ ਪਰਵਾਹ ਸੀ, ਇਨ੍ਹਾਂ ਦੇ ਅੰਤਰ-ਆਤਮੇ ਵਿਚੋਂ ਸਾਹਿਤ ਦੀ ਅੰਮ੍ਰਿਤਧਾਰਾ ਬਾਲ-ਵਰੇਸ ਵਿੱਚ ਹੀ ਸੁਤੇ ਸਿਧ ਸਫੁਟ ਸੋਮੇ ਦੀ ਤਰ੍ਹਾਂ ਵਹਿ ਤੁਰਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਅਧਿਆਤਮਕ ਬਾਣੀ ਹੈ। 'ਜੈਹੇ ਡਿਠਾ ਤੈਹੋ ਕਹੀਆ' ਕਹਿੰਦੇ ਹੋਇਆ ਗੁਰੂ ਜੀ ਨੇ ਆਪਣੀ ਬਾਣੀ ਦੀ ਸਚਿਆਈ ਦੱਸ ਦਿੱਤੀ ਹੈ। ਕੋਈ ਵੀ ਬਾਣੀ ਉਚਾਰਣ ਲਈ ਉਨ੍ਹਾਂ ਨੇ ਵਿਸ਼ੇਸ਼ ਪ੍ਰਯਤਨ ਨਹੀਂ ਕੀਤਾ ਸਗੋਂ ਜੋ ਭਾਵ ਉਨ੍ਹਾਂ ਦੇ ਅੰਦਰ ਅਨੁਭਵ ਬਣ ਕੇ ਆਉਂਦੇ ਰਹੇ ਹਨ ਉਹ ਆਪੇ ਹੀ ਬਾਣੀ ਦੇ ਰਾਹ ਜਨ-ਸਮਾਜ ਕੋਲ ਆਏ ਹਨ। ਪਰ ਸਾਡੇ ਸਮਾਜ ਦੇ ਬਹੁਤੇ ਲੋਕੀ -

"ਅਸੀ ਸੰਤਾਂ ਦੀਆਂ ਪੁਰਾਣੀਆਂ ਜੁਤੀਆਂ ਤੇ ਮੈਲੇ ਰੁਮਾਲਾਂ ਨੂੰ ਚੁੰਮਦੇ ਹਾਂ, ਪਰ ਉਨ੍ਹਾਂ ਦੀਆਂ ਰਚਨਾਵਾਂ ਵਲ ਜੋ ਕਿ ਅਧਿਕ ਪਵਿੱਤਰ ਅਤੇ ਕੀਮਤੀ ਯਾਦਗਾਰਾਂ ਹਨ, ਧਿਆਨ ਨਹੀ ਦਿੰਦੇ। ਉਨ੍ਹਾਂ ਦੇ ਚੋਲਿਆਂ ਅਤੇ ਬਸਤਰਾਂ ਨੂੰ ਅਸੀ ਰਤਨ ਜੜ੍ਹੀਆਂ ਅਲਮਾਰੀਆਂ ਵਿਚ ਸੰਭਾਲ ਕੇ ਰਖਦੇ ਹਾਂ, ਪਰ ਉਨ੍ਹਾਂ ਦੀਆਂ ਕ੍ਰਿਤੀਆਂ ਨੂੰ ਜਿਨ੍ਹਾਂ ਲਈ ਉਨ੍ਹਾਂ ਨੂੰ ਕਿਤਨੀ ਕਸ਼ਟ-ਸਾਧਨਾ ਕਰਨੀ ਪਈ ਅਤੇ ਜੋ ਹੁਣ ਵੀ ਸਾਡੇ ਲਈ ਹਿਤਕਾਰੀ ਹਨ, ਉਲੀ ਅਤੇ ਸਿਉਂਕ ਦੇ ਹਵਾਲੇ ਕਰ ਦਿੰਦੇ ਹਾਂ।"[1]

ਸੰਗੀਤ ਦੀ ਤਾਨ ਵਿਚ ਜਦੋਂ ਵੀ ਗੁਰੂ ਨਾਨਕ ਨੇ ਆਪਣੀ ਬਾਣੀ ਨੂੰ ਸੁਰ ਕਰਕੇ ਗਾਇਆ, ਸਾਰਾ ਵਾਤਾਵਰਣ ਪਵਿੱਤਰ ਹੋ ਗਿਆ ਤੇ ਇਨ੍ਹਾਂ ਕਾਵਿ ਤੀਰਾਂ ਦੀ ਤਿੱਖੀ ਚੋਭ ਤੇ ਮਿਠੀ ਕਸਕ ਨਾਲ ਸਰੋਤਿਆਂ ਦੇ ਦਿਲਾਂ ਵਿਚ ਅਗੰਮੀ ਝਰਨਾਟਾਂ ਛਿੜ ਪਈਆਂ।

ਆਦਿ ਗ੍ਰੰਥ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਵੇਰਵਾ ਰਾਗ ਕ੍ਰਮ ਅਨੁਸਾਰ ਇਸ ਪ੍ਰਕਾਰ ਹੈ :-

---

1. ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਵਾਲਿਊਮ 6, ਚੌਥਾ ਐਡੀਸ਼ਨ, 'ਹਿਊਮੈਨਿਜ਼ਮ' ਪੰਨਾ 831.

| ਕ੍ਰਮ | ਰਾਗ | ਬਾਣੀ ਦਾ ਰੂਪ | ਵਿਸ਼ੇਸ਼ ਸਿਰਲੇਖ ਵਾਲੀ ਬਾਣੀ | ਜੋੜ |
|---|---|---|---|---|
| 1. | - | - | ਜਪੁ | 1(38+2ਸ਼ਲੋਕ+1ਮੂਲਮੰਤਰ=41 |
| 2. | ਆਸਾ | - | ਸੋਦਰ | 1+3 = 4 ਸ਼ਬਦ |
| 3. | ਗਉੜੀ ਆਸਾਧਨਾਸਰੀ - | | ਸੋਹਿਲਾ | 3 ਸ਼ਬਦ |
| 4. | ਸਿਰੀ | ਪਦੇ | - | ਚਉਪਦੇ 28 ਪੰਜ ਪਦੇ ਤੇ (13,16,18)ਤਿਪਦੇ 2(26,32)=33 |
| 5. | ਅਸ਼ੁ " | ਅਸ਼ਟਪਦੀਆਂ | - | 18 |
| 6. | " | - | ਪਹਿਰੇ | 2 |
| 7. | " | ਵਾਰ ਮਹੱਲਾ 4 ਵਿਚ ਦਰਜ ਸ਼ਲੋਕ | - | 7 |
| 8. | ਮਾਝ | ਅਸ਼ਟਪਦੀਆਂ | - | 1 |
| 9. | " | - | ਵਾਰ ਮਾਝ ਕੀ | 1(ਪਉੜੀਆਂ 27 ਸਲੋਕ 46) |
| 10. | ਗਉੜੀ ਗੁਆਰੇਰੀ | ਪਦੇ | - | ਤਿਪਦੇ 2(1,3)ਚਉਪਦੇ 2(2,4) |
| 11. | ਗਉੜੀ ਦੱਖਣੀ | " | - | ਚਉਪਦੇ ~~-5(14, 15, 16,~~ 18, 19) ~~ਛਿਪਦੇ 2.~~ 7, ਪੰਜਪਦੇ 1 (6)=8 |
| 12. | ਗਉੜੀ ਚੇਤ | ਪਦੇ | - | ਚਉਪਦੇ 5(14,15,16,18, 19)ਛਿਪਦੇ 2 (13,17)=7 |
| 13. | ਗਉੜੀ ਦੀਪਕੀ | " | - | ਚਉਪਦਾ 1=20 |
| 14. | ਗਉੜੀ ਗੁਆਰੇਰੀ | ਅਸ਼ਟਪਦੀਆਂ | - | 16 |
| 15. | ਗਉੜੀ ਬੈਰਾਗਣਿ | ਅਸ਼ਟਪਦੀਆਂ | - | 2 |
| 16. | ਗਉੜੀ ਪੂਰਬੀ | ਛੰਤ | - | 2 |
| 17 | ਆਸਾ | - | ਸੋਦਰ | 1 |
| 18. | " | ਪਦੇ | | ਚਉਪਦੇ 31 ਪੰਚਪਦੇ (6(19-24)ਦੁਪਦੇ 2 29 30= |

| ਕ੍ਰਮ | ਰਾਗ | ਬਾਣੀ ਦਾ ਰੂਪ | ਵਿਸ਼ੇਸ਼ ਸਿਰਲੇਖ ਵਾਲੀ ਬਾਣੀ | ਜੋੜ |
|---|---|---|---|---|
| 19. | ਆਸਾ | ਅਸ਼ਟਪਦੀਆਂ | - | 22 |
| 20. | " | | ਪਟੀ | 1(35-ਸ਼ਬਦ) |
| 21. | " | ਛੰਤ | | 5 |
| 22. | " | | ਵਾਰ | 1(ਪਉੜੀਆਂ 24 ਸ਼ਲੋਕ 45(69) |
| 23. | ਗੂਜਰੀ | ਚਉਪਦੇ | | 2 |
| 24. | ਗੂਜਰੀ | ਅਸ਼ਟਪਦੀਆਂ | | 5 |
| 25 | ਬਿਹਾਗੜਾ | ਵਾਰ ਮ. 4 ਵਿਚ ਦਰਜ ਸ਼ਲੋਕ | | |
| 26 | ਵਡਹੰਸ | - | - ਚਉਪਦੇ 20 | ਚਰਣਾਂ ਦਾ ਸ਼ਬਦ |
| 27. | " | - | - | 2 |
| 28. | " | | ਅਲਾਹਣੀਆਂ | 2(1,2) |
| 29. | ਵਡਹੰਸ ਦੱਖਣੀ | | " | 3 |
| 30. | ਵਡਹੰਸ | ਮਾਰ ਮ. 4 ਵਿਚ ਦਰਜ | - | 3 |
| 31. | ਸੋਰਠਿ | ਚਉਪਦੇ | - | ਦੁ ਤੁਕੇ 8(4-11) ਚਉਤੁਕੇ 2(3-12)2 ਚਉਪਦੇ ਤਿੰਨਾਂ ਤੁਕਾਂ ਵਾਲੇ 1-12 |
| 32ੜ | " | ਅਸ਼ਟਪਦੀਆਂ | - | ਚਉਤੁਕੀ 1 ਤਿਤੁਕੀ 2 (2,3) ਦੁਤੁਕੀ 1(4) =4 |
| 33. | " | ਵਾਰ ਮਹਲੇ 4 ਦੀ ਵਿਚ ਦਰਜ ਸ਼ਲੋਕ | | 2 |
| 34. | ਧਨਾਸਰੀ | ਚਉਪਦੇ | - | 8 |
| 35. | " | | ਆਰਤੀ | 1 |
| 36. | " | ਅਸ਼ਟਪਦੀਆਂ | - | 2 |

| ਕ੍ਰਮ | ਰਾਗ | ਬਾਣੀ ਦਾ ਰੂਪ | ਵਿਸ਼ੇਸ਼ ਸਿਰਲੇਖ ਵਾਲੀ ਬਾਣੀ | ਜੋੜ |
|---|---|---|---|---|
| 37. | ਧਨਾਸਰੀ | ਛੰਤ | - | 3 |
| 38. | ਤਿਲੰਗ | ਪਦੇ | - | ਚਉਪਦੇ 3(1,3,4)<br>ਤਿਪਦਾ 1(2)ਦੁਪਦਾ 1(5)<br>= 5 |
| 39. | " | ਸ਼ਬਦ | - | 1 |
| 40. | ਸੂਹੀ | ਚਉਪਦੇ | - | 9 |
| 41. | " | ਅਸ਼ਟਪਦੀਆਂ | - | 5 |
| 42. | " | - | ਕੁਚਜੀ-ਸੁਚਜੀ | 1+1 = 2 |
| 43. | " | ਛੰਤ | - | 5 |
| 44. | " | ਸੂਹੀ ਦੀ ਵਾਰ<br>ਮਹਲਾ 3 | | 21 |
| 45. | ਬਿਲਾਵਲ | ਚਉਪਦੇ | - | 4 |
| 46. | " | ਅਸ਼ਟਪਦੀਆਂ | - | 2 |
| 47. | " | | ਥਿਤੀ | 1(20 ਪਦ) |
| 48. | " | ਛੰਤ | - | 2 |
| 49. | " | ਬਿਲਾਵਲ ਦੀ ਵਾਰ<br>ਮ. 4 ਵਿਚ ਦਰਜ ਸ਼ਲੋਕ | | |
| 50. | ਰਾਮਕਲੀ | ਚਉਪਦੇ | - | 11 |
| 51. | " | ਅਸ਼ਟਪਦੀਆਂ | - | 8(1-7,9) |
| 52. | ਰਾਮਕਲੀ ਦੱਖਣੀ | ਅਸ਼ਟਪਦੀ | - | 1(8) |
| 53. | " " | - | ਓਅੰਕਾਰ | 1(54 ਪਦ) |
| 54 | ਰਾਮਕਲੀ | | ਸਿਧ ਗੋਸਟਿ | 1(73 ਪਦ) |
| 55 | " | ਰਾਮਕਲੀ ਦੀ ਵਾਰ<br>ਮ. 3 ਵਿਚ ਦਰਜ<br>ਸਲੋਕ | | 19 |

| ਕ੍ਰਮ | ਰਾਗ | ਬਾਣੀ ਦਾ ਰੂਪ | ਪ੍ਰਸੰਗਕ ਨਿਰਪੇਖ ਬਾਣੀ ਬਾਣੀ | ਜੋੜ |
|---|---|---|---|---|
| 56. | ਮਾਰੂ | ਚਉਪਦੇ | - | 12 |
| 57. | " | ਚਉਪਦਿਆਂ ਵਿਚ ਦਰਜ ਸਲੋਕ | - | 2(1,5) |
| 58. | " | ਚਉਪਦਿਆਂ ਵਿਚ ਦਰਜ ਸਲੋਕਾਂ ਦੇ ਨਾਲ ਸ਼ਬਦ | - | 2 |
| 59. | " | ਅਸ਼ਟਪਦੀਆਂ | - | 8 |
| 60. | ਮਾਰੂ ਕਾਫੀ | " | - | 3=11 |
| 61. | ਮਾਰੂ | " | ਸੋਹਲੇ | 22 |
| 62. | " | ਮਾਰੂ ਵਾਰ ਮਹਲਾ 3 ਵਿਚ ਦਰਜ ਸਲੋਕ | | 16 |
| 63. | ਤੁਖਾਰੀ | - | ਬਾਰਾਂਮਾਹਾ | 1(17 ਪਦ) |
| 64. | ਤੁਖਾਰੀ | ਚਉਪਦੇ | - | 3(3-5) |
| 65. | " | ਪੰਚਪਦੇ | - | 2(2,6) |
| 66. | ਭੈਰਉ | ਚਉਪਦੇ | - | 8 |
| 67. | " | ਅਸ਼ਟਪਦੀਆਂ | - | 1 |
| 68. | ਬਸੰਤ | ਚਉਪਦੇ ਦੁਤੁਕੇ | - | 6 |
| 69. | ਬਸੰਤ ਹਿੰਡੋਲ | " | - | 4 |
| 70. | ਬਸੰਤ | ਅਸ਼ਟਪਦੀਆਂ ਦੁਤੁਕੀਆਂ | - | 4 |
| 71. | " | ਅਸ਼ਟਪਦੀਆਂ ਇਕਤੁਕੀਆਂ | - | 3 |
| 72. | ਬਸੰਤ ਹਿੰਡੋਲ | " " | - | 1 |
| 73. | ਸਾਰੰਗ | ਚਉਪਦੇ | - | 3 |
| 74. | ਸਾਰੰਗ | ਅਸ਼ਟਪਦੀਆਂ | - | 2 |

| ਕ੍ਰਮ | ਰਾਗ | ਬਾਣੀ ਦਾ ਰੂਪ | ਵਿਸ਼ੇਸ਼ ਸਿਰਲੇਖ ਵਾਲੀ ਬਾਣੀ | ਜੋੜ |
|---|---|---|---|---|
| 75. | ਸਾਰੰਗ | ਸਲੋਕ ਵਾਰ ਮ. 4 ਵਿਚ ਦਰਜ | - | 33 |
| 76. | ਮਲਾਰ | ਚਉਪਦੇ | - | 9 |
| 77. | ਮਲਾਰ | ਅਸ਼ਟਪਦੀਆਂ | - | 5 |
| 78. | " | | ਵਾਰ | 1(ਪਉੜੀਆਂ 27 ਸ਼ਲੋਕ 24) |
| 79. | ਪਰਭਾਤੀ ਬਿਭਾਸ | ਚਉਪਦੇ | - | 17 |
| 80. | " " | ਅਸ਼ਟਪਦੀਆਂ | - | 6(1-3,5-7) |
| 81. | ਪਰਭਾਤੀ ਦੱਖਣੀ | " | - | 1(4) |
| 82. | - | " | ਸ਼ਲੋਕ ਸਹਸਕ੍ਰਿਤੀ | 4 |
| 83. | - | ਸ਼ਲੋਕ ਵਾਰਾਂ ਤੇ ਵਧੀਕ | ਸਲੋਕ ਵਾਰਾਂ ਦੇ ਵਧੀਕ | 32 |
| | | | ਕੁੱਲ ਜੋੜ - | 586[1] |

1 ਗੁਰੂ ਨਾਨਕ ਬਾਣੀ, ਭਾਸ਼ਾ ਵਿਭਾਗ, ਪੰਜਾਬ.

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਬਾਹਰ ਮੰਨੀਆਂ ਜਾਂਦੀਆਂ, ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ -

"ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚ ਬਾਣੀ ਅੰਮ੍ਰਿਤ ਸਾਰੇ ।"

ਬਾਣੀ ਇਕ ਅਮੋਲਕ ਤੇ ਅਜ਼ੀਮ ਖਜ਼ਾਨਾ ਹੈ। ਪਰ ਜਦੋਂ ਵੀਹਵੀਂ ਸਦੀ ਦੇ ਆਰੰਭ ਵਿਚ ਸਾਹਿੱਤ ਦੀ ਮਹਾਨਤਾ ਨੂੰ ਅਨੁਭਵ ਕਰਦਿਆਂ, ਅਸੀਂ ਆਪਣੇ ਪੁਰਾਣੇ ਵਿਰਸੇ ਦੀ ਛਾਣਬੀਣ ਤੇ ਸੰਭਾਲ ਦਾ ਕੰਮ ਅਰੰਭਿਆ ਤਾਂ ਗੁਰਬਾਣੀ ਸਬੰਧੀ ਵੀ ਕਈ ਸ਼ੰਕੇ ਤੇ ਮਸਲੇ ਉਤਪੰਨ ਹੋ ਗਏ। ਕਈ ਇਤਿਹਾਸਕ ਤੇ ਅਰਧ ਇਤਿਹਾਸਕ ਕਾਰਨਾਂ ਕਰਕੇ ਗੁਰ-ਇਤਿਹਾਸ ਤੇ ਮਿਥਿਹਾਸ ਵਿਚ ਕਈ ਰਲਾ ਕੀਤੇ ਜਾ ਚੁਕੇ ਸਨ।[1] ਤੇ ਉਨ੍ਹਾਂ ਨੂੰ ਐਨਾ ਪ੍ਰਚਲਿਤ ਕੀਤਾ ਜਾ ਚੁਕਾ ਸੀ ਕਿ ਉਸ ਦਾ ਨਿਖੇੜ ਕਰਨਾ ਇਕ ਜੱਟਲ ਸਮੱਸਿਆ ਬਣ ਗਈ ਸੀ।

ਇਥੇ ਹੀ ਬਸ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਵੀ ਬਹੁਤ ਸਾਰੀਆਂ ਐਸੀਆਂ ਰਚਨਾਵਾਂ ਜੋੜੀਆਂ ਜਾਂਦੀਆਂ ਸਨ, ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ। ਸਾਡੇ ਮੁੱਢਲੇ ਕਈ ਖੋਜੀਆਂ ਤੇ ਵਿਦਵਾਨਾਂ ਦੇ ਇਨ੍ਹਾਂ ਸਬੰਧੀ ਵੱਖ ਵੱਖ ਮੱਤ ਹਨ। ਡਾ. ਮੋਹਨ ਸਿੰਘ ਬਾਹਰਲੀਆਂ ਰਚਨਾਵਾਂ ਵਿਚੋਂ ਕੁਝ ਕੁ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਮੰਨਦੇ ਹਨ।[2] ਸ੍ਰ. ਜੀ.ਬੀ.ਸਿੰਘ ਵੀ ਇਸੇ ਮੱਤ ਦੇ ਧਾਰਨੀ ਹਨ।[2]

ਪ੍ਰੋ. ਸਾਹਿਬ ਸਿੰਘ ਨੇ ਅੰਦਰਲੀਆਂ ਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਇਹ ਨਿਰਣਾ ਕੀਤਾ ਸੀਕਿ ਸਾਰੇ ਗੁਰੂ ਸਾਹਿਬਾਨ ਆਪਣੀਆਂ ਰਚਨਾਵਾਂ ਆਪ ਸੰਭਾਲ ਕੇ ਰੱਖਦੇ ਸਨ ਤੇ ਗੁਰ-ਗੱਦੀ ਵੇਲੇ ਆਪਣੇ ਅਗਲੇ ਗੁਰੂ ਨੂੰ ਗੁਰ-ਗੱਦੀ ਦੀ ਪ੍ਰਮਾਣਿਕਤਾ ਦੀ

---

1. ਕੀਤੇ ਗਏ ਰਲਾ ਦਾ ਨਮੂਨਾ ਵੇਖਣ ਲਈ 'ਰਤਨ ਸਿੰਘ ਭੰਗੂ' ਦੀ 'ਪ੍ਰਾਚੀਨ ਪੰਥ ਪ੍ਰਕਾਸ਼ ' -ਮਨੇਜਰ ਖਾਲਸਾ ਸਮਾਚਾਰ ਅੰਮ੍ਰਿਤਸਰ-1952, ਤੀਜਾ ਐਡੀਸ਼ਨ, ਪੰਨਾ 184.
2. ਡਾ. ਮੋਹਨ ਸਿੰਘ - 'ਪੰਜਾਬੀ ਸਾਹਿੱਤ ਦਾ ਇਤਿਹਾਸ'-1100-1932, ਪੰਨਾ 31.
3. ਸ੍ਰ. ਜੀ.ਬੀ.ਸਿੰਘ- 'ਪ੍ਰਾਚੀਨ ਬੀੜਾਂ'-ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਨੰ.1320.

253610

ਸੋਹਰ ਵਜੋਂ ਦੇ ਜਾਂਦੇ ਸਨ।[1] ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਕੋਲ ਕੇਵਲ ਆਪਣੇ ਤੋਂ ਪਹਿਲੇ ਹੋਏ ਗੁਰੂਆਂ ਦੀ ਬਾਣੀ ਹੀ ਮੌਜੂਦ ਨਹੀਂ ਸੀ, ਸਗੋਂ ਸਾਰੇ ਭਗਤਾਂ ਦੀ ਬਾਣੀ ਵੀ ਸੀ।[2] ਇੰਜ ਇਸ ਮੱਤ ਨੂੰ ਸਵੀਕ੍ਰਿਤੀ ਦਿੰਦੇ ਹੋਏ ਇਹ ਗੱਲ ਤਾਂ ਬੜੀ ਓਪਰੀ ਜਿਹੀ ਲਗਦੀ ਹੈ ਕਿ ਇਹ ਮੰਨਿਆ ਜਾਵੇ ਕਿ ਗੁਰੂ ਸਾਹਿਬਾਨ ਅਗਲੇ ਗੁਰੂ ਸਾਹਿਬਾਨ ਨੂੰ ਗੁਰ-ਗੱਦੀ ਦਿੰਦਿਆਂ ਹੋਇਆਂ,ਆਪਣੀ ਸਾਰੀ ਬਾਣੀ ਨਹੀਂ, ਸਗੋਂ ਕੁਝ ਕੁ ਹੀ ਬਾਣੀ ਦੇ ਗਏ ਹੋਣ। ਅੱਜ ਦੀ ਨਵੀਨ ਖੋਜ ਵੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਰਚਨਾ ਨੂੰ ਗੁਰੂ ਸਾਹਿਬ ਦੇ ਨਾਂ ਨਾਲ ਜੋੜਨ ਤੋਂ ਇਨਕਾਰੀ ਹੈ। ਡਾ. ਤਾਰਨ ਸਿੰਘ[3] ਨੇ ਬੜੇ ਵਿਸਤਾਰ ਪੂਰਵਕ ਢੰਗ ਨਾਲ ਸਾਰੀ ਗਲ ਨੂੰ ਵਿਚਾਰਦੇ ਹੋਏ ਗੁਰਮਤਿ ਪ੍ਰਥਾ ਅਨੁਸਾਰ 'ਧੁਰ ਦੀ ਬਾਣੀ' ਨੂੰ ਉੱਕਤੀ ਬਣਾ ਕੇ ਪੂਰਨ ਰੂਪ ਵਿਚ ਇਸ ਗਲ ਨੂੰ ਸ਼ੰਕੇ ਰਹਿਤ ਕਰ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਕੋਈ ਰਚਨਾ ਪ੍ਰਮਾਣੀਕ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਦੀ ਸੰਪੂਰਨ ਬਾਣੀ ਦਾ ਸੰਗ੍ਰਹਿ ਹੈ ਤਾਂ ਹੀ ਤਾਂ ਇਸਨੂੰ ਪੂਰਨ ਜੋਤ ਦਾ ਪ੍ਰਕਾਸ਼ ਕਿਹਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ, ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੋੜੀ ਜਾਂਦੀ ਅਪ੍ਰਮਾਣਿਕ ਰਚਨਾ ਦਾ ਵੇਰਵਾ ਵੀ ਵੱਖ ਵੱਖ ਵਿਦਵਾਨਾਂ ਅਨੁਸਾਰ ਵੱਖ ਵੱਖ ਹੈ। ਪੰਜਾਬੀ ਸਾਹਿੱਤ ਦੇ ਮੁੱਢਲੇ ਆਲੋਚਕ ਅਤੇ ਖੋਜੀ ਡਾ. ਮੋਹਨ ਸਿੰਘ[4] ਦੀਵਾਨਾ ਇਸ ਬਾਣੀ

---

1. ਪ੍ਰੋ. ਸਾਹਿਬ ਸਿੰਘ, ਕੁਝ ਹੋਰ ਧਾਰਮਕ ਲੇਖ.
   ਗੁਰਬਾਣੀ ਇਕੱਤਰ ਕਰਨ ਸਬੰਧੀ ਲੇਖ 'ਪੰਜਾਬੀ ਦੁਨੀਆਂ-ਸਤੰਬਰ 1953, ਨਵੰਬਰ 1953 ਦਸੰਬਰ 1955 ਅਤੇ ਅਪਰੈਲ 1954 ਵਿਚ ਪ੍ਰੋ. ਸਾਹਿਬ ਸਿੰਘ ਦੇ ਲੇਖ।
2. ਪ੍ਰੋ. ਸਾਹਿਬ ਸਿੰਘ, ਭਗਤ ਬਾਣੀ ਸਟੀਕ - ਹਿੱਸਾ ਦੂਜਾ
   ਕਿਤਾਬ ਵਿਸਥਾਰ ਲਈ ਦੇਖੋ।
3. ਡਾ. ਤਾਰਨ ਸਿੰਘ ਦੀ 'ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 24.
4. ਡਾ. ਮੋਹਨ ਸਿੰਘ -ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 30.

ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੰਦੇ ਹਨ।

ਕਵਿਤਾ

1. ਨਸੀਹਤ ਨਾਮਾ( ਪਰਸ਼ੀਅਨ ਮੀਟਰ)
2. ਮੁਨਾਜਾਜ ( " )
3. ਰੇਖਤਾਸ
4. ਪ੍ਰਾਣ ਸੰਗਲੀ (ਦੋਹਰਾ ਤੇ ਚੌਪਈ)
5. ਗਿਆਨ ਸਰੋਦੀ ( ਦੋਹਰਾ )
6. ਕਾਫੀਆਂ
7. ਕਥਾ ਸ੍ਰੀ ਕ੍ਰਿਸ਼ਨ ਚੰਦ ਅਤੇ ਕਥਾ ਦਾਸ ਅਵਤਾਰ
8. ਚੌਤਰ ਸਲੋਕੀ
9. ਬਾਣੀ ਬਿਹੰਗਮ (ਹਿੰਦੀ ਮੀਟਰ )
10. ਪਰਸ਼ੀਅਨ ਫਾਰਡ (ਪਰਸ਼ੀਅਨ ਮੀਟਰ)
11. ਪਰਸ਼ੀਅਨ ਰੁਬਾਈ (ਹਿੰਦੀ ਮੀਟਰ)
12. ਮਾਤਰਾਂ ( " )
13. ਸੀਹਰਫ਼ੀ (ਪੰਜਾਬੀ ਮੀਟਰ)
14. ਵਾਰਾਂ (ਪਕੌਬਰੀ ਆਦਿ)
15. ਸਹੰਸਰ ਨਾਮਾ
16. ਪੈਤੀ ਅੱਖਰੀ ।

ਵਾਰਤਕ

'ਹਾਜ਼ੁਰਨਾਮਾ'

ਡਾ. ਤਾਰਨ ਸਿੰਘ ਨੇ ਇਸ ਸੂਚੀ ਵਿਚ ਹੇਠ ਲਿਖਿਆ ਵਾਧਾ ਕੀਤਾ ਹੈ।[1]

---

1. ਡਾ. ਤਾਰਨ ਸਿੰਘ 'ਭਗਤੀ ਤੇ ਸ਼ਕਤੀ', ਪੰਨਾ 86.

1. ਜੋਗ ਸਿਧ ਬਾਬਾ ਨਾਨਕ ਜੀ ਕੀ
2. ਸਿਧ ਗੋਸ਼ਟ (ਰਾਗ ਆਸਾ)
3. ਜੋਗ ਮਾਰਗ
4. ਸਿੱਧ ਗੋਸ਼ਟ (ਰਾਗ ਰਾਮਕਲੀ
5. ਸੋਰਠ ਕੀ ਵਾਰ 6.
6. ਰਾਮਕਲੀ ਰਤਨ ਨਾਮਾ
7. ਗਉੜੀ ਪੂਰਬੀ ਬਾਵਨ ਅੱਖਰੀ
8. ਰਕੜ ਵਿਚਾਰ
9. ਭੋਗਲ ਪੁਰਾਣ
10. ਤਿਲੰਗ ਕੀ ਵਾਰ
11. ਪਾਕਨਾਮਾ
12. ਕਰਨੀ ਨਾਮਾ
13. ਰਤਨ ਮਾਲਾ
14. ਮਲਿਆਰ ਨਾਲ ਗੋਸ਼ਟ

ਨੀਮੀਆਂ ਬਾਣੀਆਂ 'ਜਿਤ ਦਰ ਲਖ ਮੁਹੰਮਦਾ' ਜੇ ਬੋਲਾ ਤਾਂ ਆਖੀਐ ਬੜ ਬੜ ਕਰੇ ਬਹੁਤ ਇਤਿਆਦਿ ਸ਼ਬਦ ਤੇ ਅਣਗਿਣਤ ਸਲੋਕ ਹਨ।

ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰ,ਗੁਰੂ ਨਾਨਕ ਦੇਵ ਦੇ ਨਾਂ ਤੇ ਉਪਲਬਧ ਬਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡਦੇ ਹਨ -[1]

1. ਪ੍ਰਾਣ ਸੰਗਲੀ
2. ਖਾਰੀ ਬੀੜ ਵਿਚ ਸੰਮਿਲਿਤ ਵਾਧੂ ਬਾਣੀ
3. ਨਾਮਾ ਸਾਹਿੱਤ

---

1. ਡਾ. ਤਾਰਨ ਸਿੰਘ, ਗੁਰੂ ਨਾਨਕ ਬਾਣੀ, ਪੰਨਾ 37,52,55.

## ਪ੍ਰਾਣ ਸੰਗਲੀ ਦੀ ਬਾਣੀ

1. ਸੁੰਨ ਮਹਲ ਕੀ ਕਥਾ, ਨਿਰੰਕਾਰ ਦਾ ਧਿਆਨ (ਅਧਿਆਇ)
2. ਧਿਆਉ ਪਰਮ ਤਤ ਕਾ (ਅ : 2)
3. ਧਿਆਉ ਨਾੜੀ ਆਦਿਕਾ (ਅ: 5)
4. (ੳ) ਗੋਸ੍ਟ ਸਿਧਾਂ ਨਾਲ ਰਾਗ ਆਸਾ
   (ਅ) ਜੋਗ ਮਾਰਗ ਸਿਧ-ਗੋਸ੍ਟ ਰਾਗ ਰਾਮਕਲੀ(ਅ:7)
5. ਜੋਗ ਸਿਧਿ (ਰੰਗ ਮਾਲਾ ਅ:8)
6. ਓਅੰਕਾਰ ਵਡਾ (ਅ:9)
7. ਰਤਨਮਾਲਾ ਛੋਟੀ ਰਾਗ ਰਾਮਕਲੀ (ਅ:19)
8. ਜੋਗ ਰਤਨਮਾਲਾ ਰਾਗ ਰਾਮਕਲੀ (ਅ:20)
9. ਸਹਸ੍ਰ ਨਾਮਾ ਰਾਗ ਮਾਰੂ (ਅ:24)
10. ਧਿਆਉ ਆਦਿ ਜੁਗਾਦਿ ਕਾ ਰਾਗ ਗਉੜੀ ਅ:28.
11. ਬਾਰਹਮਾਹ ਜੋਗ ਨਿਧ, ਰਾਗ ਮਾਝ (ਅ:30)
12. ਅਸਟਾਂਗ ਜੋਗ ਰਾਗ ਆਸਾ (ਅ:34)
13. ਦਖਣੀ ਓਅੰਕਾਰ ਰਾਗਰਾਮਕਲੀ (ਅ:35)
14. ਰਾਗ ਗਉੜੀ ਪੂਰਬੀ ਬਾਵਨ ਅੱਖਰੀ (ਅ:36)
15. ਜੋਗ ਰਤਨਾਵਲੀ ਰਾਗ ਰਾਮਕਲੀ (ਅ:40)
16. ਸਿਧ ਗੋਸਟ ਰਾਗ ਰਾਮਕਲੀ (ਅ:45)
17. ਵਰਨਮਾਲਾ, ਗਿਆਨ ਮਾਲਾ,ਭਗਤ ਮਾਲਾ,ਰਾਗ ਰਾਮਕਲੀ (ਅ:52)
18. ਬ੍ਰਹਮਾਂਡ ਪ੍ਰਕਰਣ, ਰਾਗ ਰਾਮਕਲੀ (ਅ:58)
19. ਭੋਗਲ ਪੁਰਾਣ (ਅ:59)
20. ਅਸਟਦਸ ਪੁਰਾਣ (ਅ:60)
21. ਪ੍ਰੇਮ ਅਛਰੀ ਰਾਗ ਆਸਾ (ਅ:61)
22. ਦਸ ਅਵਤਾਰ ਵਰਤਮਾਨ ਰਾਗ ਮਾਲਾ (ਅ:62)
23. ਮਾਤ੍ਰਾ ਭੇਖ ਕੀ (ਸਰੂਪ ਮਾਤ੍ਰਾ, ਪ੍ਰਾਣ ਮਾਤ੍ਰਾ ਅਤੇ ਰਹਤ ਮਾਤ੍ਰਾ(ਅ. 63-64))
24. ਜੋਗ ਮਣੀ ਮਾਤ੍ਰਾ (ਅ:65)
25. ਧਿਆਉ ਬਿਹੰਗਮਕਾ, ਰਾਮਕਲੀ (ਅ:66)

26. ਧਿਆਉ ਸੋਰਠਿ ਕਾ ਬਾਣੀ (ਵਾਰ)(ਅ:72)
27. ਵਾਰ ਮਾਲਕਉਸ ਕੀ, ਰਾਗ ਮਾਲਾ (ਅ:73)
28. ਗਿਆਨ ਸਰੋਦੇ, ਰਾਗ ਰਾਮਕਲੀ (ਅ:75)
29. ਤਿਲੰਗ ਕੀ ਵਾਰ (ਅ:77)
30. ਜਿਤ ਦਰਿ ਲਖ ਮੁਹੰਮਦਾ ਰਾਗ ਰਾਮਕਲੀ (ਅ:78)
31. ਕੁਗਾਵਲੀ ਰਾਗ ਰਾਮਕਲੀ (ਅ:79)
32. ਧਿਆਉ ਵਾਹਿਗੁਰੂ ਸਬਦ ਕੇ ਵਿਚਾਰਕਾ ਆਦਿ ਪ੍ਰਸੰਗ(ਅ:80)

## ਖਾਰੀ ਬੀੜ ਵਾਲੀ ਮ: 1 ਦੀ ਵਾਧੂ ਬਾਣੀ

1. ਸਲੋਕ, ਜਿਤ ਦਰਿ ਲਖ ਮੁਹੰਮਦਾ
2. ਮਦਿਆਰ ਨਾਲ ਗੋਸਟਿ
3. ਰਾਮਕਲੀ ਰਤਨਮਾਲਾ

## ਨਾਮਾ ਸਾਹਿਤ

| | |
|---|---|
| 1. ਨਸੀਹਤ ਨਾਮਾ | 2. ਹਾਜ਼ਰਨਾਮਾ |
| 3. ਪਾਰਨਾਮਾ | 4. ਕਰਨੀ ਨਾਮਾ |

ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਸਬੰਧਤ ਕੀਤੀ ਜਾਂਦੀ ਐਨੀ ਰਚਨਾ, ਨੂੰ ਵੇਖ ਕੇ ਸੁਭਾਵਕ ਰੂਪ ਵਿਚ ਇਹ ਸੁਆਲ ਪੈਦਾ ਕੀਤਾ ਜਾਂਦਾ ਹੈ ਕਿ ਆਖ਼ਰ ਇਹਬਾਣੀ ਗੁਰੂ ਸਾਹਿਬ ਦੇ ਨਾਂ ਨਾਲ ਕਿਵੇਂ ਸਬੰਧਤ ਹੋਈ ਅਤੇ ਇਸ ਬਾਣੀ ਦੇ ਰਚਨਹਾਰਿਆਂ ਦਾ ਮੰਤਵ ਕੀ ਸੀ?

ਇਤਿਹਾਸਕ ਵਾਕਫ਼ੀ ਅਨੁਸਾਰ ਅਸੀ ਇਹ ਜਾਣਦੇ ਹਾਂ, ਕਿ ਗੁਰੂ ਸਾਹਿਬ ਤੇ ਸਮਾਜ ਦੀਆਂ ਬਾਕੀ ਬਹੁਤ ਸਾਰੀਆਂ ਮੁਰਦਾ ਹੋ ਚੁਕੀਆਂ ਰਸਮਾਂ ਵਾਂਗ ਹੀ ਗੁਰ-ਗੱਦੀ ਆਪਣੇ ਪੁੱਤਰ ਜਾਂ ਜੇਠੇ ਪੁੱਤਰ ਨੂੰ ਦੇਣ ਦੀ ਪਿਰਤ ਨੂੰ ਵੀ ਤੋੜਿਆ। ਜਿਸ ਦੇ ਨਤੀਜੇ

ਵਜੋਂ ਘਰ ਵਿਚ ਅਸੰਤੁਸ਼ਟ ਵਾਰਸ਼ਾਂ ਦੀ ਗਿਣਤੀ ਕਾਫੀ ਹੋ ਗਈ। ਇਹ ਅਸੰਤੁਸ਼ਟ ਵਾਰਸ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਆਪਣੀ ਬਾਣੀ ਜੋੜਨ ਦਾ ਯਤਨ ਕਰਦੇ ਸਨ।[1]

ਬਹੁਤ ਸਾਰੀ ਅਪ੍ਰਮਾਣਿਕ ਬਾਣੀ ਕੁਲ ਕੁ ਮੰਜੀਆਂ ਦੇ ਕੁਰਾਹੇ ਪਏ ਵਾਰਿਸਾਂ ਨੇ ਆਪਣੀਆਂ ਕਰਨੀਆਂ ਨੂੰ ਸਹੀ ਰਾਹ ਦਸਣ ਲਈ ਵੀ ਰਚੀ। ਆਪਣੇ ਵਿਚਾਰਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਮੂਹਿ ਨਿਕਲਿਆ ਦਸਕੇ, ਉਹ ਆਪਣੇ ਸੁਆਰਥਾਂ ਤੇ ਪਰਦਾ ਪਾਉਂਦੇ ਤੇ ਕੁਕਰਮਾਂ ਨੂੰ ਛੁਪਾਉਂਦੇ।[2]

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਆਉਂਦੀ ਪ੍ਰਮਾਣਿਕ ਬਾਣੀ ਨਾਲ ਸੰਖੇਪ ਜਿਹੀ ਜਾਣਕਾਰੀ - ਗੁਰੂ ਨਾਨਕ ਦੇਵ ਜੀ ਦੀ ਰਚਨਾ ਜਿਹੜੀ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਕੀਤੀ, ਵੱਖ ਵੱਖ ਸਮੇਂ ਤੇ ਵੱਖ ਵੱਖ ਵਿਅਕਤੀਆਂ ਨੂੰ ਮੁੱਖ ਰਖਕੇ ਰਚੀ ਗਈ। ਗੁਰੂ ਸਾਹਿਬ ਦਾ ਜੀਵਨ ਉਦੇਸ਼ ਆਪਣੇ ਵੇਲੇ ਦੀ ਪੂਰਨ ਰੂਪ ਵਿਚ ਹਰ ਪੱਖੋਂ ਨਿਘਰੀ ਜਨਤਾ ਨੂੰ ਉੱਚਾ ਚੁਕਣਾ ਸੀ, ਉਨ੍ਹਾਂ ਦਾ ਰਾਹਨੁਮਾ ਬਣਨਾ ਸੀ। ਉਨ੍ਹਾਂ ਨੇ ਬਹੁਤ ਤੀਰਥ ਅਸਥਾਨਾਂ ਉਤੇ ਪਹੁੰਚ ਕੇ ਵੱਖ ਵੱਖ ਮੇਲ ਮਿਲਾਪ ਤੋਂ ਵੱਖ ਵੱਖ ਸੰਪਰਦਾਵਾਂ ਸਬੰਧੀ ਪ੍ਰਾਪਤ ਕੀਤੇ ਗਿਆਨ ਦੀ ਪ੍ਰਸ਼ਟੀ ਲਈ ਤੇ ਉਨ੍ਹਾਂ ਸੰਪਰਦਾਵਾਂ ਦਾ ਅਸਲ ਰੂਪ ਵੇਖਣ ਲਈ ਸਫਰ ਦੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਦੇਸ਼ ਰਟਨ ਕੀਤਾ। ਉਹ ਜਿਸ ਸੰਪਰਦਾ ਦੇ ਕੇਂਦਰ ਉਤੇ ਪੁਜੇ ਉਥੋਂ ਦੇ ਲੋਕਾਂ ਦੀ ਭਾਵਕ ਸਾਂਝ ਪ੍ਰਾਪਤ ਕਰਨ ਲਈ, ਉਨ੍ਹਾਂ ਨੇ ਬੋਲੀ ਦੇ ਸਥਾਨਕ ਰੂਪ ਉਨ੍ਹਾਂ ਸਥਾਨਕ ਵਸਨੀਕਾਂ ਦੇ ਜੀਵਨ ਚਿੰਨ੍ਹਾਂ ਤੇ ਦ੍ਰਿਸ਼ਟਾਂਤਾਂ ਰਾਹੀ ਆਪਣੇ ਵਿਚਾਰ ਉਨ੍ਹਾਂ ਤਕ ਅਪੜਾਏ । ਇਸ ਵਾਸਤੇ ਗੁਰੂ ਜੀ ਦੇ ਜੀਵਨ ਸਬੰਧੀ ਵਿਚਾਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਕਈ ਵਾਰ ਦੁਹਰਾਏ ਗਏ। ਕਈ ਵਾਰ ਗੁਰੂ ਜੀ ਸਾਹਿਬ ਨੇ ਵੱਖ ਵੱਖ ਲੋਕਾਂ ਨੂੰ

---

1. ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪਰਚਾਰ ਲਈ 22 ਕੇਂਦਰ ਸਥਾਪਤ ਕੀਤੇ ਸਨ, ਇਨ੍ਹਾਂ ਨੂੰ ਮੰਜੀਆਂ ਕਿਹਾ ਜਾਂਦਾ ਸੀ।
2. ਰਤਨ ਸਿੰਘ ਭੰਗੂ , ਪੰਥ ਪ੍ਰਕਾਸ਼, ਪੰਨਾ 184 ਤੋਂ 187.

ਉਪਦੇਸ਼ ਦਿੰਦਿਆਂ ਇਕੋ ਹੀ ਗਲ ਨੂੰ ਵੱਖ ਵੱਖ ਚਿੰਨ੍ਹਾਂ ਦਲੀਲਾਂ ਤੇ ਬੋਲੀ ਵਿਚ ਪ੍ਰਗਟਾਇਆ। ਇਸ ਦੁਹਰਾ ਨੂੰ ਵੇਖ ਕੇ ਇਤਿਹਾਸਕ ਪਿਛੋਕੜ ਦੀ ਸਥਿਤੀ ਨਾ ਸਮਝਦੇ ਹੋਏ ਮੁੱਢਲੇ ਯੂਰਪੀਅਨ ਆਲੋਚਕਾਂ ਨੂੰ ਕਈ ਗਲਤ ਫਹਿਮੀਆਂ ਹੋਈਆਂ ਤੇ ਕਈ ਗਲਤ ਨਤੀਜੇ ਉਨ੍ਹਾਂ ਨੇ ਕੱਢੇ। ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਵਿਚ ਕੋਈ ਵਿਦਵਤਾ ਨਾ ਦਿੱਸੀ ਤੇ ਉਹ ਗੁਰੂ ਸਾਹਿਬ ਦੇ ਜੀਵਨ ਫਲਸਫੇ ਨੂੰ ਠੀਕ ਰੂਪ ਵਿਚ ਨਾ ਸਮਝ ਸਕੇ।[1]

ਜਪੁਜੀ

ਜਪੁਜੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਬਾਣੀਆਂ ਵਿਚੋਂ ਪਹਿਲੀ ਤੇ ਦਾਰਸ਼ਨਿਕ ਪੱਖ ਤੋਂ ਸਭ ਦੀ ਜਨਮਦਾਤੀ ਹੈ। ਇਹ ਇਕ ਬੀਜ ਰੂਪ ਜਾਂ ਸੂਤਰਿਕ ਰਚਨਾ ਹੈ। ਇਸ ਦੀ ਸਾਰੀ ਵਿਚਾਰਧਾਰਾ ਨਾਮ ਸਿਮਰਨ ਦੁਆਲੇ ਘੁੰਮਦੀ ਹੈ। ਇਸੇ ਮਹਾਨ ਰਚਨਾ ਵਿਚ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਵਧੀਆ ਸਾਧਨ ਦਸਿਆ ਹੈ।

ਗੁਰੂ ਨਾਨਕ ਦੇਵ ਜੀ ਉਸ ਵਾਹਿਗੁਰੂ ਦੀ ਉਸਤੱਤੀ ਕਰਦੇ ਹੋਏ ਉਸ ਦੇ ਸਰੂਪ ਦਾ ਵਰਣਨ ਜਪੁਜੀ ਦੇ ਮੰਗਲਾਚਰਣ ਵਿਚ ਇਸ ਤਰ੍ਹਾਂ ਕਰਦੇ ਹਨ -

"ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"

---

1. ਡਾ. ਟਰੰਪ - "

ਪਰੰਤੂ ਅਸੀ ਡਾ. ਟ੍ਰੰਪ ਦੇ ਇਸ ਵਿਚਾਰ ਨਾਲ ਸਹਿਮਤ ਨਹੀ।

'ਇਸ ਪਰਮ ਸੱਚ ਨਾਲ ਅਭੇਦਤਾ' ਦੇ ਗੁੰਝਲਦਾਰ ਪ੍ਰਸ਼ਨ-
"ਕਿਵ ਸਚਿਆਰਾ ਹੋਈਐ,ਕਿਵ ਕੂੜੇ ਤੁਟੈ ਪਾਲਿ"

ਨੂੰ ਬੜੀ ਸੁਰੱਜਤਾ ਨਾਲ ਕੇਵਲ 40 ਛੰਦਾਂ ਅਰਥਾਤ 2 ਸ਼ਲੋਕਾਂ ਤੇ 38 ਪਉੜੀਆਂ ਜਾਂ ਕੁਲਮੁਕਲਾ 4977 ਸ਼ਬਦਾਂ ਰਾਹੀ ਆਪ ਹੀ ਫੇਰ ਬਿਆਨ ਕਰਦੇ ਹਨ+

'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ।'

'ਪਰਮ ਸੱਚ' ਦੇ ਸੱਚੇ ਹੋਣ ਲਈ ਇਕੋ ਸਲੋਕ ਵਿਚ 'ਸੱਚ' ਸ਼ਬਦ ਦੀ ਚਾਰ ਵਾਰ ਵਰਤੋ ਕੀਤੀ ਹੈ -

"ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ
ਭੀ ਸਚੁ ॥"

ਜਪੁਜੀ ਵਿਚ 'ਸੁਣਨਾ ਦੀ ਅਵਸਥਾ 'ਸੁਣਿਐ ਦੂਖ ਪਾਪ ਕਾ ਨਾਸੁ', ਮੰਨਣ ਦੀ ਅਵਸਥਾ- 'ਮੰਨੈ ਪਾਵਹਿ ਮੋਖ ਦੁਆਰ' ਤੇ ਪੰਚ ਦੀ ਅਵਸਥਾ - 'ਪੰਚ ਪਰਵਾਣ ਪੰਚ ਪਰਧਾਨ, ਪੰਚੇ ਪਾਵਹਿ ਦਰਗਹਿ ਮਾਨ।" ਕਹਿ ਕੇ ਮਨ ਦੀ ਮੈਲ ਨਵਿਰਤ ਕਰ ਦਿੱਤੀ ਹੈ।

ਸਚਿਆਰ ਦੀ ਪਦਵੀ ਪ੍ਰਾਪਤ ਕਰਨੀ ਹੀ ਹੈ ਤਾਂ ਸੱਚ-ਖੰਡ ਦਾ ਵਾਸੀ ਬਣਨਾ ਹੈ। ਸੂਫੀਆਂ ਦੀਆਂ ਮੰਜ਼ਲਾਂ - ਸ਼ਰੀਅਤ, ਤਰੀਕਤ ਮਾਰਫ਼ਤ ਤੇ ਹਕੀਕਤ ਵਾਂਗ ਹੀ ਜੁਪਜੀ ਸਾਹਿਬ ਵਿਚ ਖੰਡ ਦੱਸੇ ਹੋਏ ਹਨ - 'ਧਰਮ ਖੰਡ' - ਇਹ ਪਹਿਲੀ ਮੰਜ਼ਲ ਹੈ ਜਿਥੇ - 'ਰਾਤੀ ਰੁਤੀ ਥਿਤੀ ਵਾਰ' ਵਾਂਗ ਕਾਨੂੰਨ ਅਰਥਾਤ ਫਰਜ਼ ਪਰਾਇਣ ਹੋ ਕੇ ਬੰਦਗੀ ਤੋਰ ਤੁਰਦਾ ਹੈ। ਦੂਜੀ ਮੰਜ਼ਲ ਉਹ ਹੈ ਜਿਥੇ ਜੀਵਨ ਇਸ ਮਾਰਗ ਦੇ ਪੰਧੂਉਆਂ ਦੀ ਵਾਰਤਾ ਅਤੇ ਇਸ ਪੰਧ ਦੀ ਅਦਭੁਤਤਾ ਤੇ ਜਾਣੂ ਹੋ ਜਾਂਦਾ ਹੈ। ਇਹ ਗਿਆਨ ਖੰਡ ਹੈ। 'ਸ਼ਰਮ ਖੰਡ' ਤੀਜੀ ਮੰਜ਼ਲ ਹੈ ਜਿਥੇ 'ਸੁਰਤਿ ਮਤਿ ਮਨਿ ਬੁਧਿ' ਦੀ ਘਾੜਤ ਹੁੰਦੀ ਹੈ। ਚੋਥੀ ਮੰਜ਼ਲ 'ਜੋਧ ਮਹਾਬਲ ਸੂਰ' ਦੇ ਟਿਕਾਣਿਆ ਦੀ ਹੈ ਇਸ ਨੂੰ ਕਰਮ-ਖੰਡ ਕਿਹਾ ਹੈ। ਇਸ ਵਿਚ 'ਨਾ ਓਹਿ ਮਰਹਿ ਨਾ ਠਾਗੇ ਜਾਹਿ' ਵਾਲੀ

---

\+ -ਭਾਸ਼ਾ ਵਿਭਾਗ, ਪੰਜਾਬ.

ਅਵਸਥਾ ਆ ਜਾਂਦੀ ਹੈ ਤੇ ਇਹੀ ਆਤਮਕ ਸਥਿਰਤਾ ਦੀ ਅਵਸਥਾ ਹੈ। ਪੰਜਵੀ ਤੇ ਅੰਤਲੀ ਮੰਜ਼ਲ 'ਸੱਚ ਖੰਡ' ਹੈ ਜਿਸ ਨੂੰ ਨਿਰੰਕਾਰ ਦਾ ਨਿਵਾਸ ਅਸਥਾਨ ਕਿਹਾ ਜਾਂਦਾ ਹੈ। 'ਸਚ ਖੰਡਿ ਵਸੈ ਨਿਰੰਕਾਰੁ'। ਇਥੇ ਮਨੁਖ ਉਸ ਪ੍ਰਮਾਤਮਾ ਨਾਲ ਇੱਕਮਿਕ ਹੋ ਕੇ ਵਿਗਾਸਮਈ ਤੇ ਸਦੀਵੀ ਖੇੜੇ ਨਾਲ ਭਰਪੂਰ ਹੋ ਜਾਂਦਾ ਹੈ। 'ਵੇਖੈ ਵਿਗਸੈ ਕਰਿ ਵਿਚਾਰ' ਇਹ ਸਿਖਰ ਹੈਓਂ ਇਨੇ ਗੰਭੀਰ ਤੇ ਵਿਸਤ੍ਰਿਤ ਤੇ ਸਾਰੇ ਸੰਸਾਰ ਦੀ ਵਾਕਫੀ ਭਰੇ ਮਜ਼ਮੂਨ ਨੂੰ ਕਮਾਲ ਦੀ ਸੁਚੱਜਤਾ ਨਾਲ ਇਕ ਪਉੜੀ ਵਿਚ ਸੁਨਿਆਰੇ ਦੀ ਟਕਸਾਲ ਦੀ ਤਸਵੀਰ ਖਿਚ ਕੇ ਸਮੇਟ ਦਿੱਤਾ ਹੈ ਤੇ ਅਖੀਰਲੇ ਸ਼ਲੋਕ ਵਿਚ ਉਸ ਪੀਡੀ ਗੁੰਝਲ ਨੂੰ ਸੁਲਝਾ ਕੇ ਨਗਾਰੇ ਵਜਾ ਦਿੱਤੇ ਹਨ -

"ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ"

ਮਜ਼ਮੂਨ ਦੇ ਮਨੋਵਿਗਿਆਨਕ ਆਰੰਭ, ਉਸਾਰੀ ਤੇ ਸਮਾਪਤੀ ਨਾਲ ਉਸਾਰੀ ਕਲਾ ਦੀਆਂ ਅਤੇ ਸੋਚ ਉਡਾਰੀ, ਮੂਰਤੀਕਾਰੀ, ਛੰਦਾਂ ਦੀ ਵਿਭਿੰਨਤਾ ਤੇ ਅਲੰਕਾਰਾਂ ਦੀ ਫਬਵੀਂ ਵਰਤੋਂ ਨਾਲ ਕਾਵਿ ਕਲਾ ਦੀਆਂ ਸਿਖਰਾਂ ਨੂੰ ਛੋਹਿਆ ਹੈ। ਮਜ਼ਮੂਨ ਦੇ ਨਿਭਾ ਵਿਚ ਸਪੱਸ਼ਟਤਾ ਹੈ, ਇਕਸੁਰਤਾ ਹੈ ਤੇ ਇਕਸਾਰਤਾ ਹੈ। ਇਸ ਵਿਚ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਸੰਖੇਪਤਾ ਪ੍ਰਗਟ ਕੀਤੀ ਹੈ।

## ਸੋਦਰ (ਰਹਿਰਾਸ )

ਰਾਗਾਂ ਅਨੁਸਾਰ ਸੰਕਲਿਤ ਬਾਣੀ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਤਨੇਮ ਦੀਆਂ ਬਾਣੀਆਂ ਦਰਜ ਹਨ। ਰਹਿਰਾਸ ਵਿਚ ਗੁਰੂ ਸਾਹਿਬ ਦੇ ਚਾਰ ਸ਼ਬਦ 'ਜੋ ਰਾਗ ਆਸਾ' ਵਿਚ ਆਉਂਦੇ ਹਨ। ਇਸ ਵਿਚ ਉਸਤੱਤੀ ਤੇ ਜਸ ਗਾਇਨ ਤੋਂ ਬਿਨਾਂ ਰਹੱਸਵਾਦੀ ਦਰਸ਼ਨ ਵਿਚ ਦਰਸ਼ਨ ਦੀ ਇਕ ਬੜੀ ਤੀਬਰ ਜਗਿਆਸਾ ਨੂੰ ਜਗਾਉਂਦੀ ਹੈ। ਉਹ ਅਕਾਲ ਪੁਰਖ ਨੂੰ ਨਿਰਗੁਣ, ਨਿਰਪੇਖ, ਨਿਰੰਕੁਸ਼ ਸਤਾ ਤੇ ਸਰਬ ਵਿਆਪਕ ਦਸ ਕੇ ਉਸ ਨੂੰ ਅਨੇਕ, ਅਸੰਖਾਂ, ਨਾਦਾਂ, ਸੰਗੀਤ ਦੀਆਂ ਧੁਨੀਆਂ ਤੇ ਤਾਲਾਂ ਵਿਚ ਗਤੀਸ਼ੀਲ ਦਸਿਆ ਹੈ। ਇਸ ਬਾਣੀ ਵਿਚ ਕਰਤਾ ਪੁਰਖ ਦੀ ਵਿਸ਼ਾਲਤਾ ਤੇ ਗੌਰਵ, ਉਸ ਦੇ ਨਾਮ ਦੀ ਮਹਿਮਾ ਤੇ ਇਸ ਭਵਜਲ ਸੰਸਾਰ ਵਿਚ ਮਨੁੱਖੀ ਬਲ ਦੀ ਤੁਛਤਾ ਦਾ ਗਿਆਨ ਕਰਵਾ ਕੇ ਆਤਮ ਸਮਰਪਣ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

## ਸੋਹਿਲਾ ਆਰਤੀ

ਸੋਹਿਲਾ ਮੰਗਲ ਗਾਣ ਹੈ ਜੋ ਰਾਤ ਨੂੰ ਸੌਣ ਸਮੇਂ ਪੜ੍ਹੀ ਜਾਣ ਵਾਲੀ ਬਾਣੀ ਦਾ ਨਾਮ ਹੈ। ਗੁਰੂ ਜੀ ਦੇ - ਰਾਗ ਗਉੜੀ ਦੀਪਕੀ, ਆਸਾ ਤੇ ਧਨਾਸਰੀ ਤਿੰਨ ਸ਼ਬਦ ਹਨ।

ਇਸ ਵਿਚ ਪ੍ਰਭੂ ਦੀ ਅਨੇਕਤਾ ਵਿਚ ਏਕਤਾ ਦੇ ਸਰੂਪ ਨੂੰ ਖਟ ਸ਼ਾਸ਼ਤਰਾਂ ਦੀ ਭਿੰਨ ਭਿੰਨ ਵਿਆਖਿਆ ਤੇ ਵਾਸਤਵਿਕ ਸੰਪੂਰਨਤਾ ਨੂੰ ਇਕ ਸੂਰਜ ਤੋਂ ਉਤਪੰਨ ਹੋਣ ਵਾਲੇ ਅਨੇਕ ਰੁੱਤੀ ਵਰਤਾਰੇ ਦੁਆਰਾ ਸਮਝਾਇਆ ਗਿਆ ਹੈ। 'ਇਸ਼ਟ ਦੇਵੀ ਦੀ ਆਰਤੀ ਉਤਾਰਨਾ' ਇਕ ਪਰੰਪਰਾਗਤ ਵਿਧਾਨ ਭਾਰਤ ਵਰਸ਼ ਵਿਚ ਚਿਰਕਾਲ ਤੋਂ ਪ੍ਰਚਲਤ ਹੈ ਗੁਰੂ ਜੀ ਦੀ ਵੈਰਾਟ ਸੁਖਸ਼ਮਿਤ ਵਿਸ਼ੇਸ਼ ਸੰਸਕਾਰਾਂ ਦੀ ਸੀਮਾਂ ਵਿਚ ਆਉਣ ਵਾਲੀ ਨਹੀਂ। ਉਨ੍ਹਾਂ ਦੀ ਵਿਸ਼ਾਲ ਬ੍ਰਹਮੰਡੀ ਕਲਪਣਾ ਦੇ ਵਿਸਥਾਰ ਨੂੰ ਗ੍ਰਹਿਣ ਕਰਕੇ ਬ੍ਰਹਮੰਡ ਰੂਪੀ ਆਰਤੀ ਦਾ ਰੂਪ ਧਾਰਨ ਕਰ ਗਈ ਹੈ। ਉਹ ਪ੍ਰਮਾਤਮਾ ਜੋ ਸਭ ਵਿਚ ਪ੍ਰਕਾਸ਼ਮਾਨ ਹੈ ਉਸ ਪ੍ਰਭੂ ਦੇ ਚਰਨ ਕੰਵਲ ਦਾ ਭੋਰਾ ਬਣ ਕੇ ਪਪੀਹੇ ਵਾਂਗ ਅੰਮ੍ਰਿਤ ਨਾਮ ਵਿਚ ਵਸੇ ਰਹਿਣਾ ਹੀ ਗੁਰਸਿੱਖ ਦਾ ਲਕਸ਼ ਹੈ।

## ਪਹਰੇ (ਸਿਰੀ ਰਾਗ)

ਇਸ ਰਚਨਾ ਵਿਚ ਕੇਵਲ ਦੋ ਸ਼ਬਦ ਹਨ ਤੇ ਹਰ ਸ਼ਬਦ ਦੇ ਚਾਰ ਪਦ ਹਨ। ਇਸ ਵਿਚ ਮਨੁੱਖੀ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾਇਆ ਹੈ। ਹਰ ਪਹਿਰ ਦਾ ਵਿਸ਼ੇਸ਼ ਪ੍ਰਕਿਰਤੀ ਦਾ ਉਲੇਖ ਕਰਕੇ ਦਿਲ ਨੂੰ ਧੂਹਿਆ ਹੈ। ਪਹਿਲੇ ਪਹਿਰ ਵਿਚ ਗਰਭ ਅਵਸਥਾ ਦੂਜੇ ਵਿਚ ਮਾਤਾ ਪਿਤਾ ਨਾਲ ਮੋਹ ਮਮਤਾ ਤੀਜੇ ਵਿਚ ਧਨ ਜੋਬਨ ਵਿਚ ਪਸਰਨ ਵਾਲੀ ਕਾਮ ਪ੍ਰਵਿਰਤੀ ਦੇ ਚੋਥੇ ਵਿਚ ਜੀਵਨ ਖੇਤੀ ਪੱਕ ਜਾਣ ਉਤੇ ਕਲ ਕਾਤੀ ਨਾਲ ਉਸ ਨੂੰ ਕਟੀਂਦਾ ਵਿਖਾ ਕੇ ਸੰਸਾਰਕ ਨਾਸ਼ਮਾਨਤਾ ਦਾ ਗਿਆਨ ਦਿੱਤਾ ਹੈ।

## ਮਾਝ ਕੀ ਵਾਰ

ਵਾਰ ਬਾਹਰਮੁਖੀ ਕਾਵਿ ਰੂਪ ਹੈ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਇਸ ਲੋਕ ਬਹਿਰ 'ਵਾਰ' ਨੂੰ ਅਧਿਆਤਮਕ ਵਿਸ਼ੇ ਦੇ ਵਰਣਨ ਦਾ ਸਾਧਨ ਬਣਾਇਆ ਸਤਿਗੁਰੂ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਨਿਰੂਪਣ ਕਰਕੇ ਬ੍ਰਹਮੰਡ ਵਿਚਲੇ ਲੋਕੀ

ਬਦੀ ਦੇ ਘੋਲ ਨੂੰ ਅਤਿ ਸਪੱਸ਼ਟਤਾ ਨਾਲ ਬਿਆਨ ਕੀਤਾ ਤੇ ਸੱਚ ਦੀ ਫਤਿਹ ਦ੍ਰਿੜ੍ਹ ਕਰਵਾਈ ਹੈ। ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਵਾਰਾਂ ਵਾਂਗ ਪਉੜੀਆਂ ਤੇ ਸ਼ਲੋਕਾਂ ਵਿਚ ਵੰਡੀ ਹੋਈ ਹੈ। ਪਉੜੀ ਵਾਰ ਦਾ ਸ਼ੁੱਧ ਤੇ ਪਰਮਾਣਿਕ ਰੂਪ ਹੈ ਤੇ ਸ਼ਲੋਕ ਅਟੱਲ ਸਚਾਈਆਂ ਨੂੰ ਦ੍ਰਿੜ੍ਹਾਉਣ ਲਈ ਲਿਆਂਦੇ ਗਏ ਹਨ। ਮਾਝ ਦੀ ਵਾਰ ਵਿਚ 27 ਪਉੜੀਆਂ ਅਤੇ 63 ਸ਼ਲੋਕ ਹਨ । ਹਰ ਪਉੜੀ ਦੀਆਂ 8 ਤੁਕਾਂ ਹਨ। ਮਾਝ ਰਾਗ ਪੰਜਾਬ ਦਾ ਰਾਗ ਹੈ ਇਸ ਲਈ ਇਸ ਵਿਚੋਂ ਪੰਜਾਬੀ ਜੀਵਨ ਦੀਆਂ ਸਮੱਸਿਆਵਾਂ ਹੀ ਦਿੱਤੀਆਂ ਹੋਈਆਂ ਹਨ। ਇਹ ਵਾਰ ਗੁਰੂ ਦੀ ਮਹਿਮਾ ਨਾਲ ਸ਼ੁਰੂ ਹੁੰਦੀ ਹੈ । ਆਪ ਦਾ ਵਿਚਾਰ ਹੈ ਕਿ ਪਰਮਾਤਮਾ ਤਾਂ ਜੀਵ ਦੇ ਅੰਦਰ ਵਸਦਾ ਹੈ। ਨਾਮ ਤੋਂ ਭੁਲਾ ਹੋਇਆ ਜੀਵ ਆਪਣੇ ਅੰਦਰ ਵਸਦੇ ਪਰਮਾਤਮਾ ਨੂੰ ਲਭਣ ਤੋਂ ਅਸਮਰੱਥ ਹੋ ਜਾਂਦਾ ਹੈ। ਇਹ ਗਿਆਨ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ -

"ਗੁਰੂ ਦਾਤਾ, ਗੁਰੂ ਹਿਣੈ ਘਰੁ ਗੁਰਦੀਪਕ ਤਿਹ ਲੋਇ॥
ਅਮਰ ਪਦਾਰਥ ਨਾਨਕਾ ਮਨਿ ਮਾਨਿਐ ਸੁਖ ਹੋਇ॥

ਇਸ ਹਨੇਰੇ ਜਗਤ ਵਿਚ ਜਿਥੇ ਗੁਰੂ ਚਾਨਣ ਦਾ ਕੇਂਦਰੀ ਸ੍ਰੋਤ ਹੈ ਉਥੇ ਇਹ ਅਗਿਆਨ ਪ੍ਰਵਿਰਤੀ ਅਧੀਨ ਮਨੁੱਖ ਦੀ ਜਿੰਦਗੀ ਇਕ ਤੁੱਛ ਹਕੀਕਤ ਹੈ ਤੇ ਨਾਸ਼ਵੰਤ ਭਰਮ ਭੁਲਾਵੇ ਤੋਂ ਵਧ ਕੁਝ ਨਹੀਂ। ਪਹਿਲੀ ਪਉੜੀ ਵਿਚ ਮਨੁੱਖ ਦੀ ਵਾਸਤਵਿਕ ਜ਼ਿੰਦਗੀ ਦਾ ਅਤਿ ਸੂਖਮ ਯਥਾਰਥਕ ਤੇ ਕਲਾਤਮਕ ਚਿੱਤ੍ਰ ਪੇਸ਼ ਕੀਤਾ ਗਿਆ ਹੈ ਤੇ ਉਸ ਦੇ ਬਾਲਪਨ ਤੋਂ ਲੈਕੇ ਮਰਨ ਤਕ ਦੇ ਦ੍ਰਿਸ਼ ਨੂੰ ਸ਼ਬਦ ਚਿਤ੍ਰਾਂ ਰਾਹੀਂ ਮੂਰਤੀਮਾਨ ਕੀਤਾ ਗਿਆ ਹੈ -

" ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ
ਸਤਰਿ ਕਾ ਮਤਿ ਹੀਣੁ ਅਸੀਹਾਂ ਕਾ ਵਿਉਹਾਰ ਨ ਪਾਵੈ
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪਬਲੁ
ਢਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।"

ਗੁਰੂ ਜੀ ਨੇ ਉਸ ਸਮੇਂ ਦੇ ਰਾਜਸੀ ਪ੍ਰਬੰਧ , ਆਰਥਕ ਢਾਂਚੇ ਤੇ ਸਮਾਜਿਕ ਦਸ਼ਾ ਉਤੇ ਵੀ ਬਲਵਾਨ ਵਿਅੰਗ ਕੀਤਾ ਹੈ। ਰਾਜਨੀਤਕ ਆਗੂਆਂ ਦੀ ਜ਼ਿੰਦਗੀ ਵਿਚ ਪਰਵੇਸ਼ ਕਰ ਚੁਕੀਆਂ ਮਾਨਵ-ਵਿਰੋਧੀ ਰੁਚੀਆਂ ਦਾ ਵੀ ਪ੍ਰਗਟਾਵਾ ਕੀਤਾ ਹੈ ਕਿ ਰਾਜੇ ਜਿਨ੍ਹਾਂ ਦਾ ਕੰਮ ਜਨਤਾ ਦੀ ਰਖਵਾਲੀ ਕਰਨਾ ਸੀ, ਖੁਦ ਆਪ ਜਨਤਾ ਦੀ ਬਦਹਾਲੀ

ਕਰ ਰਹੇ ਸਨ। ਗੁਰੂ ਜੀ ਵਿਚ ਬੜੀ ਜੁਰਅਤ ਸੀ ਜਦੋਂ ਉਨ੍ਹਾਂ ਨੇ ਰਾਜਿਆਂ ਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਕਸਾਈ ਤੇ ਕੁੱਤੇ ਕਿਹਾ -

"ਕਲਿ ਕਾਤੀ ਰਾਜੇ ਕਸਾਈ, ਧਰਮੁ ਪੰਖ ਕਰਿ ਉਡਰਿਆ ।
ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹਿ ਚੜ੍ਹਿਆ ।"

ਇਸ ਵਾਰ ਦੀ ਸੱਭ ਤੋਂ ਵੱਡੀ ਖ਼ੂਬੀ ਤਤਕਾਲੀਨ ਸਮਾਜ ਦਾ ਵਾਸਤਵਿਕ ਤੇ ਭਰਪੂਰ ਚਿਤਰ ਪੇਸ਼ ਕਰਨ ਵਿਚ ਹੈ। ਭਰਮ ਜਾਲ ਦੀ ਨਿੱਕੀ ਨਿੱਕੀ ਤੰਦ ਨੂੰ ਵੀ ਖੋਲ੍ਹ ਕੇ ਦਸਿਆ ਗਿਆ ਹੈ। ਜਿਸ ਵਿਚ ਦੁਖੀ ਜਨਤਾ ਫਾਥੀ ਹੋਈ ਸੀ। ਸਮੁੱਚੇ ਤੌਰ ਤੇ ਇਸ ਬਾਣੀ ਵਿਚ ਗੁਰੂ ਸਾਹਿਬ ਨੇ ਬਾਹਰੀ ਭੇਖਾਂ, ਪਖੰਡਾਂ ਤੇ ਚਿੰਨ੍ਹਾਂ ਦਾ ਤਿਆਗ ਕਰਕੇ ਮੇਹਰ, ਸਿਦਕ, ਸਬਰ ਤੇ ਸੰਤੋਖ ਇਤਿਆਦਿ ਗੁਣਾਂ ਨੂੰ ਜ਼ਿੰਦਗੀ ਵਿਚ ਅਪਣਾ ਕੇ ਇਕ ਪਰਮਾਤਮਾ ਦੀ ਬੰਦਗੀ ਕਰਕੇ ਇਨਸਾਨ ਨੂੰ ਇਨਸਾਨ ਬਣਨ ਤੇ ਆਤਮਿਕ ਤੌਰ ਤੇ ਜੀਊਂਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਇਸ ਦਸ਼ਾ ਦਾ ਵਿਸਥਾਰ ਨਾਲ ਵੇਰਵਾ ਕਾਂਡ ਪੰਜ ਵਿਚ ਹੈ।

## ਪਟੀ

ਆਸਾ ਰਾਗ ਵਿਚ 'ਪਟੀ' ਸਿਰਲੇਖ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋ ਵਿਸ਼ੇਸ਼ ਬਾਣੀ ਦਰਜ ਹੈ ਇਸ ਬਾਰੇ ਆਮ ਪ੍ਰਚੱਲਤ ਮੱਤ ਹੈ ਕਿ ਇਹ ਆਪ ਜੀ ਨੇ ਪਾਠਸ਼ਾਲਾ ਵਿਚ ਪੱਟੀ ਤੇ ਲਿਖ ਕੇ ਆਪਣੇ ਅਧਿਆਪਕ ਨੂੰ ਦਸੀ ਸੀ ਅਤੇ ਉਸ ਨੂੰ ਪੈਂਤੀ ਅੱਖਰਾਂ ਦੇ ਗੁਪਤ ਅਧਿਆਤਮਿਕ ਰਹੱਸਵਾਦ ਦਾ ਨਿਰਣਾ ਕਰਕੇ ਦਸਿਆ ਹੈ। ਗੁਰਮੁਖੀ ਵਰਣ ਮਾਲਾ ਦੇ ਪੈਂਤੀ ਅਖਰਾਂ ਦੇ ਆਧਾਰ ਤੇ ਹਰ ਬੰਦ ਨੂੰ ਅੱਖਰ ਨਾਲ ਆਰੰਭ ਕੀਤਾ ਹੈ ।

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਇਕ ਸਰਵ-ਸ਼ਕਤੀਮਾਨ ਤੇ ਸਰਵ-ਵਿਆਪਕ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਸਾਜਨਾ ਕਰਕੇ, ਇਸ ਦੁਨੀਆਂ ਦੇ ਲੋਕਾਂ ਨੂੰ ਵੱਖ ਵੱਖਰਿਆਂ ਧੰਦਿਆਂ ਉਤੇ ਲਾਇਆ ਹੋਇਆ ਹੈ। ਪਰਮਾਤਮਾ ਨੇ ਮੋਹ ਮਾਇਆ ਦੇ ਜਾਲ ਅਤੇ ਆਕਰਸ਼ਿਤ ਕਰਨ ਵਾਲੇ ਮਿੱਠੇ ਪਦਾਰਥ ਪੈਦਾ ਕਰਕੇ ਲੋਕਾਂ ਦਾ ਧਿਆਨ ਉਨ੍ਹਾਂ ਵਲ ਲਾਇਆ ਹੋਇਆ ਹੈ। ਲੋਕਾਂ ਨੂੰ ਉਨ੍ਹਾਂ ਵਿਚ ਖਚਿਤ ਕੀਤਾ ਹੋਇਆ ਹੈ ਅਤੇ ਆਪ ਵੱਖ ਵੱਖ ਵੇਸਾਂ ਤੇ ਰੂਪਾਂ ਵਿਚ ਦੁਨਿਆਵੀ ਕਿਰਿਆਵਾਂ ਨੂੰ ਵੇਖ ਰਿਹਾ ਹੈ, ਜਿਹੜੇ ਵਿਅਕਤੀ ਪਰਮਾਤਮਾ ਦੀ ਮਿਹਰ ਬਖਸ਼ਿਸ਼ ਤੇ ਰਹਿਮਤ ਦੇ ਪਾਤਰ ਹੁੰਦੇ ਹਨ, ਉਹ ਪ੍ਰਮਾਤਮਾ ਦੀ ਮਹਾਨਤਾ ਤੇ ਸਥਿਰਤਾ ਅਤੇ ਦੁਨਿਆਵੀ ਪਦਾਰਥਾਂ ਦੀ ਤੁੱਛਤਾ ਤੇ ਅਸਥਿਰਤਾ ਦੇ ਗਿਆਨ

ਨੂੰ ਪ੍ਰਾਪਤ ਕਰਕੇ, ਉਸ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਦੇ ਹਨ -

"ਜੰਤ ਉਪਾਇ ਧੰਧੈ ਸਭ ਲਾਏ
ਕਰਮੁ ਹੋਆ ਤਿਨ ਨਾਮੁ ਲਇਆ।"

"ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।"

ਇਸ ਦੁਨੀਆਂ ਵਿਚ ਹਰ ਘਟਨਾ ਉਸ ਪਰਮਾਤਮਾ ਦੀ ਮਰਜ਼ੀ ਅਨੁਸਾਰ ਵਾਪਰਦੀ ਹੈ - ਉਹ ਆਪ ਹੀ ਚੀਜ਼ਾਂ ਵਸਤਾਂ ਨੂੰ ਬਣਾਉਂਦਾ ਹੈ ਤੇ ਆਪ ਹੀ ਉਨ੍ਹਾਂ ਦਾ ਨਾਸ਼ ਕਰਦਾ ਹੈ -

"ਢਾਹੇ ਢਾਹਿ ਉਸਾਰੇ ਆਪੇ ਜਿਉਂ ਓਸ ਭਾਵੈ ਤਿਵੈ ਕਰੇ।"

ਇਸ ਬਾਣੀ ਦਾ ਮੂਲ ਵਿਸ਼ਾ ਪ੍ਰਭੂ, ਉਸ ਦੀ ਸਤਾ ਦੀ ਅਟੱਲਤਾ ਤੇ ਸਰਬ ਵਿਆਪਕਤਾ, ਦ੍ਰਿਸ਼ਟਮਾਨ ਸੰਸਾਰ ਦੀ ਅਸਾਰਤਾ ਤੇ ਪਰੀਵਰਤਨਸ਼ੀਲਤਾ ਦਾ ਵਰਣਨ ਹੈ। ਮਨੁਖੀ ਜੀਵਨ ਵਿਚ ਮਾਇਆ ਕਰਕੇ ਆਇਆ ਦਵੰਦ ਤੇ ਉਸ ਨੂੰ ਦੂਰ ਕਰਨ ਲਈ ਆਪ ਨੇ ਨਾਮ ਸਿਮਰਨ ਦਾ ਸਾਧਨ ਦਸਿਆ ਹੈ। ਇਸ ਦੀ ਸ਼ੈਲੀ ਸੰਕੇਤਕ ਤੇ ਦਿਲ ਵਿਚ ਧਸ ਜਾਣ ਵਾਲੀ ਹੈ। ਬੋਲੀ ਸਾਦੀ ਹੋਣ ਕਰਕੇ ਆਪ ਦੇ ਅਨੁਭਵ ਨੂੰ ਹੋਰ ਵੀ ਨਿਖਾਰਦੀ ਹੈ -

"ਸਚੀ ਸੋਇ ਸ੍ਰਿਸਟ ਜਿਨਿ ਸਾਜੀ, ਸਭਨਾ ਸਾਹਿਬੁ ਏਕੁ ਭਇਆ
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ"

## ਆਸਾ ਦੀ ਵਾਰ

ਇਹ ਬਾਣੀ ਗੁਰਸਿਖ ਰਵ-ਰੀਤ ਵਿਚ ਅੰਮ੍ਰਿਤ ਵੇਲੇ ਸੰਗਤ ਵਿਚ ਗਾਈ ਜਾਂਦੀ ਹੈ। ਇਹ ਬਾਣੀ ਛੰਕੇ ਨਾਲ ਆਰੰਭ ਹੁੰਦੀ ਹੈ। ਸਲੋਕ ਨਾਲ ਟਿਕਵੇਂ ਰੂਪ ਵਿਚ ਵਿਆਖਿਆ ਹੁੰਦੀ ਹੈ ਅਤੇ ,, ਪਉੜੀ ਦੇ ਪਾਠ ਨਾਲ ਤੋੜਾ ਪਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਛੰਕੇ, ਸਲੋਕ ਅਤੇ ਪਉੜੀ ਦਾ ਤ੍ਰੈਮੇਲ ਹੈ। ਇਸ ਬਾਣੀ ਵਿਚ 24 ਪਉੜੀਆਂ ਅਤੇ ਕੁਲ 60 ਸਲੋਕ ਦਰਜ ਹਨ ਜਿਨ੍ਹਾਂ ਵਿਚੋਂ 15 ਸਲੋਕ ਮਹਲੇ ਦੂਜੇ ਦੇ ਹਨ ਅਤੇ ਬਾਕੀ ਦੇ ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ । ਆਸਾ ਦੀ ਵਾਰ ਦੇ ਆਰੰਭ ਵਿਚ ਆਪ ਪ੍ਰਭੂ ਪਰਮਾਤਮਾ ਦੀ ਉਸਤਤੀ ਕਰਦੇ ਲਿਖਦੇ ਹਨ -

"ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ ॥"

ਉਸ ਸਰਬ ਸ਼ਕਤੀਮਾਨ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਆਪ ਹੀ ਕੀਤੀ ਹੈ ਤੇ ਇਸ ਕੁਦਰਤ ਦਾ ਕਰਤਾ ਉਹ ਆਪ ਪਰਮਾਤਮਾ ਹੈ। ਉਹ ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿਚ ਰਖਕੇ ਸਭ ਦੀ ਸੰਭਾਲ ਕਰ ਰਿਹਾ ਹੈ ਅਤੇ ਸਭ ਥਾਈ ਆਪ ਹੀ ਵਰਤ ਰਿਹਾ ਹੈ -

"ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥"

ਆਸਾ ਦੀ ਵਾਰ ਦਾ ਪ੍ਰਧਾਨ ਅੰਸ਼ 'ਆਂਤਰਿਕ ਪਵਿੱਤ੍ਰਤਾ' ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਅਠਾਹਠ ਪਵਿੱਤਰ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਨਾਲ ਵੀ ਇਨਸਾਨ ਦੀ ਪਾਪਾਂ ਦੀ ਮੈਲ ਨਹੀ ਉਤਰਦੀ ਅਤੇ ਉਸਦਾ ਮਨ ਪਵਿੱਤਰ ਨਹੀ ਹੁੰਦਾ, ਸਗੋ ਮਨ ਤਾਂ ਸਰੀਰ ਵਿੱਚ ਵਸਦੇ ਪਰਮਾਤਮਾ ਨੂੰ ਜਾਣਨ ਜਾਂ ਸਮਝਣ ਤੋ ਬਾਅਦ ਹੀ ਪਵਿੱਤਰ ਹੋ ਸਕਦਾ ਹੈ -

"ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸੁ।"

ਇਸ ਵਾਰ ਦੀ ਸ਼ਬਦਾਵਲੀ ਤੇ ਅਲੰਕਾਰਕ ਸ਼ੈਲੀ ਉਚੇਰੀਆ ਕਲਾਤਮਕ ਛੋਹਾਂ ਨਾਲ ਭਰਪੂਰ ਤੇ ਲੋਕ ਮਨ ਉਤੇ ਅਮਿਟ ਪ੍ਰਭਾਵ ਛੱਡਣ ਵਾਲੀ ਹੈ। ਇਸ ਦੇ ਅਲੰਕਾਰ, ਬੜੇ ਤਿਖੇ ਕਾਟ ਕਰਨ ਵਾਲੇ ਘਰੋਗੀ ਨਿੱਤ ਦ੍ਰਿਸ਼ਟੀਗੋਚਰ ਹੋਣ ਵਾਲੀਆਂ ਸਚਾਈਆਂ ਤੇ ਅਮਲਾਂ ਦੀ ਚਿਤਰਮਾਲਾ ਨੈਣਾਂ ਸਾਹਮਣੇ ਲਟਕਾ ਦੇਣ ਵਾਲੇ ਹਨ। ਇਸ ਦਾ ਮਧੁਰ ਸੰਗੀਤ ਮਨ ਅੰਦਰ ਅਨੂਠੇ ਵਿਸਮਾਦ ਨੂੰ ਜਗਾਉਂਦਾ ਹੋਇਆ ਉਚੀਆਂ ਉਡਾਰੀਆਂ ਵਲ ਪ੍ਰੇਰਨਾ ਦਿੰਦਾ ਹੈ।

## ਅਲਾਹੁਣੀਆਂ

'ਅਲਾਹੁਣੀਆਂ' ਸਿਰਲੇਖ ਹੇਠ ਵਡਹੰਸ ਰਾਗ ਦੇ ਪੰਜ ਸ਼ਬਦ ਹਨ। ਭਾਵੇ ਇਹ ਛੋਟੇ ਆਕਾਰ ਦੀ ਰਚਨਾ ਹੈ ਪਰ ਮੌਤ ਵਰਗੇ ਅਟੱਲ ਵਿਸ਼ੇ ਉਤੇ ਇਹ ਵਿਸ਼ੇਸ਼ ਭਾਂਤ ਗੁਰੂ ਦਰਸ਼ਨ ਦੀ ਵਿਆਖਿਆ ਕਰਦੀ ਹੈ। ਇਸ ਬਾਣੀ ਵਿਚ ਦੋ ਭਾਂਤ ਦਾ ਮਰਨਾ ਦਸਿਆ ਗਿਆ ਹੈ ਇਕ ਤਾਂ 'ਮਰਣੁ ਮੁਣਸਾ ਸੂਰਿਆ' ਦਾ ਅਤੇ ਦੂਜਾ ਸਵਾਰਥੀਆਂ ਦਾ ਕਲੇਸ਼ ਪਛਤਾਵਾ ਤੇ ਰੁਦਨ ਭਰਿਆ ਮਰਣਾ। ਗੁਰੂ ਸਾਹਿਬ ਨੇ ਦੋਹਾਂ ਵਲ ਸੰਕੇਤ ਕੀਤਾ

ਹੈ ਤੇ ਦਸਿਆ ਹੈ ਕਿ ਮਰਨਾ ਇਕ ਵੱਡੀ ਹਕੀਕਤ ਹੈ ਪਰ ਗੁਰਮੁਖ ਤੇ ਮਨਮੁਖ ਦੇ ਮਰਨ ਵਿਚ ਫਰਕ ਹੈ -

"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ"।

ਇਸ ਰਚਨਾ ਦੀ ਭਾਸ਼ਾ ਬੜੀ ਭਾਵਪੂਰਤ, ਸਰਲ ਤੇ ਸ਼ੈਲੀ ਲੋਕ ਕਾਵਿ ਮਈ ਜਿਹੜੀ ਵਿਆਪਕਤਾ ਦੀ ਲਖਾਇਕ ਹੈ।

ਕੁਚਜੀ-ਸੁਚਜੀ

ਸੂਹੀ ਰਾਗ ਵਿਚ ਕੁਚਜੀ ਤੇ ਸੁਚਜੀ ਸਿਰਲੇਖ ਹੇਠ ਦੋ ਜੋਟੇ ਆਕਾਰ ਦੀਆਂ ਰਚਨਾਵਾਂ ਦਰਜ ਹਨ। ਇਹ ਰਚਨਾਵਾਂ ਡੂੰਘੇ ਆਤਮ ਚਿਤਵਨ ਨਾਲ ਭਰਪੂਰ ਹਨ ਤੇ ਮਨੁਖੀ ਜੀਵਨ ਦੀ ਸਫਲਤਾ ਉਪਰ ਰਹੱਸਮਈ ਢੰਗ ਨਾਲ ਅਨੂਠਾ ਪ੍ਰਕਾਸ਼ ਪਾਉਂਦੀਆਂ ਹਨ।

ਕੁਚਜੀ, ਅਉਗਣ ਭਰਪੂਰ ਜੀਵ ਰੂਪੀ ਇਸਤ੍ਰੀ ਹੈ, ਜਿਹੜੀ ਉਸ ਪਤੀ ਪ੍ਰਭੂ ਦੇ ਮਿਲਾਪ ਵਾਲੇ ਸੁਹਾਗ ਅਨੰਦ ਤੋਂ ਬਿਲਕੁਲ ਕੋਰੀ ਹੈ। ਜਦੋਂ ਉਹ ਆਪਣੀਆਂ ਹੋਰ ਸਖੀਆਂ ਨੂੰ ਉਸ ਅਨੰਦ ਨੂੰ ਮਾਣਦਿਆਂ ਵੇਖਦੀ ਹੈ ਤਾਂ ਉਸ ਅੰਦਰ ਇਕ ਡੂੰਘੀ ਵੇਦਨਾ ਜਾਗ ਉਠਦੀ ਹੈ ਤੇ ਉਹ ਪ੍ਰਾਸ਼ਚਿਤ ਵਿਚ ਲੀਨ ਹੋ ਜਾਂਦੀ ਹੈ। ਪ੍ਰਭੂ ਨੇ ਜ਼ਿੰਦਗੀ ਨੂੰ ਸ਼ਿੰਗਾਰਨ ਲਈ ਬੇਸ਼ੁਮਾਰ ਦਾਤਾਂ ਬਖਸ਼ੀਆਂ ਹਨ ਤੇ ਕੁਚਜੀ ਆਪਣੇ ਅਸਲੀ ਮਾਰਗ ਤੋਂ ਖੁੰਝ ਚੁਕੀ ਜੀਵ ਆਤਮਾ ਉਨ੍ਹਾਂ ਪਦਾਰਥਕ ਵਸਤਾਂ ਨੂੰ ਆਪਣੀ ਵੱਡੀ ਸੰਪਤੀ ਸਮਝ ਲੈਂਦੀ ਹੈ ਜਿਸ ਵਿਚ ਮਸਤ ਹੋ ਕੇ ਆਪਣੀ ਜਵਾਨੀ ਗੁਆ ਦਿੰਦੀ ਹੈ। ਉਸ ਨੂੰ ਜੀਵਨ ਦਾ ਗਿਆਨ ਮੌਤ ਸਿਰ ਉਤੇ ਆਉਂਣ ਤੇ ਹੀ ਹੁੰਦਾ ਹੈ। ਉਹ ਭੁਲ ਦਾ ਅਹਿਸਾਸ ਜਦੋਂ ਜੀਵ ਇਸਤਰੀ ਨੂੰ ਹੁੰਦਾ ਹੈ ਤਾਂ ਅਰਜ਼ੋਈ ਕਰਦੀ ਹੈ -

"ਤੁਧੁ ਗੁਣ, ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।"

ਕੁਚਜੀ ਦੇ ਟਾਕਰੇ ਤੇ ਦੂਜੇ ਸ਼ਬਦ ਦੀ ਨਾਇਕਾ ਸੁਚਜੀ ਜੀਵ-ਇਸਤ੍ਰੀ ਨੇ ਆਪਣਾ ਆਤਮ ਸਮਰਪਣ ਕਰਕੇ ਤੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰ ਜਾਣਿਆ ਤੇ

ਜੀਵਨ ਸਫਲ ਕਰ ਲਿਆ। ਉਸ ਅੰਦਰ ਦਰਸ਼ਨ ਦੀ ਸਿਕ ਸਦਾ ਬਣੀ ਰਹਿੰਦੀ ਹੈ -

"ਕਿਆ ਮਾਗਉ ਕਿਹਾ ਕਹਿ ਸੁਣੀ ਮੈ ਦਰਸਨ ਭੂਖ ਪਿਆਸ ਜੀਉ "

## ਥਿਤੀ

ਬਿਲਾਵਲ ਰਾਗ ਵਿਚ ਥਿਤੀ ਗੁਰੂ ਨਾਨਕ ਦੇਵ ਜੀ ਦੀ ਛੋਟੇ ਆਕਾਰ ਦੀ ਰਚਨਾ ਹੈ। ਇਸ ਦੇ ਵੀਹ ਬੰਦ ਹਨ। ਇਸ ਦੀ ਬਾਣੀ ਧੁਨੀ ਬੋਧਿਕ, ਚਿੰਨ੍ਹਾਤਮਕ ਤੇ ਰੂਪ ਪ੍ਰਤੀਕ ਮਈ ਹੈ। ਚੰਦਰਮਾ ਦੀ ਗਤੀ ਅਨੁਸਾਰ ਉਤਪੰਨ ਹੁੰਦੀਆਂ ਥਿਤਾਂ ਨੂੰ ਮੁੱਖ ਰਖ ਕੇ ਹਰ ਥਿਤੀ ਨੂੰ ਆਧਾਰ ਬਣਾ ਕੇ ਉਸ ਉਤੇ ਸੰਕੇਤਕ ਢੰਗ ਨਾਲ ਦਾਰਸ਼ਨਿਕ ਵਿਚਾਰਾਂ ਨੂੰ ਪੇਸ਼ ਕੀਤਾ ਹੈ ।

ਥਿਤਾਂ ਨੂੰ ਮੁਖ ਰਖਕੇ - ਏਕਮ ਵਿਚ ਏਕੰਕਾਰ, ਦੂਜ ਵਿਚ ਦਵੈਤ ਭਾਵ, ਤੀਜ ਵਿਚ ਬ੍ਰਹਮਾ ਵਿਸ਼ਨੂੰ ਤੇ ਮਹੇਸ਼ ਤਿੰਨ ਦੇਵਤੇ ਤੇ ਕਰਤਾ ਪੁਰਖ ਚਉਥੇ ਵਿਚ ਚਾਰ ਵੇਦਾਂ, ਅਠਾਰਾਂ ਛੇ ਸ਼ਾਸਤਰਾਂ ਤੇ ਹੋਰ ਧਾਰਮਿਕ ਗ੍ਰੰਥਾਂ, ਪੰਜਵੀ ਵਿਚ ਪੰਜ ਭੂਤਾਂ, ਛੇਵੀ ਵਿਚ ਛੇ ਦਰਸ਼ਨ (ਜੋਗੀਆਂ ਤੇ ਭੇਖਾਂ) ਸਤਵੀ ਵਿਚ ਸਤਿ ਸੰਤੋਖ ਤੇ ਦਾਨ ਆਦਿ ਆਚਰਣਕ ਗੁਣਾਂ ਤਥਾ ਸਤ ਸਰੋਵਰਾਂ (ਪੰਜ ਗਿਆਨ ਇੰਦਰੇ ਮਨ ਤੇ ਬੁਧੀ) ਅਠਵੀ ਵਿਚ ਅਠ ਸਿਧਾਂ ਅਤੇ ਨੌਵੀ ਵਿਚ ਨੌ ਨਾਥਾਂ ਤੇ ਪ੍ਰਿਥਵੀ ਦੇ ਨੌ ਖੰਡਾਂ ਆਦਿ ਦਾ ਸੰਕੇਤਕ, ਪਰ ਭਾਵਪੂਰਤ ਤੇ ਸੰਪੂਰਨ ਵਰਣਨ ਹੈ। ਗੁਰੂ ਜੀ ਨੇ ਨਾਮ ਸਿਮਰਨ ਰਾਹੀ ਅਮਲੀ ਅਧਿਆਤਮਕ ਜੋਗ ਨੂੰ ਪ੍ਰਭੂ ਨਾਲ ਜੁੜਨ ਤੇ ਤਦਰੂਪਤਾ ਪ੍ਰਾਪਤ ਕਰਨ ਦਾ ਮਾਧਿਅਮ ਦਸਿਆ ਹੈ। ਭਾਸ਼ਾ ਦੀ ਸਰਲਤਾ ਤੇ ਸਰਬ ਵਿਆਪਕਤਾ ਇਸ ਬਾਣੀ ਦਾ ਵਿਸ਼ੇਸ਼ ਗੁਣ ਹੈ।

## ਰਾਮਕਲੀ ਦਖਣੀ ਓਅੰਕਾਰ

ਇਹ ਬਾਣੀ 54 ਬੰਦਾਂ ਦੀ ਰਚਨਾ ਹੈ। ਗੁਰੂ ਸਾਹਿਬ ਨੇ ਪਰਮਾਤਮਾ ਦੀ ਮਹਾਨਤਾ, ਉੱਚਤਾ ਤੇ ਸਰਬ ਵਿਆਪਕਤਾ ਬਾਰੇ ਇਸ ਰਚਨਾਂਵਿਚ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ ਕਿ ਪਰਮਾਤਮਾ ਨੇ ਇਕ ਪੁਰਾਣੀ ਵਿਚਾਰਧਾਰਾ ਅਨੁਸਾਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿ ਦੇਵਤਿਆਂ ਦੀ ਸਹਾਇਤਾ ਨਾਲ ਸੰਸਾਰ ਦੀ ਉਤਪਤੀ ਨਹੀ ਕੀਤੀ ਸਗੋਂ ਉਸ ਸਰਵ-ਸ਼ਕਤੀਮਾਨ ਪਰਮਾਤਮਾ ਨੇ ਆਪਣੇ ਸਹਾਰੇ ਹੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ। ਇਸ ਵਿਚਾਰ ਨੂੰ ਉਹ ਪਰਮਾਤਮਾ ਦੇ ਸੂਚਕ ਸ਼ਬਦ ਓਅੰਕਾਰ

ਰਾਹੀ ਇਸ ਤਰ੍ਹਾਂ ਪ੍ਰਗਟਾਉਂਦੇ ਹਨ -

"ਓਅੰਕਾਰਿ ਬ੍ਰਹਮਾ ਉਤਪਤਿ
ਓਅੰਕਾਰਿ ਕੀਆ ਜਿਨਿ ਚਿਤਿ "

ਦੁਨਿਆਵੀ ਪਦਾਰਥਾਂ ਦਾ ਪਿਆਰ ਤੇ ਭੋਗ ਵਿਲਾਸ ਤਾਂ ਇਨਸਾਨੀ ਜ਼ਿੰਦਗੀ ਵਿਚ ਸਿਥਲਤਾ ਤੇ ਗਿਲਾਨੀ ਲੈ ਆਉਂਦਾ ਹੈ, ਇਸ ਲਈ ਇਨਸਾਨ ਨੂੰ ਹੀ ਇਸ ਜੀਵਨ ਦੀ ਮਹਾਨਤਾ ਨੂੰ ਸਮਝਦਿਆਂ ਇਨ੍ਹਾਂ ਥੋੜ ਚਿਰੀਆਂ ਖੁਸ਼ੀਆਂ ਤੋਂ ਉੱਚਾ ਰਹਿਣਾ ਚਾਹੀਦਾ ਹੈ ।

" ਕਾਮ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥"

ਇਨਸਾਨ ਨੂੰ ਦਿਸਦੇ ਸੰਸਾਰਕ ਪਦਾਰਥਾਂ ਦੀ ਅਸਥਿਰਤਾ ਨੂੰ ਸਮਝਦੇ ਹੋਏ, ਇਨ੍ਹਾਂ ਨਾਲ ਬਹੁਤਾ ਪਿਆਰ ਨਹੀ ਪਾਉਣਾ ਚਾਹੀਦਾ ਅਤੇ ਦੁਨਿਆਵੀ ਸੁੱਖ-ਦੁੱਖ ਤੇ ਖੁਸ਼ੀ ਗ਼ਮੀ ਨੂੰ ਉਸ ਪਰਮਾਤਮਾ ਦੀ ਮਰਜ਼ੀ ਤੇ ਹੁਕਮ ਸਮਝ ਕੇ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ -

"ਧੂਪ ਛਾਵ ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥"

ਸੰਸਾਰਕ ਚਲਾਕੀਆਂ, ਚਤੁਰਾਈਆਂ ਤੇ ਗਿਆਨ ਨਾਲ ਪਰਮਾਤਮਾ ਨੂੰ ਪ੍ਰਾਪਤ ਨਹੀ ਕੀਤਾ ਜਾ ਸਕਦਾ। ਪਰਮਾਤਮਾ ਦੀ ਪ੍ਰਾਪਤੀ ਤਾਂ ਗੁਰੂ ਦੀ ਮਿਹਰ ਤੇ ਬਖਸ਼ਿਸ਼ ਉਤੇ ਆਧਾਰਤ ਹੁੰਦੀ ਹੈ। ਇਸ ਲਈ ਇਨਸਾਨ ਨੂੰ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦੀ ਪ੍ਰਾਪਤੀ ਲਈ ਗੁਰੂ ਦੁਆਰਾ ਦਸੇ ਉੱਤਮ ਤੇ ਮਹਾਨ ਰਸਤਿਆਂ ਦਾ ਪਾਂਧੀ ਬਣਨਾ ਚਾਹੀਦਾ ਹੈ ਜਿਵੇਂ -

"ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥
ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ॥"

ਇਹ ਬਾਣੀ ਆਧੁਨਿਕ ਨਿਬੰਧ ਵਰਗੀ ਵਿਚਾਰਾਤਮਕ, ਵਿਧਾਨ, ਬੁੱਧੀ ਤੇ ਭਾਵਾਂ ਦਾ ਅਸਚਰਜ ਸੁਮੇਲ, ਸੁਸ਼ਤਰਵੀ ਤੇ ਲੋਕ ਕਾਵਿ ਸ਼ੈਲੀ ਦਾ ਸੰਜੋਗ, ਤੇ ਅਲੰਕ੍ਰਿਤ ਰੂਪ ਇਹ ਸਭ ਗੁਣ ਇਸ ਨੂੰ ਚਮਤਕਾਰੀ ਰਚਨਾ ਸਿਧ ਕਰਦੇ ਹਨ।

## ਸਿਧ ਗੋਸ੍ਟਿ

ਰਾਮਕਲੀ ਰਾਗ ਜੋਗੀਆਂ ਦਾ ਪ੍ਰਿਯ ਰਾਗ ਹੈ। ਇਸੇ ਰਾਗ ਵਿਚ ਵੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ ਸਿਧ ਗੋਸ੍ਟਿ ਉਚਾਰੀ ਗਈ ਹੈ। ਇਸ ਬਾਣੀ ਦੇ 73 ਬੰਦ ਹਨ। ਹਰ ਬੰਦ ਵਿਚ ਛੇ ਤੁਕਾਂ ਹਨ। ਵਿਸ਼ੇ ਦਾ ਆਰੰਭ ਮੁੱਢ ਵਿਚ ਹੀ ਕੀਤਾ ਗਿਆ ਹੈ ਤੇ ਪਹਿਲੇ ਬੰਦ ਨਾਲ ਹੀ ਇਹ ਤੁਕਾਂ ਵਿਸ਼ੇ ਵਸਤੂ ਵਲ ਸੰਕੇਤ ਕਰਦੀ ਹੈ -

" ਕਿਆ ਭਵੀਐ ਸਚਿ ਸੂਚਾ ਹੋਇ
ਸਾਚ ਸਬਦ ਬਿਨੁ ਮੁਕਤਿ ਨ ਕੋਇ॥"

ਗੁਰੂ ਨਾਨਕ ਦੇਵ ਆਪਣੇ ਉਦਾਸੀ ਜੀਵਨ ਵਿਚ ਸੰਤਾਂ,ਸਾਧਾਂ,ਫਕੀਰਾਂ, ਦਰਵੇਸ਼ਾਂ,ਜੋਗੀਆਂ ਨਾਲ ਗੋਸ਼ਟ ਕਰਦੇ ਰਹੇ ਕਿ ਸੱਚੇ ਸ਼ਬਦ ਦੀ ਪ੍ਰਾਪਤੀ ਤੋਂ ਬਿਨਾਂ ਬਾਕੀ ਸਭ ਭੇਖ ਭਰਮ ਜਾਲ ਹਨ। ਸਿਧਾਂ ਨਾਲ ਗੁਰੂ ਜੀ ਦੀ ਪਰਮਾਤਮਾ ਦੀ ਪ੍ਰਾਪਤੀ ਦੇ ਵਿਸ਼ੇ ਉਤੇ ਹੋਈਆਂ ਬਹਿਸਾਂ ਨੂੰ ਸਿਧ ਗੋਸਟ ਦਾ ਨਾਂ ਦਿੱਤਾ ਹੈ। ਆਪ ਨੇ ਸਿਧਾਂ ਦੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਚੁਕੇ ਭੇਖਾਂ ਤੇ ਬਾਹਰੀ ਚਿੰਨ੍ਹਾਂ ਦਾ ਖੰਡਨ ਕੀਤਾ। ਸਿਧਾਂ ਦੇ ਜੀਵਨ ਬਾਰੇ ਅਪਨਾਏ ਗਲਤ ਦ੍ਰਿਸ਼ਟੀਕੋਣਾਂ ਦਾ ਵਿਰੋਧ ਕੀਤਾ ਅਤੇ ਦਸਿਆ ਕਿ ਗੇਰੂਏ ਰੰਗ ਦੇ ਕਪੜੇ ਪਹਿਨਣ ਨਾਲ, ਕੰਨਾਂ ਵਿਚ ਮੁੰਦਰਾਂ ਪਾਉਂਣ ਨਾਲ, ਹੱਥਾਂ ਵਿਚ ਚਿਮਟਾ ਤੇ ਖੱਪਰ ਫੜਨ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀ ਹੋ ਸਕਦੀ। ਇਹ ਬਾਹਰਲੇ ਭੇਖ ਤਾਂ ਇਨਸਾਨ ਦੇ ਮਨ ਨੂੰ ਪਾਵਨ ਤੇ ਉੱਚਾ ਕਰਨ ਦੀ ਥਾਂ ਅਗਿਆਨਤਾ ਦੇ ਹਨੇਰੇ ਵਿਚ ਸੁਟਦੇ ਹਨ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਦੁਨਿਆਵੀ ਪਦਾਰਥਾਂ ਤੇ ਰਿਸ਼ਤਿਆਂ ਨੂੰ ਤਿਆਗ ਕੇ ਜੰਗਲਾਂ ਵਿਚ ਚੱਕਰ ਕਟਣ ਨਾਲ, ਅੰਦਰ ਵਸਦੇ ਪਰਮਾਤਮਾ ਨੂੰ ਪ੍ਰਾਪਤ ਨਹੀ ਕੀਤਾ ਜਾ ਸਕਦਾ। ਦੁਨਿਆਵੀ ਪਦਾਰਥਾਂ ਦਾ ਤਿਆਗ ਭਾਂਜਵਾਦੀ ਦ੍ਰਿਸ਼ਟੀਕੋਣ ਹੈ, ਜੋ ਸਮਾਜ ਤੇ ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਪ੍ਰਤੀ ਬੇਇਨਸਾਫੀ ਦਾ ਸੂਚਕ ਹੈ ਸਗੋਂ ਉਸ ਨੂੰ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ -

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ।

ਇਸ ਦੀ ਸ਼ੈਲੀ ਦੇ ਰੂਪ ਵਿਧਾਨ ਵੀ ਸ੍ਰੇਸ਼ਟਤਰੀ ਤੇ ਉਤਕ੍ਰਿਸ਼ਟ ਹੈ। ਇਹੋ ਕਾਰਨ ਹੈ ਕਿ ਗੁਰੂ ਸਾਹਿਬ ਦੀ ਦੂਜੀ ਰਚਨਾ ਦੇ ਟਾਕਰੇ ਤੇ ਇਹ ਵਧੇਰੇ ਗੂੜ੍ਹ, ਸੂਤਰਿਕ ਤੇ ਸੰਕੇਤਕ ਹੈ, ਕਿਉਂਜੋ ਇਸ ਵਿਚ ਵਰਤੀ ਗਈ ਪਰਿਭਾਸ਼ਕ ਸ਼ਬਦਾਵਲੀ ਜੋਗ ਮਤ ਸਬੰਧੀ ਪ੍ਰਾਪਤ

ਪ੍ਰਾਰੰਭਿਕ ਜਾਣਕਾਰੀ ਨੂੰ ਪਰਵਾਨ ਕਰਕੇ ਹੀ ਅੱਗੇ ਚਲਦੀ ਹੈ। ਇਸ ਲਈ ਇਸ ਦੇ ਬੋਧ ਲਈ ਵਿਰਸਿਕ ਬੌਧਿਕ ਪੱਧਰ ਦਾ ਹੋਣਾ ਬੜਾ ਆਵੱਸ਼ਕ ਹੈ।

ਇਹ ਸਾਰੀ ਬਾਣੀ ਵਿਚ ਗੋਰਖ, ਚਰਪਟ ਤੇ ਮਛੰਦਰ ਆਦਿ ਨਾਂਥਾਂ ਤੇ ਸਿਧਾਂ ਵਲੋਂ ਕੁਝ ਪ੍ਰਸ਼ਨ ਹੁੰਦੇ ਦਸੇ ਗਏ ਹਨ। ਆਰੰਭ ਵਿਚ ਇਹ ਚਰਚਾ ਵਿਅਕਤੀਗਤ ਰੂਪ ਵਿਚ ਹੁੰਦੀ ਹੈ ਪਰ ਪਿਛੋਂ ਜਾ ਕੇ ਪ੍ਰਸ਼ਨਾਂ ਵਿਚ ਵਿਅਕਤੀਗਤ ਅੰਤਰ ਦਾ ਨਿਖੇੜ ਨਹੀ ਕੀਤਾ ਗਿਆ ਸਗੋਂ ਸਮੂਹ ਜੋਗੀਆਂ ਨੂੰ ਇਕ ਸ਼੍ਰੇਣੀ ਪਾਤਰ ਮੰਨ ਕੇ ਹਰ ਪ੍ਰਸ਼ਨ ਦਾ ਯੋਗ ਉਤਰ ਦੇ ਦਿਤਾ ਗਿਆ ਹੈ। ਇਹ ਸਾਰੇ ਉਤਰ ਗੁਰੂ ਸਾਹਿਬ ਵਲੋਂ ਹੀ ਦਿੱਤੇ ਹੋਏ ਹਨ -

<u>ਪ੍ਰਸ਼ਨ</u>

"ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥"

<u>ਉਤਰ</u>

"ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰ ਗੁਰ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥"

ਇਹ ਸਾਰੀ ਰਚਨਾ ਸ਼ਾਂਤ ਰਸੀ ਵਾਯੂਮੰਡਲ ਵਿਚ ਕਹੀ ਹੈ। ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਨੇ 'ਸਿਧ ਗੋਸ੍ਟਿ' ਰਚਨਾ ਵਿਚ ਸਿਧਾਂ ਦੇ ਤਿਆਗ ਅਤੇ ਭੇਖਾਂ ਦਾ ਵਿਰੋਧ ਕਰਕੇ ਉਨ੍ਹਾਂ ਨੂੰ ਸਰਵ ਸ਼ਕਤੀਵਾਨ ਪਰਮਾਤਮਾ ਨਾਲ ਇਕਾਗਰ-ਚਿੱਤ ਹੋ ਕੇ ਨਾਮ ਸਿਮਰਨ ਕਰਨ ਨਾਲ ਇਕਸੁਰਤਾ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ।

<u>ਤੁਖਾਰੀ ਛੰਤ ਮਹਲਾ 1 ਬਾਰਹਮਾਹਾ</u>

ਤੁਖਾਰੀ ਸਰਦ ਰੁੱਤ ਦਾ ਰਾਗ ਹੈ ਤੇ ਛੰਦ ਸ਼੍ਰਿੰਗਾਰ ਰਸ ਪ੍ਰਧਾਨ

ਕਾਵਿ ਰੂਪ ਹੈ। ਇਨ੍ਹਾਂ ਦੋਹਾਂ ਦੇ ਸੰਜੋਗ ਤੋਂ ਗੁਰੂ ਨਾਨਕ ਜੀ ਰਚਿਤ ਪੰਜਾਬੀ ਦਾ ਪਹਿਲਾ ਬਾਰਾਮਾਹਾ ਹੋਂਦ ਵਿਚ ਆਇਆ।

ਪੁਰਾਤਨ ਸਾਖੀਆਂ ਵਿਚ ਇਸ ਰਚਨਾ ਨੂੰ ਗੁਰੂ ਜੀ ਦੀ ਅੰਤਿਮ ਵਿਸ਼ੇਸ਼ ਰਚਨਾ ਪਰਵਾਨ ਕੀਤਾ ਗਿਆ ਹੈ। ਇਸ ਲਈ ਇਸ ਦਾ ਰੂਪ ਤੇ ਰਸ ਪੱਕੇ ਮਿੱਠੇ ਫਲ ਵਰਗਾ ਹੈ। ਭਾਵਾਂ ਤੇ ਬੁੱਧੀ ਦਾ ਸੁਮੇਲ ਇਨ੍ਹਾਂ ਕਲਾਤਮਿਕ ਹੈ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਨਾ ਮੁਸ਼ਕਲ ਹੈ। ਭਾਵੇਂ ਪ੍ਰਧਾਨ ਸੁਰ ਮਨੋਭਾਵਾਂ ਤੇ ਉਦਗਾਰਾਂ ਦੀ ਤੀਖਣਤਾ ਤੋਂ ਉਪਜੀ ਅਨੂਠੀ ਬਿਹਬਲਤਾ ਦਾ ਹੈ, ਫਿਰ ਵੀ ਇਸ ਨੂੰ ਸਹਿਜ ਗਿਆਨ ਦੇ ਅਨੁਸ਼ਾਸਨ ਵਿਚ ਢਾਲਿਆ ਗਿਆ ਹੈ। ਪ੍ਰਾਕਿਰਤੀ ਦੀ ਸੁੰਦਰਤਾ ਦੀ ਅਦਭੁਤ ਚਿੱਤਰਕਾਰੀ ਇਸ ਦੀ ਕਲਾਤਮਿਕ ਵਿਸ਼ੇਸ਼ਤਾ ਵਿਚ ਵਾਧਾ ਕਰਦੀ ਹੈ। ਬਦਲਦੀ ਤੇ ਰੂਪ ਵਟਾਂਦੀ ਪ੍ਰਾਕਿਰਤੀ ਦੀ ਚਿੱਤਰਮਾਲਾ ਅੱਖਾਂ ਸਾਹਮਣੇ ਸੁਪਨੇ ਲਟਕਾਉਂਦੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਫਿਰ ਜਾਂਦੀ ਹੈ; ਅਤੇ ਬਾਰਾਂ ਮਹੀਨਿਆਂ ਦੁਆਰਾ ਸੰਪੂਰਨ ਵਰ੍ਹੇ ਦੀ ਤਸਵੀਰ ਅੱਖਾਂ ਸਾਹਮਣਿਓਂ ਲੰਘ ਜਾਂਦੀ ਹੈ। ਪਰ ਇਨ੍ਹਾਂ ਮਾਸਕ ਰੇਖਟਿਆਂ ਵਿਚ ਸੂਖਮ ਮਨੋਭਾਵਾਂ ਤੇ ਅਨੁਪਮ ਕਾਵਿ ਦੀ ਸੁੰਦਰ ਚਿੱਤਰਕਾਰੀ ਕੀਤੀ ਗਈ ਹੈ। ਜਿਸ ਦੀ ਨਿਰੋਲ ਕਾਵਿਕਤਾ ਅਭੁੱਲ ਤੇ ਅਤੁੱਲ ਹੈ। ਇਸਦੇ ਸਰੋਦੀ ਬੋਲ ਸਦਾ ਟੁੰਬਦੇ ਹਨ। ਰੂਪਕ, ਉਪਮਾਵਾਂ ਤੇ ਸੂਹਜਾਤਮਕ-ਬਿੰਬ ਵਿਧਾਨ ਅਤਿ ਸ੍ਰੇਸ਼ਟ-ਕਾਵਿ ਪ੍ਰਤਿਭਾ ਦੀ ਸਾਖੀ ਭਰਦਾ ਹੈ। ਗੁਰੂ ਜੀ ਨੇ ਇਸ ਰਚਨਾ ਵਿਚ ਪ੍ਰਭੂ-ਪ੍ਰਾਪਤੀ ਦੇ ਇਛਾਵਾਨ ਸਾਧਕ ਲਈ ਕਾਮਿਨੀ ਅਤੇ ਪਰਮ ਪਰਮਾਤਮਾ ਲਈ ਕੰਤ ਦਾ ਪ੍ਰਤੀਕ ਲਿਆ ਹੈ। ਪ੍ਰਕ੍ਰਿਤੀ ਨੂੰ ਪ੍ਰਕਰਣ ਵਿਚ ਰਖ ਕੇ ਵਿਛੋੜੇ ਦੀ ਅਵਸਥਾ ਨੂੰ ਪ੍ਰਗਟਾਇਆ ਹੈ। ਪ੍ਰਕ੍ਰਿਤੀ ਦਾ ਪ੍ਰਭਾਵ ਦਿਲ ਉਤੇ ਹੁੰਦਾ ਹੈ। ਕੁਦਰਤੀ ਦ੍ਰਿਸ਼ਾਂ ਨੂੰ ਵੇਖ ਕੇ ਸਾਧਕ ਦਾ ਮਨ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਹੋਰ ਵੀ ਤੀਬਰ ਤੇ ਪ੍ਰਚੰਡ ਹੋ ਜਾਂਦਾ ਹੈ। ਕੁਦਰਤ ਦੇ ਮਨੋਰੰਜਕ ਵਾਤਾਵਰਣ ਵਿਚ ਵੀ ਜਦੋਂ ਉਸ ਦਾ ਪਤੀ ਪਰਮਾਤਮਾ ਉਸਦੇ ਦਿਲ ਰੂਪੀ ਘਰ ਵਿੱਚ ਨਹੀ ਆਇਆ ਤਾਂ ਉਹ ਤੜਫ ਉਠਦੀ ਹੈ -

"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ॥"

ਗੁਰੂ ਸਾਹਿਬ ਨੇ ਦਸਿਆ ਹੈ ਕਿ ਉਹ ਪਰਮਾਤਮਾ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰੀਤਮ ਪਿਆਰੇ ਦੀ ਯਾਦ ਵਿਚ ਬਿਤਾਇਆ

ਗਿਆ ਸਾਰਾ ਬਾਰਾਮਾਹ ਤੇ ਉਸ ਦੇ ਬਾਰਾਂ ਹੀ ਮਹੀਨੇ ਤੇ ਸਭ ਰੁੱਤਾਂ ਭਲੀਆਂ ਹਨ। ਉਸ ਤੋਂ ਇਕ ਘੜੀ ਦਾ ਵਿਛੋੜਾ ਵੀ ਅਸਹਿ ਹੋ ਜਾਂਦਾ ਹੈ ਪਰ ਇਸ ਤਰ੍ਹਾਂ ਦਾ ਮੇਲ ਪੂਰਬ ਕਰਮਾਂ ਦੇ ਸੰਜੋਗਾਂ ਤੇ ਗੁਰੂ ਦੀ ਕਿਰਪਾ ਉਤੇ ਹੀ ਆਧਾਰਿਤ ਹੈ।

ਇਸ ਪ੍ਰਕਾਰ ਗੁਰੂ ਕਵੀ ਨੇ ਬਾਰਾਮਾਹ ਵਿਚ ਜੀਵ ਆਤਮਾ ਕਾਮਨੀ ਨੂੰ ਬਿਰਹਾ ਵਿਚ ਸੜਦੀ ਵਿਖਾ ਕੇ ਜੀਵ ਆਤਮਾ ਦੇ ਪ੍ਰਮਾਤਮਾ ਲਈ ਸਮੀਪਤਾ ਲਈ ਯਤਨ ਅਤੇ ਪਰਮਾਤਮਾ ਨਾਲ ਜੀਵ ਆਤਮਾ ਦਾ ਆਂਤਰਿਕ ਇਕਸੁਰਤਾ ਦਸੀ ਹੈ।

## ਵਾਰ ਮਲਾਰ

ਇਸ ਵਾਰ ਦੇ ਆਦਿ ਵਿਚ ਗੁਰੂ ਸਾਹਿਬ ਨੇ ਪਰਮਾਤਮਾ ਦੀ ਸਰਬ ਸ਼ਕਤੀਮਾਨਤਾ, ਸਰਬ ਵਿਆਪਕਤਾ ਅਤੇ ਅਟੱਲਤਾ ਦਾ ਬਿਆਨ ਕੀਤਾ ਹੈ ਕਿ ਪਰਮਾਤਮਾ ਨੇ ਅਕਾਸ਼, ਪਾਤਾਲ, ਸੂਰਜ, ਚੰਦ ਤੇ ਰਾਤ ਦਿਨ ਆਦਿ ਪੈਦਾ ਕੀਤੇ ਹਨ। ਸਿਰਫ ਪਰਮਾਤਮਾ ਹੀ ਇਸ ਦਿਸਦੀ ਵਿਚਰਦੀ ਕੁਦਰਤ ਵਿੱਚ ਅਟੱਲ ਹੈ ਸਥਿਰ ਹੈ ਅਤੇ ਬਾਕੀ ਸਾਰੀ ਕਾਇਨਾਤ ਅਸਥਿਰ ਹੈ। ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਇਸ ਨੂੰ ਆਪ ਹੀ ਪਛਾਣਦਾ ਹੈ ਅਤੇ ਉਸਦੇ ਹੁਕਮ ਅਨੁਸਾਰ ਹੀ ਸ੍ਰਿਸ਼ਟੀ ਦਾ ਸਾਰਾ ਕੰਮ ਚਲ ਰਿਹਾ ਹੈ ਜਿਵੇਂ -

"ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥

... ... ...

ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥"

ਉਸ ਅਕਾਲ ਪੁਰਖ ਪਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਕਿਸਮ ਦੇ ਭੇਖ ਦੀ ਜ਼ਰੂਰਤ ਨਹੀਂ , ਇਹ ਕਰਮ ਤਾਂ ਇਨਸਾਨ ਨੂੰ ਅਗਿਆਨਮਈ ਅਵਸਥਾ ਵਿਚ ਲੈ ਜਾਂਦੇ ਹਨ, ਕੇਵਲ ਗੁਰੂ ਦੇ ਰਤਨ ਰੂਪੀ ਸ਼ਬਦ ਦਾ ਗਿਆਨ ਹੀ ਮਨੁੱਖੀ ਮਨ ਨੂੰ ਚਾਨਣ ਦਿਖਾ ਸਕਦਾ ਹੈ -

"ਗੁਰੂ ਕਾ ਸਬਦੁ ਰਤੰਨੁ ਹੈ, ਕਰਿ ਚਾਨਣੁ ਆਪਿ ਦਿਖਾਲਿਆ॥"

ਗੁਰੂ ਇਕ ਮਲਾਹ ਹੈ, ਜਿਹੜਾ ਇਨਸਾਨ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੈ ਜਾਂਦਾ ਹੈ

ਗੁਰੂ ਇਕ ਸਾਧਨ ਹੈ, ਜਿਸ ਨੂੰ ਆਧਾਰ ਬਣਾ ਕੇ ਪਰਮ ਪਰਮਾਤਮਾ ਨਾਲ ਪਿਆਰ ਪੈਦਾ ਕੀਤਾ ਜਾ ਸਕਦਾ ਹੈ, ਗੁਰੂ ਨਾਨ ਪਿਆਰ ਗੁਰੂ ਦੀ ਸ਼ਬਦ ਦੁਆਰਾ ਸਿਫ਼ਤ ਸਲਾਹੁਣਾ ਕਰਨ ਨਾਲ ਹੋ ਸਕਦਾ ਹੈ , ਜਿਵੇਂ -

"ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰ॥"

ਮਨਮੁਖ ਇਨਸਾਨ ਸੰਸਾਰਕ ਭੋਗ ਵਿਲਾਸ ਨੂੰ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਸਮਝਦੇ ਹੋਏ ਇਸ ਵਿਚੋਂ ਜ਼ਿਆਦਾ ਖਚਿਤ ਰਹਿੰਦੇ ਹਨ। ਸੰਸਾਰਕ ਪਦਾਰਥਾਂ ਦੇ ਥੋੜ ਚਿਰੇ ਸੁਆਦ ਅਤੇ ਅਸਥਿਰਤਾ ਦੀ ਅਸਲੀਅਤ ਦਾ ਪਤਾ ਵੀ ਸਤਿਗੁਰੂ ਪਾਸੋਂ ਹੀ ਲਗਦਾ ਹੈ -

"ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ॥"

ਜਿਨ੍ਹਾਂ ਵਿਅੱਕਤੀਆਂ ਉਤੇ ਸਤਿਗੁਰ ਦੀ ਮਿਹਰ ਹੁੰਦੀ ਹੈ ਉਹ ਆਪਣੇ ਵਿਚੋ ਹਉਮੈ ਨੂੰ ਦੂਰ ਕਰ ਦਿੰਦੇ ਹਨ, ਆਪਣੀ ਤੁੱਛਤਾ ਨੂੰ ਪਰਮਾਤਮਾ ਦੀ ਮਹਾਨਤਾ ਵਿਚ ਅਤੇ ਆਪਣੀ 'ਮੈਂ' ਨੂੰ ਪਰਮਾਤਮਾ ਦੀ 'ਤੂੰ' ਵਿਚ ਪਰਿਵਰਤਿਤ ਕਰਕੇ ਸੁਖੀ ਹੁੰਦੇ ਹਨ ਜਿਵੇਂ -

"ਸੇ ਸੁਖੀਏ ਸਦਾ ਸੁਹਣੇ ਜਿਨ੍ਹ ਵਿਚਹੁ ਆਪ ਗਵਾਇ॥"

ਮੌਤ ਦਾ ਡਰ ਹਰ ਇਨਸਾਨ ਦੇ ਸਿਰ ਤੇ ਸਵਾਰ ਹੈ। ਇਨਸਾਨੀ ਜ਼ਿੰਦਗੀ ਨੇ ਇਕ ਦਿਨ ਮੌਤ ਵਿੱਚ ਦਾਖਲ ਹੋਣਾ ਹੈ ਅਤੇ ਪਰਮਾਤਮਾ ਦੀ ਦਰਗਾਹ ਵਿਚ ਉਸਦੇ ਕੀਤੇ ਚੰਗੇ ਮੰਦੇ ਕਰਮਾਂ ਅਨੁਸਾਰ ਹੀ ਫੈਸਲਾ ਹੋਣਾ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਕੇਵਲ ਪਰਮਾਤਮਾ ਹੀ ਬਚਾ ਸਕਦਾ ਹੈ -

"ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ॥"

ਜਿਹੜੇ ਇਨਸਾਨ ਇਸ ਦੁਨੀਆਂ ਤੇ ਕੇਵਲ ਮਾਇਆ ਨੂੰ ਸੰਚਿਤ ਕਰਨ ਤੇ ਲਗੇ ਰਹਿੰਦੇ ਹਨ, ਜਿੰਦਗੀ ਦੇ ਹਰ ਪਹਿਲੂ ਨੂੰ ਮਾਇਕ ਜਾਂ ਪਦਾਰਥਕ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ, ਉਨ੍ਹਾਂ ਦੀਆਂ ਮਾਇਕ ਤ੍ਰਿਸ਼ਨਾਵਾਂ ਹੋਰ ਵੀ ਜ਼ਿਆਦਾ ਪ੍ਰਬੱਲ ਹੋ ਜਾਂਦੀਆਂ ਹਨ

ਅਤੇ ਅਜਿਹੇ ਇਨਸਾਨ ਨੂੰ ਗੁਰੂ ਦੇ ਦੱਸੇ ਰਾਹ ਤੇ ਆਪਣੀ ਜ਼ਿੰਦਗੀ ਨਾ ਚਲਾਉਣ ਕਾਰਨ ਪਰਮਾਤਮਾ ਦਾ ਬੰਦੀ ਬਣਾਇਆ ਜਾਂਦਾ ਹੈ, ਦੁਬਿਧਾ ਦੇ ਤੇਲ ਵਿਚ ਸਾੜਿਆ ਜਾਂਦਾ ਹੈ ਤੇ ਆਵਾਗਵਣ ਦੇ ਚੱਕਰਾਂ ਵਿਚ ਸੁੱਟਿਆ ਜਾਂਦਾ ਹੈ, ਜਿਵੇਂ -

"ਇਕਨਾ ਗਲੀ ਜੰਜੀਰ ਬੰਦਿ ਰਬਾਣੀਐ ॥
ਚਲੈ ਨਾਮ ਵਿਸਾਰਿ ਤਾਵਣ ਤਤਿਆ ॥
ਬਲਦੀ ਅੰਦਰਿ ਤੇਲ ਦੁਬਦਾ ਘਤਿਆ ॥"

ਸਮੁੱਚੇ ਤੌਰ ਤੇ ਗੁਰੂ ਸਾਹਿਬ ਨੇ ਇਸ ਵਾਰ ਵਿੱਚ ਕੁਰੀਤੀਆਂ ਤੇ ਭੈੜੀਆਂ ਰਸਮਾਂ ਨੂੰ ਤਿਆਗਣ ਤੇ ਮਹਾਨ ਤੇ ਉੱਤਮ ਗੁਣਾਂ ਨੂੰ ਅਮਲੀ ਜ਼ਿੰਦਗੀ ਵਿਚ ਅਪਨਾਉਣ ਲਈ ਉਪਦੇਸ਼ ਕੀਤਾ ਹੈ।

## ਸਲੋਕ, ਪਦੇ, ਅਸ਼ਟਪਦੀਆਂ, ਸੋਹਲੇ, ਛੰਤ ਤੇ ਹੋਰ ਬਾਣੀਆਂ

ਗੁਰੂ ਨਾਨਕ ਦੇਵ ਸਲੋਕਾਂ,ਪਦਿਆਂ, ਅਸ਼ਟਪਦੀਆਂ,ਸੋਹਲੇ ਅਤੇ ਛੰਤਾਂ ਅਤੇ ਹੋਰ ਬਾਣੀਆਂ ਵਿੱਚ ਵੀ ਇਕ ਪਰਮਾਤਮਾ ਦੀ ਸਰਵ ਵਿਆਪਕਤਾ, ਸਰਵ-ਸ਼ਕਤੀਮਾਨਤਾ ਮਹਾਨਤਾ ਅਤੇ ਉੱਚਤਾ ਨੂੰ ਪ੍ਰਗਟਾਉਂਦੇ ਹੋਏ ਦਸਦੇ ਹਨ ਕਿ ਇਸ ਸਾਰੀ ਸ੍ਰਿਸ਼ਟੀ ਦੀ ਚਲਾਉਣ ਵਾਲੀ ਸ਼ਕਤੀ ਉਹ ਪਰਮਾਤਮਾ ਹੀ ਹੈ।

ਅਜਿਹੇ ਸ਼ਕਤੀਸ਼ਾਲੀ ਪਰਮਾਤਮਾ ਦੀ ਪ੍ਰਾਪਤੀ ਧਾਰਮਿਕ ਭੇਖ, ਚਿੰਨ੍ਹਾਂ, ਅਤੇ ਬਾਹਰੀ ਕਰਮ ਕਾਂਡਾਂ ਰਾਹੀਂ ਨਹੀਂ ਹੋ ਸਕਦੀ, ਸਗੋਂ ਉਸ ਦੀ ਪ੍ਰਾਪਤੀ ਤਾਂ ਸਬਰ,ਸੰਤੋਖ, ਸੰਜਮ,ਸੀਲ, ਮਿਹਰ, ਪਰਉਪਕਾਰ ਤੇ ਪੁਰਸ਼ਾਰਥ ਦੀ ਭਾਵਨਾ ਨੂੰ ਅਮਲੀ ਜ਼ਿੰਦਗੀ ਵਿਚ ਧਾਰਨ ਕਰਨ ਨਾਲ ਹੀ ਹੋ ਸਕਦੀ ਹੈ। ਪਰੰਤੂ ਇਨਸਾਨੀ ਸ਼ਖ਼ਸੀਅਤ ਵਿੱਚ ਇਹ ਸਭ ਗੁਣ ਗੁਰੂ ਦੀ ਬਾਣੀ ਦਾ ਗਾਇਨ ਕਰਨ ਨਾਲ ਤੇ ਗੁਰੂ ਦੇ ਦਸੇ ਰਸਤੇ ਉੱਤੇ ਚਲਣ ਨਾਲ ਪਤਾ ਲਗਦੇ ਹਨ ।

-=:0:=-

# ਕਾਂਡ ਪੰਜਵਾਂ

"
"
"
"
"
"
"
"

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ ।

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਗੁਰੂ ਨਾਨਕ ਬਾਣੀ ਵਿਚ ਉਘੜਦਾ ਸਮਕਾਲੀ ਸਮਾਜ ਦਾ ਚਿੱਤਰ

ਉੱਤਮ ਸਾਹਿਤ ਸਦਾ ਜੀਵਨ ਵਿਚੋਂ ਪੈਦਾ ਹੁੰਦਾ ਹੈ। ਕੋਈ ਵੀ ਚੰਗਾ ਸਾਹਿੱਤਕਾਰ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਅਭਿਜ ਨਹੀ ਰਹਿ ਸਕਦਾ ਇਸ ਕਰਕੇ ਹੀ ਤਾਂ 'ਸਾਹਿੱਤ ਸਮਾਜ ਦਾ ਸ਼ੀਸ਼ਾ'ਮੰਨਿਆ ਜਾਂਦਾ ਹੈ। ਸਾਹਿੱਤਕਾਰ ਇਕ ਕੋਮਲ ਹਿਰਦੇ ਦਾ ਮਾਲਕ ਹੋਣ ਦੇ ਨਾਤੇ ਉਸ ਨੂੰ ਸੂਖਮ ਤੋਂ ਸੂਖਮ ਭਾਵ ਆ ਕੇ ਟੁੰਬ ਜਾਂਦੇ ਹਨ। ਸਮਾਜ ਦੇ ਹਰ ਕਰਮ ਦਾ ਉਸਦੇ ਚੇਤੰਨ ਮਨ ਉਤੇ ਡੂੰਘਾ ਪ੍ਰਤੀਕਰਮ ਹੁੰਦਾ ਹੈ ਤੇ ਸਮਾਜ ਦੀ ਹਰ ਅਵੱਸਥਾ ਨੂੰ ਹਰ ਪੱਖ ਤੋਂ ਪਰਖਣ ਲਈ ਉਸਦਾ ਪਾਰਖੂ ਦਿਲ ਤੀਬਰ ਰਹਿੰਦਾ ਹੈ। ਹਰ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ ਜੋ ਕਿ ਸਾਹਿੱਤਕਾਰ ਨੂੰ ਲਿਖਣ ਲਈ ਮਜਬੂਰ ਕਰ ਦਿੰਦਾ ਹੈ।

ਗੁਰੂ ਨਾਨਕ ਦੇ ਸਮੇਂ ਸਮਾਜ ਦੀ ਹਾਲਤ ਬਹੁਤ ਹੀ ਖਰਾਬ ਸੀ ਖਾਸ ਕਰਕੇ ਹਿੰਦੂਆਂ ਦੀ ਹਾਲਤ ਬਹੁਤ ਨਿਘਰੀ ਹੋਈ ਸੀ- ਉਨ੍ਹਾਂ ਉਪਰ ਜਜ਼ੀਆ ਕਰ ਲਗਾ ਹੋਇਆ ਸੀ। ਧਾਰਮਿਕ ਖੇਤਰ ਵਿਚ ਧਰਮ ਦੇ ਠੇਕੇਦਾਰਾਂ ਤੇ ਰਾਜਸੀ ਖੇਤਰ ਵਿਚ ਰਾਜ-ਸੱਤਾ ਦੇ ਉੱਚ ਅਧਿਕਾਰੀਆਂ ਦੇ ਅਤਿਆਚਾਰਾਂ ਸਦਕਾ ਲੋਕਾਈ ਲਈ ਸੁੱਖ ਦਾ ਸਾਹ ਲੈਣਾ ਅਤਿ ਹੀ ਪਤਨ ਅਵਸਥਾ ਵਿਚ ਸੀ। ਮਨੁੱਖੀ ਮਨਾਂ ਵਿਚ ਔਗੁਣਾਂ ਤੇ ਅਗਿਆਨਤਾ ਕਾਰਨ ਗਿਲਾਨੀ ਆ ਚੁਕੀ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸਾਰਾ ਭਾਰਤੀ ਜੀਵਨ ਕਿਸੇ ਸੁਪਨੇ ਵਿੱਚ ਸੁੱਤਾ ਪਿਆ ਹੋਵੇ। ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੇ ਸਮਾਜ ਨੂੰ ਨੇੜੇ ਹੋ ਕੇ ਗਹੁ ਨਾਲ ਦੇਖਿਆ ਹੈ। ਇਸ ਦੇ ਭੈੜਾਂ ਪੁਰ ਕਰੜੀ ਆਲੋਚਨਾ ਕੀਤੀ ਅਤੇਇਕ ਚੰਗੇ ਡਾਕਟਰ ਵਾਂਗ ਇਨ੍ਹਾਂ ਰੋਗਾਂ ਦੇ ਐਕਸਰੇ ਲੈ ਕੇ ਲੋਕ ਬੋਲੀ ਸਾਹਿਤ ਸ਼ੀਸ਼ੇ ਨੂੰ ਸੱਚੇ ਵਿਚ ਢਾਲ ਕੇ ਇਸ ਤਰ੍ਹਾਂ ਚਮਕਾ ਦਿਤਾ ਹੈ ਜਿਸ ਰਾਹੀ ਸਮੇਂ ਦੀ ਸਮਾਜਿਕ,ਧਾਰਮਿਕ, ਆਰਥਿਕ,ਰਾਜਨੀਤਕ ਤਸਵੀਰ ਸਹੀ ਰੂਪ ਵਿਚ ਰੂਪਮਾਨ ਹੋ ਜਾਂਦੀ ਹੈ।

### ਸਮਾਜਿਕ ਦਸ਼ਾ

ਸਮਾਜ ਧਰਮ ਦੇ ਆਧਾਰ ਉੱਤੇ ਦੋ ਹਿਸਿਆਂ ਵਿਚ ਵੰਡਿਆ ਹੋਇਆ ਸੀ- ਇਕ ਹਿੰਦੂ ਸਨ , ਦੂਜੇ ਮੁਸਲਮਾਨ । ਮੁਸਲਮਾਨ ਹਿੰਦੂਆਂ ਨੂੰ ਦੇਖ ਕੇ ਰਾਜ਼ੀ ਨਹੀ ਸਨ ਇਸ ਕਰਕੇ ਉਨ੍ਹਾਂ ਉਪਰ ਅਤਿਆਚਾਰ ਕਰਦੇ ਸਨ "ਮੁਸਲਮਾਨ ਹਿੰਦੂਆਂ ਨੂੰ ਧਰਤ ਨਿਆਈ ਸਮਝਦੇ ਸਨ,ਜੇ ਕਰ ਹਿੰਦੂਆਂ ਕੋਲੋ ਚਾਂਦੀ ਮੰਗੀ ਜਾਏ ਤਾਂ ਉਹਨਾਂ ਨੂੰ ਬੜੀ ਅਧੀਨਗੀ ਨਾਲ ਸੋਨਾ ਪੇਸ਼ ਕਰਨਾ ਚਾਹੀਦਾ ਹੈ। ਜੇ ਕੋਈ ਮੋਮਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ, ਹਿੰਦੂ ਨੂੰ ਆਪਣਾ ਮੂੰਹ ਅੱਡ

ਦੇਣਾ ਚਾਹੀਦਾ ਹੈ ਤਾਂ ਕਿ ਥੁੱਕਣ ਵਿਚ ਮੁਸਲਮਾਨ ਨੂੰ ਤਕਲੀਫ ਨਾ ਹੋਵੇ।" ਉਸ ਸਮੇਂ ਇਹ ਸਮਝਿਆ ਜਾਂਦਾ ਸੀ ਕਿ ਖ਼ੁਦਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦਾ ਗੁਲਾਮ ਰਹਿਣ ਲਈ ਹੀ ਬਣਾਇਆ ਹੈ। ਮੁਸਲਮਾਨ ਰਾਜ ਦੇ ਨਸ਼ੇ ਵਿਚ ਹਿੰਦੂ ਕੌਮ ਨੂੰ ਤੰਗ ਕਰਦੇ ਸਨ ਤੇ ਹਿੰਦੂ ਤਰਸ ਯੋਗ ਤੇ ਮਾੜੀ ਜ਼ਿੰਦਗੀ ਬਤੀਤ ਕਰ ਰਹੇ ਸਨ।

ਭਾਈ ਗੁਰਦਾਸ ਬੜੇ ਕਾਵਿ ਮਈ ਢੰਗ ਨਾਲ ਆਪਣੀਆਂ ਵਾਰਾਂ ਵਿਚ ਉਸ ਸਮਾਜਿਕ ਗਿਲਾਨੀ ਵਲ ਇਸ ਤਰ੍ਹਾਂ ਇਸ਼ਾਰਾ ਕਰਦੇ ਹਨ -

"ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ
ਬਾਲ ਦਇਆ ਬਲਹੀਨ ਹੋ ਨਿਘਰ ਚਲੈ ਰਸਾਤਲ ਟੋਆ
ਖੜਾ ਇਕ ਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ
ਥੰਮੇ ਕੋਇ ਨ ਸਾਧ ਬਿਨ ਸਾਧੁ ਨਾ ਦਿਸੈ ਜਗ ਵਿਚ ਕੋਆ।
ਧਰਮ ਧੌਲ ਪੁਕਾਰ ਤਲੈ ਖੜੋਆ ॥22॥

(ਵਾਰ 1, ਪਉੜੀ 22)

ਇਥੇ ਹੀ ਬਸ ਨਹੀ ਸਗੋਂ ਹਿੰਦੂ ਆਪਣੀ ਜਾਤੀ ਉਤੇ ਖੁਦ ਵੀ ਜ਼ੁਲਮ ਕਰਦੇ ਸਨ। ਹਿੰਦੂ ਚਾਰ ਜਾਤੀਆਂ ਵਿਚ ਵੰਡੇ ਹੋਏ ਸਨ। ਸ਼ੂਦਰਾਂ ਦੀ ਦਸ਼ਾ ਅਤਿ ਮਾੜੀ ਸੀ। ਭਗਤ ਨਾਮਦੇਵ ਜੀ ਜਿਹੇ ਭਗਤ ਹੂਕ ਕੱਢਦੇ ਹੋਏ ਫਰਮਾਂਦੇ ਹਨ-

"ਜਦ ਮੈਂ ਮੰਦਿਰ ਜਾਂਦਾ ਹਾਂ, ਇਹ ਪੰਡੀਆ ਮੋਹਿ ਕਉ ਵੇਢੁ
ਰਹਿਤ ਹੈ, ਸ਼ੂਦਰ ਸ਼ੂਦਰ ਕਰ ਮਾਰਿ ਭਗਾਇਓ,' ਮੰਦਿਰ ਵਿਚੋਂ ਸ਼ੂਦਰ ਸ਼ੂਦਰ ਆਖ ਕੇ ਮਾਰ ਕੱਢਦਾ ਹੈ। ਕੋਈ ਕੁੱਤਾ ਤਾਂ ਖੂਹ ਉੱਤੇ ਚੜ੍ਹ ਕੇ ਪਾਣੀ ਪੀ ਸਕਦਾ ਹੈ, ਪਰ ਸ਼ੂਦਰ ਖੂਹ ਉਤੇ ਜਾ ਕੇ ਨ੍ਹਾ ਨਹੀ ਸਕਦਾ। ਉਸ ਵਿਚਾਰੇ ਨੂੰ ਅਨ੍ਹੇਰੀਆਂ ਰਾਤਾਂ ਵਿਚ ਟੱਲ ਪਾ ਕੇ ਲੰਘਣਾ ਪੈਂਦਾ ਸੀ ਅਤੇ ਅਨ੍ਹੇਰੀ ਰਾਤ ਵਿਚ ਉਸ ਦਾ ਪਰਛਾਵਾਂ ਉੱਚੀ ਜਾਤ ਵਾਲੇ ਉਤੇ ਨਾ ਪੈ ਜਾਏ। ਹਿੰਦੂਆਂ ਦੀ ਅਧੀਨਗੀ ਇਤਨੀ ਵੱਧ ਗਈ ਸੀ ਕਿ ਰਾਜਿਆਂ ਦਾ ਹੱਥ ਠੋਕਾ ਬਣ ਕੇ ਉਹ ~~ਤੁਲਸੀਦਾਸ/ਜੀ/ਲਿਖਦੇ/ਹਨ~~ ਭਰਾਵਾਂ ਉੱਤੇ ਛੁਰੀ ਚਲਾਈ ਜਾ ਰਹੇ ਸਨ।"

ਤੁਲਸੀ ਦਾਸ ਜੀ ਲਿਖਦੇ ਹਨ -

"ਬ੍ਰਾਹਮਣ ਨੇਕੀ ਅਤੇ ਪੁੰਨ ਦੇ ਬ੍ਰਿਛ ਦੀ ਜੜ੍ਹ ਹੈ ਅਤੇ ਪਾਪ ਨੂੰ ਨਾਸ਼ ਕਰਨ ਵਾਲਾ ਹੈ। ਬ੍ਰਾਹਮਣ ਭਾਵੇਂ ਉਕੋਂ ਹੀ ਗੁਣਹੀਣ ਤੇ ਪਾਪੀ ਹੋਵੇ ਤਾਂ ਵੀ ਉਸ ਦਾ ਆਦਰ

ਕਰਨਾ ਜ਼ਰੂਰੀ ਹੈ ਤੇ ਸ਼ੂਦਰ ਭਾਵੇ ਕਿੰਨਾ ਹੀ ਪੁਨੀ ਤੇ ਵਿਦਵਾਨ ਕਿਉਂ ਨਾ ਹੋਵੇ ਉਸ ਦਾ ਆਦਰ ਕਦੀ ਨਹੀ ਕਰਨਾ ਚਾਹੀਦਾ।" [1]

ਇਹੀ ਹਿੰਦੂ ਸਮਾਜ ਦੀ ਵੱਡੀ ਬੁਰਿਆਈ ਸੀ, ਗੁਰੂ ਨਾਨਕ ਦੇਵ ਦੇ ਵਿਚਾਰ ਸਮਾਜਕ ਆਦਰਸ਼ ਚਿਤਰਾਂ ਦੇ ਰੰਗਾਂ ਵਿਚ ਰੰਗੇ ਹੋਏ ਸਨ, ਇਕ ਅਕਲੀ ਸਮਾਜਕ ਨਿਜ਼ਾਮ ਦੇ ਅਜਿਹੇ ਸੁਫਨਿਆਂ ਵਿਚ ਰੰਗੇ ਹੋਏ ਹਨ ਜਿਹੜੇ ਕਿਰਤ ਕਰਨ ਵਾਲੇ ਲੋਕਾਂ ਦੇ ਦਿਲਾਂ ਵਿਚ ਯੁਗਾਂ ਤੋਂ ਧੜਕਦੇ ਆ ਰਹੇ ਹਨ। ਆਪਣੀਆਂ ਕਿਰਤਾਂ ਵਿਚ ਸਾਮੰਤਵਾਦੀ ਪੰਜਾਬ ਦੇ ਸਭ ਤੋਂ ਨੀਵੇਂ ਤਬਕੇ-ਕਿਸਾਨਾਂ, ਵਪਾਰੀਆਂ, ਕਾਰੀਗਰਾਂ ਦੀ ਭਾਵਨਾ ਦਾ ਪ੍ਰਤੀਬਿੰਬ ਪੇਸ਼ ਕਰਦਿਆਂ ਕਿਹਾ -

'ਫਕੜ ਜਾਤੀ ਫਕੜੁ ਨਾਉ
ਸਭਨਾ ਜੀਆਂ ਇਕੋ ਨਾਉਂ॥'

(ਆਦਿ ਗ੍ਰੰਥ - ਪੰਨਾ 83)

ਬ੍ਰਾਹਮਣ ਜੋ ਕਿ ਰੱਬ ਦੇ ਆਪਣੇ ਆਪ ਨੂੰ ਨੇੜੇ ਸਮਝਦੇ ਸਨ ਤੇ ਆਪਣੀ ਉੱਚੀ ਜਾਤੀ ਦਾ ਅਹੰਕਾਰ ਕਰਦੇ ਸਨ ਇਹ ਸਭ ਵਿਅੰਰਥ ਹੈ । ਉਚ ਤੇ ਨੀਚ ਸਾਰੇ ਜੀਵਾਂ ਨੂੰ ਉਸ ਪ੍ਰਮਾਤਮਾ ਦੀ ਇਕ ਨੁਹਾਰ ਕਿਹਾ ਹੈ -

"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਜੇਹ ਹੈ॥"

(ਆਦਿ ਗ੍ਰੰਥ - ਪੰਨਾ 349)

ਇਹ ਜਾਤ ਪਾਤ ਸਿਰਫ ਇਸ ਸੰਸਾਰ ਵਿਚ ਹੀ ਰਹਿ ਜਾਂਦੀ ਹੈ ਉਸ ਦਰਗਾਹ ਵਿਚ ਕੋਈ ਜਾਤ ਪਾਤ ਨਹੀ।

"ਇਕਨਾ ਵਡੀ ਆਰਜਾ ਇਕ ਮਰਿ ਹੋਹਿ ਜਹੀਰ
ਇਕ ਦੇ ਖਾਹਿ ਨਿਖੁਟੇ ਨਾਹੀ ਇਕ ਸਦਾ ਫਿਰਹਿ ਫਕੀਰ।"

(ਆਦਿ ਗ੍ਰੰਥ- ਪੰਨਾ 1289)

---

1. ਲਿਵਿੰਗ ਰਿਲੀਜਨ ਆਫ ਇੰਡੀਆ - ਪੰਨਾ 67.

ਇਸ ਵਿਚ ਉਸ ਵਕਤ ਦੀ ਆਰਥਿਕ ਕਾਣੀ ਵੰਡ ਵਲ ਇਸ਼ਾਰਾ ਕਰਦਿਆਂ ਦਸਿਆ ਹੈ ਕਿ ਕਈ ਆਦਮੀ ਤਾਂ ਪੇਟ ਪਾਲਣ ਲਈ ਦਰਵਾਜ਼ੇ ਤੇ ਮੰਗਤੇ ਫਿਰਦੇ ਹਨ ਅਤੇ ਕਈ ਇਨਸਾਨ ਬਹੁਤ ਖਾਣ ਤੋਂ ਬਾਅਦ ਵੀ ਹੋਰ ਬਹੁਤ ਸਾਰੀਆਂ ਸੰਸਾਰਕ ਵਸਤਾਂ ਦੇ ਮਾਲਕ ਬਣੇ ਹੋਏ ਹਨ -

"ਨੀਚਾਂ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ
ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉਂ ਕਿਆ ਰੀਸੁ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ।।"
(ਆਦਿ ਗ੍ਰੰਥ - ਪੰਨਾ 15)

ਗੁਰੂ ਸਾਹਿਬ ਦੇ ਸਮਾਜ ਵਿੱਚ ਨਿਮਾਣੇ ਤੇ ਨਿਤਾਣੇ ਲੋਕਾਂ ਨਾਲ ਨਸਲ ਦੇ ਆਧਾਰ ਉੱਤੇ ਕੀਤੀ ਵਧੀਕੀ ਦੇ ਵਿਰੁਧ ਕੇਵਲ ਆਵਾਜ਼ ਹੀ ਨਹੀਂ ਉਠਾਈ, ਸਗੋਂ ਆਪਣੇ ਆਪ ਨੂੰ ਨੀਚ ਕਹੇ ਜਾਣ ਵਾਲੇ ਲੋਕਾਂ ਦੇ ਹਮਦਰਦ ਅਤੇ ਸਾਥੀਵਾਲ ਕਿਹਾ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਨੀਵੇਂ ਇਨਸਾਨ ਦੁਨਿਆਵੀ ਮਾਲਕਾਂ ਵਲੋਂ ਤ੍ਰਿਸਕਾਰੇ ਜਾਣ ਕਰਕੇ, ਰੱਬ ਮਾਲਕ ਵਿਚ ਜ਼ਿਆਦਾ ਵਿਸ਼ਵਾਸ਼ ਰਖਦੇ ਹਨ,ਘਟ ਸ਼ਕਤੀ ਤੇ ਪੈਸੇ ਦੇ ਮਾਲਕ ਹੋਣ ਕਰਕੇ ਭੈੜਿਆਂ ਕੰਮਾਂ ਵਿਚ ਪੈਣ ਦੀ ਥਾਂ ਪਰਮਾਤਮਾ ਵਲ ਜ਼ਿਆਦਾ ਧਿਆਨ ਜੋੜਦੇ ਹਨ ਅਤੇ ਇਸ ਕਰਕੇ ਦੁਨਿਆਵੀ ਕਹੇ ਜਾਣ ਵਾਲੇ ਉਚੇ ਤੇ ਅਮੀਰ ਇਨਸਾਨਾਂ ਨਾਲੋਂ ਅਮਲੀ ਤੌਰ ਤੇ ਉਚੇ ਤੇ ਚੰਗੇ ਹੋਣ ਕਰਕੇ ਪਰਮਾਤਮਾ ਦੀ ਮਿਹਰ ਤੇ ਬਖਸ਼ਿਸ਼ ਦੇ ਜ਼ਿਆਦਾ ਪਾਤਰ ਹਨ -

1. "ਜਾਤਿ ਜਨਮਿ ਨ ਪੁਛੀਐ,ਸਚ ਘਰ ਲਿਉ ਬਤਾਇ
ਸਾ ਜਾਤਿ ਸਾ ਪਤਿ ਹੈ ਜੇਹਿ ਕਰਮਿ ਕਮਾਇ।"

2. "ਜਾਤਿ ਕਾ ਗਰਬੁ ਨ ਕਰੀਅਹੁ ਕੋਈ।।
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ ।।

3. ਜਾਤਿ ਕਾ ਗਰਬ ਨ ਕਰਿ ਮੂਰਖ ਗਵਾਰਾ
ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ।

4. ਚਾਰੇ ਵਰਨ ਆਖੈ ਸਭ ਕੋਈ।।
ਬ੍ਰਹਮ ਬਿੰਦੁ ਤੇ ਸਭ ਉਪਤਿ ਹੋਈ।।

ਮਾਟੀ ਏਕ ਸਗਲ ਸੰਸਾਰਾ ।
ਬਹੁ ਬਿਧ ਭਾਂਡੇ ਘੜੈ ਕੁਮਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।
ਘਟਿ ਵਧਿ ਕੋ ਕਰੈ ਬੀਚਾਰਾ ॥"

ਉਸ ਵਕਤ ਲੋਕ ਚੰਗੇ ਮੰਦੇ ਦੀ ਪਰਖ ਮਨੁੱਖ ਦੇ ਅਮਲਾਂ ਦੀ ਕਸਵੱਟੀ ਉਤੇ ਨਹੀ ਕਰਦੇ ਸਨ ਸਗੋਂ ਉੱਚੇ ਜਾਂ ਨੀਵੇਂ ਹੋਣ ਉਤੇ ਹੀ ਉਨ੍ਹਾਂ ਦੇ ਕੰਮ ਚੰਗੇ ਭੈੜੇ ਦਾ ਅੰਦਾਜ਼ਾ ਲਾਉਂਦੇ ਸਨ। ਬ੍ਰਾਹਮਣ ਭਾਵੇਂ ਜਿੰਨਾ ਮਰਜ਼ੀ ਬੁਰਾ ਕੰਮ ਕਰੇ ਪਰ ਉਹ ਤਾਂ ਵੀ ਚੰਗਾ ਹੈ ਪਰ ਨੀਵੀ ਜਾਤ ਸ਼ੂਦਰ ਭਾਵੇਂ ਚੰਗੇ ਕੰਮ ਵੀ ਕਰੇ ਉਹ ਫਿਰ ਵੀ ਭੈੜਾ ਗਿਣਿਆ ਜਾਂਦਾ ਸੀ।

"ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ
ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥"

(ਆਦਿ ਗ੍ਰੰਥ- ਪੰਨਾ 469)

ਇਸ ਸੰਸਾਰ ਦੀ ਵੰਡ ਇਸ ਸੰਸਾਰ ਵਿਚ ਹੀ ਖਤਮ ਹੋ ਜਾਂਦੀ ਹੈ। ਉਸ ਪਰਮਾਤਮਾ ਦੀ ਦਰਗਾਹ ਵਿਚ ਤਾਂ ਕਰਮਾਂ ਅਨੁਸਾਰ ਨਿਬੇੜਾ ਹੋਵੇਗਾ। ਗੁਰੂ ਨਾਨਕ ਨੇ ਜਨਮ ਕਰਕੇ ਇਨਸਾਨੀ ਉੱਚਤਾ ਜਾਂ ਨੀਚਤਾ ਦੀ ਉਸ ਸਮੇਂ ਸਵੀਕਾਰੀ ਜਾਂਦੀ ਵਿਚਾਰਧਾਰਾ ਦਾ ਖੰਡਨ ਕਰਕੇ, ਜਾਤ ਪਾਤ ਦੇ ਭੇਦ ਭਾਵ ਰਹਿਤ ਅਤੇ ਸਮਾਨਤਾ ਭਰੇ ਸੁਹਣੇ ਸਮਾਜ ਦੀ ਸਿਰਜਨਾ ਕਰਨ ਦੀ ਪ੍ਰੇਰਨਾ ਦਿੱਤੀ।

"ਜਾਤੀ ਦੈ ਕਿਆ ਹਥਿ ਸਚੁ ਪਰਖੀਐ ।"

## ਇਸਤਰੀ ਦੀ ਅਵਸਥਾ

ਕਿਸੇ ਵੀ ਕੌਮ ਦੀ ਸਭਿਅਤਾ ਇਸ ਗਲ ਨਾਲ ਨਾਪੀ ਜਾਂਦੀ ਹੈ ਕਿ ਉਹ ਇਸਤਰੀ ਨੂੰ ਕੀ ਅਸਥਾਨ ਦਿੰਦੇ ਹਨ। ਹਿੰਦੂ ਇਸਤਰੀ ਨੂੰ ਪੈਰ ਦੀ ਜੁੱਤੀ 'ਘਰ ਦੀ ਚਾਕਰ' 'ਅੱਧਾ ਜ਼ਹਿਰ ਅੱਧਾ ਅੰਮ੍ਰਿਤ' ਕੁਦਰਤ ਦੀ ਇਕ ਮਜ਼ੇਦਾਰ ਗਲਤੀ, ' 'ਜਿਥੇ ਰੱਬ ਫੇਲ੍ਹ ਹੋ ਗਿਆ ਉਥੇ ਉਸਨੇ ਇਸਤਰੀ ਬਣਾ ਦਿੱਤੀ', ਇਸਤਰੀ ਵਿਚ ਆਤਮਾ ਹੀ ਨਹੀ ਹੁੰਦੀ, 'ਇਸਤਰੀ ਆਪਣੇ ਇਸਤਰੀ ਜਾਮੇ ਬਾਅਦ ਮਰਦ ਜਾਮੇ ਵਿਚ ਆਉਂਦੀ ਹੈ ਤਾਂ

ਮੁਕਤੀ ਪਾ ਸਕਦੀ ਹੈ, 'ਔਰਤ ਦੀ ਮੱਤ ਖੁਰੀ ਪਿਛੇ' ਤੇ ਕਈ ਹੋਰ ਬੇਥਵੀਆਂ ਗੱਲਾਂ ਨਾਲ ਇਸ ਨੂੰ ਯਾਦ ਕੀਤਾ ਜਾਂਦਾ ਹੈ।

ਜਾਗੀਰਦਾਰੀ ਸਮਾਜ ਵਿਚ ਇਸਤਰੀ ਬਾਕੀ ਸੰਸਾਰਕ ਪਦਾਰਥਾਂ ਵਾਂਗ ਹੀ ਆਪਣੇ ਮਾਲਕ ਦੀ ਜਾਇਦਾਦ ਸਮਝੀ ਜਾਂਦੀ ਸੀ। ਪਤੀ ਦਾ ਉਸ ਉਤੇ ਪੂਰਨ ਅਧਿਕਾਰ ਹੁੰਦਾ ਸੀ, ਉਹ ਆਪਣੇ ਪਤੀ ਦੇ ਹੱਥਾਂ ਵਿਚ ਕਠਪੁਤਲੀ ਅਤੇ ਕਾਮਵਾਸ਼ਨਾ ਦੀ ਪੂਰਤੀ ਦਾ ਇਕ ਸਾਧਨ ਸੀ। ਨੀਚ, ਮਲੀਨ ਤੇ ਅਪਵਿੱਤਰ ਸਮਝ ਘਰ ਦੀ ਚਾਰ ਦਿਵਾਰੀ ਵਿਚ ਬੰਦ ਰਖਕੇ ਹਰ ਪ੍ਰਕਾਰ ਦੀ ਰਾਜਨੀਤਕ ਧਾਰਮਕ ਅਤੇ ਸਮਾਜਿਕ ਸੁਤੰਤਰਤਾ ਤੋਂ ਵੰਚਿਤ ਕੀਤਾ ਜਾਂਦਾ ਸੀ। ਧੱਕੇ-ਸ਼ਾਹੀ ਤੋਂ ਡਰਦਿਆਂ ਲੜਕੀ ਨੂੰ ਛੋਟੇ ਉਮਰ ਵਿਚ ਸਹੁਰੇ ਘਰ ਭੇਜ ਦਿੱਤਾ ਜਾਂਦਾ ਸੀ। ਉਸ ਦੀ ਜ਼ਿੰਦਗੀ ਚਾਰ ਦਿਵਾਰੀ ਦੇ ਅੰਦਰ ਤਕ ਹੀ ਸੀ -

" ਅੰਦਰ ਬੈਠੀ ਲਖ ਦੀ<br>
ਬਾਹਰ ਗਈ ਕਖ ਦੀ।"

ਇਸ ਕਰਕੇ ਇਸਤਰੀ ਡਰਾਕਲ, ਵਹਿਮੀ ਤੇ ਸ਼ਰਮਾਕਲ ਹੋ ਗਈ । ਆਦਮੀ ਦੀ ਗੁਲਾਮ ਹੋਣ ਕਰਕੇ, ਉਹ ਆਪਣੇ ਅੰਨ੍ਹ ਦਾਤੇ ਦੀ ਮਰਜ਼ੀ ਖਿਲਾਫ ਕੁਛ ਨਹੀ ਸੀ ਬੋਲ ਸਕਦੀ ਭਾਵੇਂ ਉਹ ਜਿੰਨੀ ਮਰਜ਼ੀ ਦੁਖੀ ਹੁੰਦੀ ਪਰ ਉਸ ਨੂੰ ਹਸ ਕੇ ਆਪਣੇ ਪਤੀ ਨੂੰ ਖੁਸ਼ ਕਰਨਾ ਪੈਂਦਾ ਸੀ ਜੇ ਅਜਿਹਾ ਨਹੀਂ ਕਰਦੀ ਸੀ ਤਾਂ ਉਸ ਨੂੰ ਮਰਦੋ ਦੇ ਜ਼ੁਲਮ ਤੇ ਜਬਰ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਸਤਰੀ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਇਤਨੀ ਜ਼ਿਆਦਾ ਸੀ ਕਿ ਹਰ ਕੋਈ ਉਸ ਦੀ ਨਿੰਦਿਆ ਕਰਨੋ ਨਾ ਰਹਿ ਸਕਦਾ। ਕਬੀਰ ਜੀ ਲਿਖਦੇ ਹਨ-

"ਨਾਰੀ ਕੋ ਹਮ ਨੇ ਕਰੀ, ਕੀਨਾ ਨਹੀ ਵਿਚਾਰ<br>
ਜਨ ਜਾਨੀ ਤਬ ਪਰਿਹਰੀ, ਨਾਰੀ ਬੜਾ ਵਿਕਾਰ।"

ਤੁਲਸੀ ਦਾਸ ਜੀ ਲਿਖਦੇ ਹਨ -

"ਢੋਰ ਗਵਾਰ ਸੂਦਰ ਪਸ਼ੂ ਨਾਰੀ,<br>
ਯਹਿ ਪਾਂਚੋ ਤਾੜਨ ਕੇ ਅਧਿਕਾਰੀ।"

ਗੋਰਖ ਨਾਥ ਨੇ ਇਸਤਰੀ ਨੂੰ ਖੂਬ ਭੰਡਿਆ ਤੇ ਇਸ ਨੂੰ ਬਘਿਆੜਨੀ ਕਿਹਾ ਜੋ ਆਦਮੀ ਨੂੰ ਆਤਮਿਕ ਤੌਰ ਤੇ ਖਾ ਜਾਂਦੀ ਹੈ ਅਤੇ ਇਹੀ ਪ੍ਰਮਾਤਮਾ ਦੇ ਰਸਤੇ ਵਿਚ

ਵੱਡੀ ਰੁਕਾਵਟ ਹੈ, ਜਿਵੇਂ -

"ਬਾਘਨਿ ਜਿਦ ਲੈ, ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ।
ਇਨ ਬਾਘਨਿ ਤ੍ਰੈ ਲੋਈ ਖਾਈ, ਬਧਤਿ ਗੋਰਖ ਰਾਇਆ ॥"

2. "ਦਾਮਿ ਕਾਢਿ ਬਾਘਨਿ ਲੈ ਆਇਆ,
ਮਾਉ ਕਹੈ ਮੇਰਾ ਪੂਤ ਬੇਆਹਿਆ।
ਗੀਲੀ ਲਕੜੀ ਕੋ ਘੁਨ ਲਾਇਆ
ਤਿਨ ਡਾਲ ਮੂਲ ਸਣ ਖਾਇਆ।"

ਪੀਲੂ ਨੇ ਵੀ ਕਿਹਾ -

'ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ'

ਭਾਈ ਗੁਰਦਾਸ ਨੇ ਵੀ ਉਸ ਸਮੇਂ ਦੇ ਸਮਾਜ ਦੇ ਚਿਤਰ ਪੇਸ਼ ਕਰਦੇ ਹੋਏ ਇਸਤਰੀ ਦੀ ਭੈੜੀ ਹਾਲਤ ਵਲ ਇਸ ਤਰ੍ਹਾਂ ਇਸ਼ਾਰਾ ਕੀਤਾ ਹੈ -

"ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।"
(ਵਾਰ 1, ਪਉੜੀ 30)

ਇਸਤਰੀ ਦੇ ਇਸੇ ਦਾਸੀ ਦੇ ਸੰਕਲਪ ਨੇ ਹੀ ਭਾਈ ਗੁਰਦਾਸ ਨੂੰ ਇਸਤਰੀ ਨੂੰ ਹਰ ਧੱਕਾ ਤੇ ਜ਼ੁਲਮ ਖਿੜੇ ਮੱਥੇ ਝਲਣ ਦੀ ਸਿਖਿਆ ਦੇਣ ਲਈ ਪ੍ਰੇਰਿਆ। ਅਤੇ ਪਤੀ ਦੇ ਇਖ਼ਲਾਕ ਹੀਣ ਹੋਣ ਤੇ ਵੀ ਇਸਤਰੀ ਨੂੰ ਪੱਤੀ-ਬ੍ਰਤਾ ਧਰਮ ਉਤੇ ਪੂਰਿਆਂ ਰਹਿਣ ਲਈ ਕਿਹਾ ਹੈ -

"ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ"

ਸਮਾਜ ਦਾ ਆਧਾਰ ਗ੍ਰਿਹਸਤ ਮੰਨਿਆ ਗਿਆ ਹੈ, ਕਿਉਂਕਿ ਇਸ ਨੂੰ ਚਲਾਉਣ ਵਾਲੀ ਸ਼ਕਤੀ ਇਸਤਰੀ ਹੀ ਹੈ। ਜੇ ਕਰ ਇਸਤਰੀ ਦੀ ਹਾਲਤ ਕਿਸੇ ਸਮਾਜ ਵਿਚ ਤ੍ਰਿਸਕਾਰਮਈ ਹੋਵੇਗੀ ਤਾਂ ਉਸ ਸਮਾਜ ਦਾ ਕਿਸੇ ਪਹਿਲੂ ਤੋਂ ਵੀ ਉੱਨਤੀ ਕਰਨਾ ਅਸੰਭਵ ਹੋਵੇਗਾ। ਗੁਰੂ ਸਾਹਿਬ ਨੇ ਇਸਤਰੀ ਦੀ ਦਸ਼ਾ ਇਸ ਤਰ੍ਹਾਂ ਬਿਆਨ ਕੀਤਾ ਹੈ -

"ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ"
(ਆਦਿ ਗ੍ਰੰਥ-ਪੰਨਾ 1242)

ਲੋਕ ਪੈਸੇ ਦੀ ਖਾਤਰ ਨੀਵੀ ਤੋਂ ਨੀਵੀ ਅਣਖਹੀਨ ਗਲ ਕਰਨ ਲਈ ਤਿਆਰ ਰਹਿੰਦੇ ਸਨ। ਵਾਰ ਰਾਮਕਲੀ ਵਿਚ ਗੁਰੂ ਜੀ ਲਿਖਦੇਸ ਹਨ -

"ਇਸਤਰੀ ਪੁਰਖੈ ਖਟਿਐ ਭਾਉ
ਭਾਵੈ ਆਵਉ ਭਾਵੈ ਜਾਉ।"

"ਮਰਦ ਦੇ ਪਾਸ ਆਰਥਿਕ ਸਰਦਾਰੀ ਹੋਣ ਕਰਕੇ ਇਸਤਰੀ ਜਾਤੀ ਦੀ ਅਧੋਗਤੀ ਹੁੰਦੀ ਸੀ। ਕੁੜੀ - ਨੂੰ ਮਾਰ ਦਿੱਤਾ ਜਾਂਦਾ ਸੀ, ਵੇਚਿਆ ਜਾਂਦਾ ਸੀ।"[1]

ਗੁਰੂ ਜੀ ਨੇ ਇਸਤਰੀ ਦੀ ਇਸ ਦਸ਼ਾ ਨੂੰ ਦੇਖ ਕੇ ਆਪ ਦਾ ਹਿਰਦਾ ਪਿਘਲ ਤੁਰਿਆ ਤੇ ਪਹਿਲੀ ਵਾਰ ਇਸਤਰੀ ਦੀ ਅਪਕਰਸ਼ ਮਈ ਹਾਲਤ ਵਿਰੁਧ ਆਵਾਜ਼ ਉਠਾਂਦਿਆਂ, ਇਸ ਦੀ ਕੁਦਰਤੀ ਮਹਾਨਤਾ ਨਿਸਚਿਤ ਕਰਦਿਆਂ ਦਸਿਆ ਕਿ ਸੰਸਾਰ ਦੀ ਚਲਾਉਣ ਵਾਲੀ ਸ਼ਕਤੀ, ਤਮਾਮ ਕਲਾ ਹੁਨਰ ਤੇ ਗੁਣਾਂ ਦੇ ਬਾਦਸ਼ਾਹ, ਜੋਗੀ, ਤੇ ਮਹਾਨ ਪੁਰਸ਼ਾਂ ਨੂੰ ਪੈਦਾ ਕਰਨ ਵਾਲੀ ਇਸਤਰੀ ਕਦੀ ਵੀ ਨੀਚ ਤੇ ਅਪਵਿੱਤਰ ਨਹੀਂ ਹੋ ਸਕਦੀ। ਦੇਸ਼ ਵਾਸੀਆਂ ਨੂੰ ਵੰਗਾਰਿਆ -

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

ਇਸ ਤਰ੍ਹਾਂ ਗੁਰੂ ਜੀ ਨੇ ਇਸਤਰੀ ਪ੍ਰਤੀ ਭੈੜੀ ਭਾਵਨਾ ਨੂੰ ਆਪਣੀ ਰਚਨਾ ਵਿਚ ਭੰਡਿਆ ਅਤੇ ਉਸ ਦਾ ਸਮਾਜ ਵਿਚ ਆਦਰਯੋਗ ਸਥਾਨ ਸਥਾਪਤ ਕੀਤਾ।

---

1. ਡਾ. ਗੋਪਾਲ ਸਿੰਘ ਦਰਦੀ 'ਪੰਜਾਬੀ ਸਾਹਿੱਤ ਦਾ ਇਤਿਹਾਸ' ਪੰਨਾ 99.

ਇਸਤਰੀਆਂ ਆਪਣੇ ਪਤੀ ਨੂੰ ਖੁਸ਼ ਰਖਣ ਲਈ ਸਜਦੀਆਂ, ਫਬਦੀਆਂ ਤੇ ਸ਼ਿੰਗਾਰ ਕਰਦੀਆਂ ਸਨ ਪਰ ਸੈਦਪੁਰ ਦੇ ਹਮਲੇ ਵਿਚ ਇਨ੍ਹਾਂ ਸ਼ਿੰਗਾਰ ਵਾਲੀਆਂ ਇਸਤਰੀਆਂ ਦੇ ਸਿਰ ਕੈਂਚੀ ਨਾਲ ਮੁੰਨੇ ਗਏ ਤੇ ਉਨ੍ਹਾਂ ਦੀ ਜੋ ਹਾਲਤ ਹੋਈ ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਵੇਦਨਾ ਭਰਪੂਰ ਦ੍ਰਿਸ਼ ਇਸ ਤਰ੍ਹਾਂ ਖਿੱਚਿਆ ਹੈ-

"ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ
ਤਿਨ ਗਲ ਸਿਲਕਾ
ਪਾਈਆਂ ਤੁਟਨਿ ਮੋਤ ਸਰੀਆ ॥
ਧਨੁ ਜੋਬਨੁ ਦੋਇ ਵੈਰੀ ਹੋਇ
ਜਿਨੀ ਰਖੇ ਰੰਗੁ ਲਾਇ
ਦੂਤਾ ਨੋ ਫੁਰਮਾਇਆ ਲੈ
ਲੈ ਚਲੇ ਪਤਿ ਗਵਾਇ। "

ਇਸ ਤਰ੍ਹਾਂ ਪਤਾ ਲਗਦਾ ਹੈ ਕਿ ਇਸਤਰੀ ਉਸ ਸਮੇਂ ਸ਼ਿੰਗਾਰ ਕਰਦੀ ਸੀ। ਲੜਾਈ ਸਮੇਂ ਇਹ ਹਮਲਾਵਰਾਂ ਦੇ ਹੱਥਾਂ ਵਿਚ ਸ਼ਿਕਾਰ ਹੋ ਜਾਂਦੀ ਸੀ। ਉਹ ਇਨ੍ਹਾਂ ਨੂੰ ਆਪਣੇ ਦੇਸ ਵਿਚ ਪਸ਼ੂਆਂ ਵਾਂਗ ਹਿੱਕ ਕੇ ਲੈ ਜਾਂਦੇ ਤੇ ਇਨ੍ਹਾਂ ਦਾ ਵਿਉਪਾਰ ਕਰਦੇ।

ਇਹੋ ਜਿਹੀ ਅਵਸਥਾ ਵਿਚ ਕੁੜੀ ਦਾ ਜਨਮ ਹੋਣਾ ਪਾਪ ਸਮਝਿਆ ਜਾਣ ਲਗਾ ਤੇ ਕੁੜੀਆਂ ਨੂੰ ਲੋਕ ਜਨਮ ਤੋਂ ਹੀ ਮਾਰ ਦਿੰਦੇ ਸਨ। ਜੋ ਲੜਕੀਆਂ ਇਸ ਮਰਨ ਤੋਂ ਬੱਚ ਜਾਂਦੀਆਂ ਸਨ ਤੇ ਫਿਰ ਉਨ੍ਹਾਂ ਨੂੰ ਪਤੀ ਦੇ ਘਰ ਚਾਰ ਦਿਵਾਰੀ ਵਿਚ ਰਹਿਣਾ ਪੈਂਦਾ ਤੇ ਫਿਰ ਬਦਕਿਸਮਤੀ ਨਾਲ ਜੇ ਉਸ ਦਾ ਪਤੀ ਮਰ ਜਾਂਦਾ ਤਾਂ ਉਸ ਨਿਰਦੋਸ਼ ਇਸਤਰੀ ਨੂੰ ਅੱਗ ਦੀ ਭੇਟ ਹੋਣਾ ਪੈਂਦਾ ਸੀ। ਇਹ ਰਿਵਾਜ ਉਸ ਸਮੇਂ ਜਿਵੇਂ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਸਤਰਾਂ ਤੋਂ ਮਿਲਦਾ ਹੈ -

"ਸੱਤੀਆਂ ਉਹ ਨਾ ਆਖੀਅਨ
ਜੋ ਮੜ੍ਹੀਆਂ ਲੱਗ ਜਲੰਨਿ "

ਧਾਰਮਿਕ ਹਾਲਤ

ਗੁਰੂ ਨਾਨਕ ਸਾਹਿਬ ਇਕ ਐਸੇ ਧਰਮ ਦੇ ਬਾਨੀ ਸਨ ਜਿਸ ਦੀਆਂ ਨੀਹਾਂ ਲੋਕ-ਹਿੱਤਾਂ ਉਤੇ ਟਿਕੀਆਂ ਹੋਈਆਂ ਸਨ। ਅਫ਼ਸੋਸ ਇਸ ਗਲ ਦਾ ਹੈ ਕਿ ਧਰਮ ਦੀ ਠੀਕ

ਵਿਆਖਿਆ ਨਹੀ ਹੋ ਰਹੀ। ਜਿਸ ਸਾਹਿੱਤਕਾਰ ਦੀ ਰਚਨਾ ਵਿਚ ਉਸ ਅਦਿੱਖ ਹਸਤੀ ਦਾ ਵਰਣਨ ਹੋਵੇਗਾ। ਉਸ ਨੂੰ ਪਿਛਾਂਹ ਖਿੱਚੂ ਸਮਝ ਕੇ ਛੁਕਰਾ ਦਿੱਤਾ ਜਾਂਦਾ ਹੈ। ਪਰ ਧਰਮ ਨੂੰ ਕਿਸੇ ਤਰ੍ਹਾਂ ਵੀ ਸਮਾਜ ਨਾਲੋਂ ਵੱਖਰਾ ਕਰਕੇ ਨਹੀ ਅਪਣਾਇਆ ਜਾ ਸਕਦਾ। ਧਰਮ ਬਾਰੇ ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ ਕਿ -

"ਅਸੀ ਧਰਮ ਤੇ ਸਮਾਜਿਕ ਜੀਵਨ ਨੂੰ ਅੱਡ ਅੱਡ ਨਹੀ ਕਰ ਸਕਦੇ, ਕਿਉਂਕਿ ਸਮਾਜਿਕ ਢਾਂਚੇ ਦੀ ਨੀਹ ਉਹਨਾਂ ਮਨੁੱਖਾਂ ਦੇ ਵਿਚਾਰਾਂ ਨਾਲ ਉਸਰੀ ਹੋਈ ਹੈ, ਜਿਨ੍ਹਾਂ ਨੇ ਆਪਣਾ ਜੀਵਨ ਜੀ ਕੇ ਦਿਖਾਇਆ ਤੇ ਆਉਣ ਵਾਲੀ ਨਸਲ ਨੂੰ ਅਜਿਹਾ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ।"[1]

ਉਹ ਜੋ ਇਸ ਦੁਨੀਆਂ ਨੂੰ ਛੱਡ ਕੇ ਕਿਸੇ ਮੌਤ ਤੋਂ ਬਾਅਦ ਸਵਰਗ ਦੀ ਭਾਲ ਵਿਚ ਹਨ, ਉਹ ਵੀ ਗਲਤੀ ਉਤੇ ਹਨ ।

ਇਸ ਤੋਂ ਸਪੱਸ਼ਟ ਜ਼ਾਹਿਰ ਹੁੰਦਾ ਹੈ ਕਿ ਗੁਰੂ ਨਾਨਕ ਦੀ ਰਚਨਾ ਦੀ ਮਹਾਨਤਾ ਨੂੰ ਸਮਝਣ ਲਈ ਉਸ ਸਮੇਂ ਦੇ ਇਤਿਹਾਸ ਉਤੇ ਨਜ਼ਰ ਮਾਰਨੀ ਜ਼ਰੂਰੀ ਹੈ।

ਸੋਲ੍ਹਵੀ ਤੇ ਸਤਾਰ੍ਹਵੀ ਸਦੀ ਵਿਚ ਦੁਨੀਆਂ ਭਰ ਵਿਚ ਪੁਨਰ ਜਾਗ੍ਰਿਤੀ ਆ ਰਹੀ ਸੀ। ਪੁਰਾਣੀਆਂ ਕੀਮਤਾਂ ਹਰ ਖੇਤਰ ਵਿਚ ਜਰਜਰੀਆਂ ਹੋ ਕੇ ਮੌਤ ਦੀ ਝੋਲੀ ਵਿਚ ਜਾ ਪਈਆਂ ਸਨ ਤੇ ਨਵੀਆਂ ਕੀਮਤਾਂ ਰੂਪਮਾਨ ਹੋ ਰਹੀਆਂ ਸਨ। ਇਸ ਸਮੇਂ ਧਰਮ ਦੇ ਖੇਤਰ ਵਿਚ ਵੀ ਬੜੀ ਉੱਥਲ ਪੁੱਥਲ ਹੋ ਰਹੀ ਸੀ। ਭਾਰਤ ਵਿਚ ਵੀ ਇਹ ਸੰਕਟ ਦਾ ਸਮਾਂ ਸੀ ਤੇ ਅਜਿਹਾ ਤਬਦੀਲੀ ਦਾ ਸਮਾਂ ਗੁਰੂ ਨਾਨਕ ਦੇ ਹਿੱਸੇ ਆਇਆ।

ਸਮਾਜ ਦਾ ਇਕ ਅੰਗ ਧਰਮ ਵੀ ਹੈ। ਇਸ ਲਈ ਜ਼ਰੂਰੀ ਹੈ ਕਿ ਸਮਾਜ ਦੀ ਦਸ਼ਾ ਉਸ ਦੇ ਧਰਮ ਤੋਂ ਵੀ ਜਾਣੀ ਜਾ ਸਕਦੀ ਹੈ। ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਆਲੋਚਕ ਡਾ. ਕੁਸਾਂਭੀ ਦਾ ਕਥਨ ਹੈ -

"ਧਰਮ ਧਾਰਾ ਸਮਕਾਲੀ ਸਮਾਜ ਦੀ ਜਮਾਤੀ ਬਣਤਰ ਤੋਂ ਆਜ਼ਾਦ ਨਹੀ ਹੁੰਦੀ।"

---

1. ਡਾ. ਰਾਧਾ ਕ੍ਰਿਸ਼ਨਨ - ਰੀਕਵਰੀ ਔਫ ਫੇਥ, ਪੰਨਾ -27.

ਭਾਰਤ ਧਰਮ-ਪ੍ਰਧਾਨ ਦੇਸ਼ ਸੀ। ਇਥੇ ਅਨੇਕਾਂ ਧਰਮ ਵਿਕਸਿਤ ਹੋਏ। ਗੁਰੂ ਨਾਨਕ ਕਾਲ ਵਿਚ ਅਨੇਕਾਂ ਧਰਮ ਪ੍ਰਚਲਤ ਸਨ। ਇਸਲਾਮ ਮਤ, ਵੈਸ਼ਵ ਮਤ, ਸ਼ਾਕਤ ਮਤ, ਨਾਥ ਮਤ, ਸਿਧ ਮਤ ਅਤੇ ਜੈਨ ਮਤ ਆਦਿ ਨੇ ਉਸ ਸਮੇਂ ਜਨਤਾ ਨੂੰ ਆਪਣੇ ਮਾਇਆ ਜਾਲ ਵਿਚ ਫਸਾਇਆ ਹੋਇਆ ਸੀ। ਇਸ ਸਮੇਂ ਦਾ ਇਤਿਹਾਸ ਘੋਰ ਅਸ਼ਾਂਤੀ ਤੇ ਅਨਿਸਚਿਤ ਪਰਸਥਿਤੀ ਦਾ ਇਤਿਹਾਸ ਹੈ ਉਸ ਸਮੇਂ ਦੀ ਹਿੰਦੂ ਜਨਤਾ ਦੀ ਧਾਰਮਿਕ ਸੂਝ ਬਾਰੇ 'ਸਰ ਗੋਕਲ ਚੰਦ ਨਾਰੰਗ' ਲਿਖਦੇ ਹਨ -

"ਪੰਜਾਬ ਵਿਚ ਹਿੰਦੂਆਂ ਦੀ ਹਾਲਤ ਉਸ ਵੇਲੇ ਅਤਿ ਘ੍ਰਿਣਾ ਯੋਗ ਸੀ। ਆਮ ਲੋਕਾਂ ਵਿਚ ਇਸੇ ਗਲ ਦਾ ਨਾਉਂ ਧਰਮ ਸੀ, ਕਿ ਇਕ ਖਾਸ ਤਰ੍ਹਾਂ ਚਉਂਕੇ ਚੁੱਲੇ ਬਣਾ ਕੇ ਰਸੋਈ ਪਕਾਣੀ ਤੇ ਖਾਣੀ, ਜਾਂ ਤੀਰਥਾਂ ਉਤੇ ਇਸ਼ਨਾਨ ਕਰ ਲੈਣਾ ਜਾਂ ਮੱਥੇ ਉਤੇ ਟਿੱਕਾ ਲਾ ਲੈਣਾ, ਜਾਂ ਹੋਰ ਇਸ ਤਰ੍ਹਾਂ ਦੀਆਂ ਫੋਕੀਆਂ ਸਾਰਹੀਣ ਰਸਮਾਂ ਰੀਤਾਂ ਕਰ ਲੈਣੀਆਂ ਉਂ"[1]

ਉਸ ਯੁੱਗ ਵਿਚ ਹਿੰਦੂ ਧਰਮ ਆਮ ਲੋਕਾਂ ਦੇ ਖ਼ਿਆਲ ਵਿੱਚ ਇਹ ਸੀ ਕਿ ਜੇ ਕਿਤੇ ਬੁੱਤ ਹਨ ਤਾਂ ਬੁੱਤ ਪੂਜ ਲਏ, ਜੇ ਗੰਗਾ ਜੀ ਜਾਂ ਹੋਰ ਤੀਰਥਾਂ ਉਤੇ ਇਸ਼ਨਾਨ ਕਰਨ ਦੀ ਬ੍ਰਾਹਮਣਾ ਦੁਆਰਾ ਆਗਿਆ ਹੋਈ ਤਾਂ ਉਹ ਕਰ ਲਈ, ਬ੍ਰਾਹਮਣਾਂ ਦੀ ਆਗਿਆ ਪਾਲਣ ਤੇ ਪੰਡਿਤ ਨੂੰ ਦਾਨ ਆਦਿ ਦੇਣ ਦਾ ਕੰਮ ਕਰ ਲਿਆ। ਕੇਵਲ ਪੰਡਿਤ ਪਾਂਧੇ ਹੀ ਵੇਦ ਸ਼ਾਸ਼ਤਰ ਪੜ੍ਹ ਸਕਦੇ ਸਨ, ਸ਼ਾਸ਼ਤਰੀਯ ਵਿਚਾਰਾਂ ਦਾ ਆਨੰਦ ਉਹੀ ਲੈ ਸਕਦੇ ਸਨ ਤੇ ਉਹੀ ਮੋਖ ਨੂੰ ਪ੍ਰਾਪਤ ਕਰਦੇ ਮੰਨੇ ਜਾਂਦੇ ਸਨ। ਉਧਰ ਇਹ ਬ੍ਰਾਹਮਣ ਪੰਡਿਤ ਪਾਧੇ ਆਤਮਿਕ ਤੇ ਸਦਾਚਾਰਕ ਤੌਰ ਤੇ ਅਤਿ ਦਰਜੇ ਦੀ ਗਿਰਾਵਟ ਵਲ ਜਾ ਚੁਕੇ ਸਨ। ਕਈਆਂ ਨੂੰ ਧਰਮ ਸ਼ਾਸ਼ਤਰ ਜ਼ੁਬਾਨੀ ਯਾਦ ਸਨ ਪਰ ਜੀਵਨ ਵਿਚ ਧਰਮ ਸ਼ਾਸ਼ਤਰਾਂ ਦੀ ਸਿਖਿਆ ਦੇ ਬਿਲਕੁਲ ਉਲਟ ਚਲਦੇ ਸਨ। ਉਨ੍ਹਾਂ ਨੂੰ ਬਣਨਾ ਤਾਂ ਚਾਹੀਦਾ ਸੀ ਭੇਡਾਂ ਦੇ ਚੰਗੇ ਰਾਖੇ ਪਰ ਉਹ ਅਯਾਲੀ ਦਾ ਇਕੋ ਫਰਜ਼ ਭੁਗਤਾਉਂਦੇ ਸਨ ਉਹ ਸੀ- ਉਨ੍ਹਾਂ ਦੀ ਉੱਨ ਲਾਹੁੰਣੀ ਉਨ੍ਹਾਂ ਨੂੰ ਆਤਮਿਕ ਭੋਜਨ ਤਾਂ ਕਿਥੋ ਦੇਣਾ ਸੀ। ਵਿਚਾਰੀਆਂ ਭੁੱਖੀਆਂ ਭੇਡਾਂ ਮੂੰਹ ਅੱਡਦੀਆਂ ਸਨ ਪਰ ਖਾਣ ਨੂੰ ਕੁਝ ਨਾ ਲਭਦਾ। ਕਾਰਲ ਮਾਰਕਸ ਤੇ ਏਂਜਲਸ ਨੇ

---

1. ਸਰ ਗੋਕਲ ਚੰਦ ਨਾਰੰਗ - ਟ੍ਰਾਂਸਫਰਮੇਸ਼ਨ ਆਫ਼ ਸਿਖਿਇਜ਼ਮ, ਪੰਨਾ - 30-31.

ਧਰਮ ਦੇ ਅਜਿਹੇ ਪਹਿਲੇ ਰੂਪ ਬਾਰੇ ਲਿਖਿਆ ਹੈ -

"ਧਰਮ ਗੁਲਾਮੀ ਵਿਚ ਦੱਬੇ ਹੋਏ ਜੀਆਂ ਦੀ ਹਾਹ,
ਬਿਦਿਲਿਆਂ ਦਾ ਦਿੱਲ ਤੇ ਬੇਜਿਗਰਿਆਂ ਦਾ ਜਿਗਰ ਹੁੰਦਾ ਹੈ।"

ਇਹ ਸਮਾਂ ਭਾਰਤ ਵਿਚ ਬੜਾ ਹੀ ਕਰੜਾ ਤੇ ਜੱਟਲ ਸੀ। ਧਰਮ ਦੀ ਹਾਲਤ ਨਿਘਰੀ ਹੋਈ ਸੀ। ਧਰਮ ਦਾ ਅਸਲੀ ਰੂਪ ਮਿਟ ਚੁਕਿਆ ਸੀ। ਕੁਰੀਤੀਆਂ, ਕੁ ਰਸਮਾਂ, ਵਹਿਮ ਤੇ ਭਰਮ ਆਦਿ ਧਰਮ ਦਾ ਉਘਾ ਅੰਗ ਬਣ ਚੁਕੇ ਸਨ।

ਭਾਰਤ ਵਿਚ ਸਮਾਜ ਦਾ ਨਿਰਮਾਣ ਸਦਾ ਧਰਮ ਤੇ ਆਧਾਰਿਤ ਰਿਹਾ ਹੈ। ਜਦ ਧਰਮ ਕਈ ਸੰਪਰਦਾਵਾਂ ਵਿਚ ਵੰਡਿਆ ਜਾ ਚੁਕਿਆ ਸੀ, ਤਦ ਕੁਦਰਤੀ ਤੌਰ ਤੇ ਸਮਾਜ ਵੀ ਬੁਰੀ ਹਾਲਤ ਵਿਚ ਸੀ। ਨਫ਼ਰਤ, ਘਿਰਣਾਂ, ਲੋਭ, ਹੰਕਾਰ ਵਸ ਲੋਕ ਇਕ ਦੂਜੇ ਨਾਲ ਲੜਦੇ ਸਨ। ਭਾਈ ਗੁਰਦਾਸ ਜੀ ਭਾਰਤ ਦਾ ਨਕਸ਼ਾ ਇਸਤਰ੍ਹਾਂ ਖਿੱਚਦੇ ਹਨ -

"ਜੁਗ ਗਰਦੀ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ॥
ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ॥
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਵਾਂਗ ਅੰਗਿਆਰਾ॥
ਨਿੰਦਿਆ ਚਲੈ ਵੇਦ ਕੀ ਸਮਝਨਿ ਨਰਿ ਅਗਿਆਨ ਗੁਬਾਰਾ ॥
ਬੇਦ ਗਿਰੰਥ ਗੁਰ ਹਟਿ ਹੈ ਜਿਸ ਲਗਿ ਭਵਜਲ ਪਾਰਿ ਉਤਾਰਾ॥

2. ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ
ਕਿਸੈ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧ ਬਹੁਤ ਵਾਦਿ ਵਧਾਵੈ
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥
ਕੋਈ ਪੂਜੈ ਚੰਦ੍ਰ ਸੂਰੁ ਕੋਈ ਧਰਮ ਆਕਾਸ਼ੁ ਮਨਾਵੈ॥
ਪਉਣ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ
ਫੋਕਟਿ ਧਰਮੀ ਭਰਮਿ ਭੁਲਾਵੈ ॥ 19 ॥

---

ਧਰਮ ਬਾਰੇ ਪ੍ਰੰਨਾ 24 .

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਜੀ ਨੇ ਧਾਰਮਕ ਦਸ਼ਾ ਦਾ ਵਰਣਨ ਬਹੁਤ ਸੁਹਣੇ ਸ਼ਬਦਾਂ ਵਿਚ ਕੀਤਾ ਹੈ। ਉਨ੍ਹਾਂ ਅਨੁਸਾਰ ਧਰਮ ਤਿੰਨਾਂ ਲੋਕਾਂ ਦੇ ਹੱਥ ਵਿੱਚ ਸੀ ਪਰ ਉਹ ਧਰਮ ਛੱਡ ਚੁੱਕੇ ਸਨ ਤੇ ਧਰਮ ਦੀ ਤਬਾਹੀ ਦਾ ਕਾਰਨ ਬਣ ਰਹੇ ਸਨ -

"ਕਾਦੀ ਕੂੜੁ ਬੋਲਿ ਮਲੁ ਖਾਇ
ਬ੍ਰਾਹਮਣ ਨਾਵੈ ਜੀਆ ਘਾਇ
ਜੋਗੀ ਜੁਗਤਿ ਨ ਜਾਣੈ ਅੰਧੁ
ਤੀਨੇ ਉਜਾੜੇ ਕਾ ਬੰਧੁ ।"

ਇਨ੍ਹਾਂ ਸਤਰਾਂ ਵਿਚ ਧਾਰਮਿਕ ਆਗੂਆਂ ਦੀ ਜ਼ਿੰਦਗੀ ਦਾ ਤੌਰ ਤਰੀਕਾ ਪ੍ਰਤੀਬਿੰਬਤ ਹੁੰਦਾ ਹੈ। ਕਾਜ਼ੀ ਜਿਹੜਾ ਇਸਲਾਮ ਧਰਮ ਦਾ ਆਗੂ ਸੀ, ਉਸ ਨੇ ਝੂਠ ਨੂੰ ਪਲੇ ਬੰਨ੍ਹਿਆ ਹੋਇਆ ਸੀ। ਉਹ ਆਪਣੀ ਮਰਜ਼ੀ ਦੀ ਥਾਂ ਬਾਦਸ਼ਾਹ ਦੀ ਮਰਜ਼ੀ ਮੁਤਾਬਕ ਇਨਸਾਫ਼ ਕਰਦਾ ਸੀ। ਕਿਉਂਕਿ ਬਾਦਸ਼ਾਹ ਉਸ ਨੂੰ ਉਸ ਦੀ ਉਪਜੀਵਕਾ ਦਿੰਦਾ ਸੀ। ਸੋ ਇਹ ਆਗੂ ਬਾਦਸ਼ਾਹ ਦੇ ਔਗੁਣਾਂ ਤੇ ਬੁਰਾਈਆਂ ਤੋਂ ਪਰਦਾ ਲਾਹੁਣ ਦੀ ਥਾਂ ਸਗੋਂ ਲੋਕਾਂ ਦੀਆਂ ਸਚਿਆਈਆਂ ਤੇ ਪਰਦੇ ਪਾਉਂਦੇ ਤੇ ਬਾਦਸ਼ਾਹੀਅਤ ਨੂੰ ਮਜ਼ਬੂਤ ਰਖਣ ਲਈ ਆਮ ਲੋਕਾਂ ਨੂੰ ਦੁੱਖਾਂ ਦੀਆਂ ਚੱਕੀਆਂ ਵਿਚ ਪੀਸਦੇ ਸਨ। ਹਿੰਦੂ ਧਰਮ ਦੇ ਰਖਵਾਲੇ ਬ੍ਰਾਹਮਣ ਜੋ ਗਿਆਨ ਤੋਂ ਖਾਲੀ ਸਨ ਉਹ ਜਾਤ ਪਾਤ ਵਿਚ ਵਿਸ਼ਵਾਸ਼ ਰਖਦੇ ਸਨ, ਆਪਣੀ ਜ਼ਿੰਦਗੀ ਨੂੰ ਚੰਗਾ ਬਣਾਉਣ ਲਈ ਆਪਣੇ ਅੰਨ ਦਾਤਿਆਂ, ਜਾਗੀਰਦਾਰਾਂ ਦਾ ਨਾਜਾਇਜ਼ ਤੌਰ ਤੇ ਪੱਖ ਪੂਰਦੇ ਅਤੇ ਅਜਿਹਾ ਕਰਨ ਲਈ ਵਹਿਮਾਂ,ਭਰਮਾਂ ਤੇ ਅੰਧ ਵਿਸ਼ਵਾਸ਼ਾਂ ਰਾਹੀਂ ਲੋਕਾਂ ਨੂੰ ਆਤਮਿਕ ਤੌਰ ਤੇ ਮਾਰਦੇ। ਉਨ੍ਹਾਂ ਨਾਲ ਬੇਇਨਸਾਫ਼ੀ ਤੇ ਧੋਕਾ ਕਰਦੇ ਸਨ। ਬਾਹਰੀ ਤੌਰ ਤੇ ਸਾਧੂ, ਸ਼ਰੀਫ਼ ਤੇ ਸੰਜਮੀ ਦਿਸਣ ਵਾਲੇ ਜੋਗੀ ਅੰਤਰੀਵੀ ਤੌਰ ਤੇ ਸਾਧੂਪੁਣੇ,ਸ਼ਰਾਫ਼ਤ ਤੇ ਸੰਜਮ ਇਤਿਆਦਿ ਗੁਣਾਂ ਤੋਂ ਖਾਲੀ ਸਨ ਅਤੇ ਆਪਣੇ ਫਰਜ਼ਾਂ ਤੋਂ ਅਣਗਹਿਲੀ ਕਰ ਰਹੇ ਸਨ। ਇਨ੍ਹਾਂ ਧਾਰਮਿਕ ਆਗੂਆਂ ਦੀ ਜ਼ਿੰਦਗੀ ਵਿਚ ਆਈ ਕਮਜ਼ੋਰੀ ਤੇ ਗਿਲਾਨੀ ਦਾ ਪ੍ਰਤੀਕਰਮ ਆਮ ਜਨਤਾ ਤੇ ਹੋਣਾ ਬੜਾ ਸੁਭਾਵਕ ਤੇ ਕੁਦਰਤੀ ਸੀ। ਜਿਸ ਲਈ ਜਨਤਾ ਵਿਚ ਵੀ ਆਪਣੇ ਆਗੂਆਂ ਵਾਲੀਆਂ ਬੁਰੀਆਂ ਦਾ ਸੰਚਾਰ ਹੋ ਚੁੱਕਾ ਸੀ । ਜਨਤਾ ਵੀ ਆਪਣੇ ਆਗੂਆਂ ਤੋਂ ਪ੍ਰਭਾਵ ਗ੍ਰਹਿਣ ਕਰਕੇ ਸਵੈ-ਕੇਂਦਰਤ, ਸੁਆਰਥੀ ਤੇ ਨੀਚ ਭਾਵਨਾ ਵਾਲੀ ਹੋ ਗਈ ਸੀ। ਸਮਾਜ ਦੀ ਦੁਰਦਸ਼ਾ ਆਗੂਆਂ ਦੀ ਸੁਖਸ਼ੀ ਜ਼ਿੰਦਗੀ ਵਿਚ ਆਈ ਗਿਰਾਵਟ ਦਾ ਹੀ ਸੁਭਾਵਕ ਪ੍ਰੀਣਾਮ ਸੀ।

## ਧਾਰਮਿਕ ਪਖੰਡ ਤੇ ਵਹਿਮ ਭਰਮ

ਪੰਜਾਬ ਵਿਚ ਸਭ ਖਲਕਤ ਹਿੰਦੂ ਜਾਂ ਮੁਸਲਮਾਨ ਧਰਮਾਂ ਵਿਚ ਬੱਝੀ ਹੋਈ ਸੀ। ਅਨੇਕਾਂ ਸਦੀਆਂ ਤੋਂ ਚਲੇ ਆ ਰਹੇ ਜਾਤ ਪਾਤ ਦੀ ਊਚ ਨੀਚ ਉਤੇ ਆਧਾਰਤ ਚਾਰ ਵਰਨਾਂ ਵਿਚ ਵੰਡੇ ਹਿੰਦੁਸਤਾਨ ਵਿਚ ਪੈਦਾਵਾਰੀ ਵਸੀਲਿਆਂ ਦੀ ਮਲਕੀਅਤ ਤੇ ਏਸ ਦੇ ਨਤੀਜੇ ਵਜੋਂ ਜਮਾਤੀ ਰਾਜ ਸੱਤਾ ਭਾਵੇਂ ਕਸ਼ੱਤਰੀਆਂ ਦੀ ਹਾਕਮ ਜਮਾਤ ਪਾਸ ਹੀ ਸੀ, ਪਰ ਰਾਜ ਤੋਂ ਸਮਾਜੀ ਕਰਮ ਕਾਂਡਾਂ ਵਿਚ ਬ੍ਰਾਹਮਣ ਦੀ ਚੋਧਰ ਤੇ ਧੌਂਸ ਚਲਦੀ ਸੀ। ਏਸ ਲਿਹਾਜ਼ ਨਾਲ ਬ੍ਰਾਹਮਣ ਸਭ ਤੋਂ ਉਚ ਵਰਣ ਵਾਲੇ ਬਣੇ ਬੈਠੇ ਸਨ। ਜੁਗਾਂ ਜੁਗਾਂਤਰਾਂ ਤੋਂ ਚਲਿਆ ਆ ਰਿਹਾ ਇਹ ਵਰਣ ਆਸ਼ਰਮ ਵਾਲਾ ਹਿੰਦੂ ਸਮਾਜ, ਜਿਥੇ ਸਮਾਜੀ ਇਕਾਈਆਂ ਉੱਤੇ ਇਕੱਲੇ ਇਕੱਲੇ ਬ੍ਰਾਹਮਣਾਂ ਦੀਆਂ ਚੋਧਰਾਂ ਹੇਠ ਦਬਿਆ ਅਤੇ ਅਧਿਆਤਮਕ ਤੌਰ ਤੇ ਅਨੇਕਾ ਪੂਜਾ ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਮਨੌਤਾਂ ਮਗਰ ਲੱਗਾ ਹੋਇਆ ਸੀ।

ਬ੍ਰਾਹਮਣ ਜਿਹੜੇ ਕਿ ਹਿੰਦੂ ਧਰਮ ਦੇ ਰਖਵਾਲੇ ਹੁੰਦੇ ਹਨ, ਜਿਨ੍ਹਾਂ ਦਾ ਕੰਮ ਉਚੇਰੇ ਗਿਆਨ ਨਾਲ, ਦੁਨਿਆਵੀ ਤ੍ਰਿਸ਼ਨਾਵਾਂ ਤੋਂ ਉੱਚਾ ਉਠਦਿਆਂ, ਅਕਾਲ ਪੁਰਖ ਪ੍ਰਮਾਤਮਾ ਦੀ ਆਪ ਸੋਝੀ ਕਰਨੀ ਤੇ ਗਿਆਨ ਦੇ ਸਤਨਾ ਨਾਲ ਜੀਵ ਆਤਮਾ ਤੇ ਪਰਮਾਤਮਾ ਵਿਚਕਾਰ ਪਈ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਦੀ ਦੀਵਾਰ ਨੂੰ ਤੋੜ ਕੇ ਜਨਤਾ ਨੂੰ ਬ੍ਰਹਮ ਦੀ ਸੋਝੀ ਕਰਾਉਣੀ ਹੁੰਦੀ ਹੈ, - ਉਥੇ ਉਸ ਵਕਤ ਬ੍ਰਾਹਮਣ ਤਾਂ ਆਪਣੇ ਗਿਆਨ ਦੁਆਰਾ ਅਗਿਆਨਤਾ ਤੇ ਭਰਮ ਭੁਲੇਖਿਆਂ ਦੀ ਦੀਵਾਰ ਪਰਮਾਤਮਾ ਤੇ ਜੀਵਆਤਮਾ ਵਿਚਕਾਰ ਖੜੀ ਕਰਕੇ ਕਈ ਪ੍ਰਕਾਰ ਦੇ ਪਾਖੰਡਾਂ ਨਾਲ ਜਨਤਾ ਨੂੰ ਗੁਮਰਾਹ ਕਰਕੇ ਪੈਸਾ ਇਕੱਠਾ ਕਰ ਰਹੇ ਸਨ।

"ਮੂਰਖ ਪੰਡਿਤ ਹਿਕਮਤ ਹੁਜਤਿ ਸੰਜੈ ਕਰਹਿ ਪਿਆਰ ॥
ਧਰਮੀ ਧਰਮੁ ਕਰਹਿ ਗਵਾਵਹਿ ਮੰਗਹਿ ਮੋਖੁ ਦੁਆਰ॥
(ਆਸਾ ਦੀ ਵਾਰ ਮ. 1, ਪੰਨਾ 469)

ਗੁਰੂ ਸਾਹਿਬ ਨੇ ਉੱਚ ਵਿਦਿਆ ਦੇ ਮਾਲਕ ਪੰਡਤਾਂ ਉਤੇ ਇਕ ਜ਼ਬਰਦਸਤ ਵਿਅੰਗ ਸੁਟਿਆ ਹੈ ਕਿ ਉਹ ਨੇਕ ਕੰਮ ਕਰਨ ਦੀ ਥਾਂ ਚਲਾਕੀ ਤੇ ਦਲੀਲਬਾਜ਼ੀ ਰਾਹੀਂ ਦੋਲਤ ਇਕੱਠੀ ਕਰਨ ਵਾਲੇ ਪਾਸੇ ਪਏ ਹੋਏ ਸਨ। ਦੂਜੇ ਪਾਸੇ ਧਰਮੀ ਬੰਦੇ ਨਿਸ਼ਕਾਮ ਭਗਤੀ

ਕਰਨ ਦੀ ਥਾਂ ਆਪਣੇ ਧਰਮ ਵਾਲੇ ਕੰਮ ਦਾ ਇਵਜ਼ਾਨਾ ਮੁਕਤੀ ਪ੍ਰਾਪਤੀ ਚਾਹੀ ਕਰਨਾ ਚਾਹੁੰਦੇ ਸਨ। ਇਨ੍ਹਾਂ ਧਾਰਮਿਕ ਵਿਅੱਕਤੀਆਂ ਦਾ ਸਾਰਾ ਧਰਮ ਇਕ ਫੋਕਟ ਕਰਮ ਕਾਂਡ ਸੀ, ਇਕ ਪਾਖੰਡ ਸੀ ਤੇ ਇਕ ਦਿਖਾਵਾ ਸੀ ਅਤੇ ਇਸ ਦਿਖਾਵੇ ਲਈ ਉਹ ਕਈ ਤਰ੍ਹਾਂ ਦੀਆਂ ਸਰੀਰਕ ਕਿਰਿਆਵਾਂ ਕਰਦੇ ਸਨ -

ਅਖੀ ਤ ਮੀਟਹਿ ਨਾਕ ਪਕੜਹਿ
ਠਗਣ ਕਉ ਸੰਸਾਰੁ ॥

(ਆਦਿ ਗ੍ਰੰਥ - ਪੰਨਾ 662)

ਗੁਰੂ ਨਾਨਕ ਦੇਵ ਨੇ ਪੁਸਤਕ ਗਿਆਨ ਤੇ ਦੰਭੀਆਂ ਤੇ ਕਰਮ ਕਾਂਡੀਆਂ ਵਿਰੁਧ ਜਿਹੜੇ ਕਿ ਧਰਮ ਦੇ ਮਹਾਨ ਤੇ ਪਵਿੱਤਰ ਗੁਣਾਂ ਅਨੁਸਾਰ ਜ਼ਿੰਦਗੀ ਚਲਾਉਂਣ ਦੀ ਥਾਂ ਚਤੁਰਾਈਆਂ, ਚਲਾਕੀਆਂ ਤੇ ਸਾਖੀਆਂ ਦੀ ਮੱਦਦ ਨਾਲ ਪੰਡਤ ਤੇ ਸ਼੍ਰੇਸ਼ਟ ਇਨਸਾਨ ਬਣੇ ਫਿਰਦੇ ਸਨ ਉਨ੍ਹਾਂ ਪ੍ਰਤੀ ਇੰਜ ਕਿਹਾ -

"ਜਗਿ ਗਿਆਨੀ ਵਿਰਲਾ ਆਚਾਰੀ
ਜਗਿ ਪੰਡਤੁ ਵਿਰਲਾ ਵਿਚਾਰੀ "

(ਆਸਾ ਮ. 1, ਪੰਨਾ 413)

"ਗਿਆਨ ਧਿਆਨ ਕਿਛ ਸੂਝੈ ਨਾਹੀ,
ਚਤੁਰ ਕਹਾਵੈ ਪਾਂਡੇ "

(ਮਲਾਰ ਕੀ ਵਾਰ, ਮ. 1, ਪੰਨਾ 1290)

"ਕਲਿ ਪਰਵਾਣੁ ਕਤੇਬ ਕੁਰਾਣੁ
ਪੋਥੀ ਪੰਡਤ ਰਹੇ ਪੁਰਾਣ
ਨਾਨਕ ਨਾਉ ਭਇਆ ਰਹਮਾਣੁ "

(ਆਦਿ ਗ੍ਰੰਥ - ਪੰਨਾ 903)

ਸਿਧਾਂਤਕ ਤੌਰ ਤੇ ਉਨ੍ਹਾਂ ਦੇ ਜੀਵਨ ਗਿਆਨ ਭਰਪੂਰ ਸਨ, ਪਰ ਅਮਲ ਦੇ ਪੱਖ ਤੋਂ ਉਹ ਗਿਆਨ ਰਹਿਤ ਸਨ। ਪ੍ਰਾਪਤ ਕੀਤੇ ਉਤਮ ਗਿਆਨ ਦੀ ਵਰਤੋਂ ਅਮਲੀ ਜ਼ਿੰਦਗੀ ਵਿਚ ਨਹੀ ਸਨ ਕਰਦੇ । ਅੰਧ-ਵਿਸ਼ਵਾਸ਼ੀ ਰੂਪ ਵਿਚ ਲਕੀਰ ਦੇ ਫਕੀਰ ਗਿਆਨਵਾਨ ਪੰਡਤ ਤਾਂ ਸਨ, ਪਰ ਸੁਤੰਤਰ ਤੌਰ ਤੇ ਉਨ੍ਹਾਂ ਗਲਾਂ ਤੇ ਅਮਲ ਤੇ ਵਿਚਾਰ ਕਰਨ ਵਾਲੇ ਨਹੀ ਸਨ। ਇਸ ਲਈ ਉਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਇਕ ਬਹੁਤ ਵੱਡਾ ਅੰਤਰ ਸੀ।

ਕਬੀਰ ਜੀ ਨੇ ਵੀ ਇਨ੍ਹਾਂ ਧਾਰਮਿਕ ਆਗੂਆਂ ਦੀ ਅਵਸਥਾ ਉਤੇ ਇਸ ਤਰ੍ਹਾਂ ਚਾਨਣ ਪਾਇਆ ਹੈ -

"ਸੰਤਿ ਪਾਂਡੇ ਨਿਪੁੰਨ ਕਸਾਈ ।।
ਕਹੇ ਕਬੀਰ ਸੁਨੋ ਹੈ ਸੰਤਿ ਕਲਿਮਾ ਬ੍ਰਾਹਮਣ ਬੋਟੈ
ਫੂਟੀ ਆਂਬ ਬਿਬੇਕ ਕੀ, ਨਖੈ ਕਾ ਸੰਤ ਅਸੰਤ।।
ਜਾ ਕੇ ਸੰਗ ਦਸ ਬੀਸ ਹੈ ਤਾ ਕੋ ਨਾਮ ਮਹੰਤ।।"

ਪੰਡਤ ਕੇਵਲ ਨਾਂ ਦੇ ਹੀ ਪੰਡਤ ਰਹਿ ਗਏ ਸਨ ਤੇ ਕਰਮ ਧਰਮ ਦੇ ਪੰਡਤ ਨਹੀ ਸਨ। ਉਹ ਤਾਂ ਲੋਕਾਂ ਨੂੰ ਅੰਧ ਵਿਸ਼ਵਾਸ਼ੀ ਬਣਾ ਕੇ ਵਹਿਮਾਂ ਭਰਮਾਂ ਵਿਚ ਫਸਾਈ ਜਾ ਰਹੇ ਸਨ ਅਤੇ ਆਪਣਾ ਸਾਰਾ ਜ਼ੋਰ ਬਾਹਰੀ ਭੇਖ ਨੂੰ ਰੰਗਾ ਤੇ ਆਕਰਸ਼ਿਤ ਕਰਨ ਵਾਲਾ ਬਣਾ ਰਹੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੀ ਤੁਲਨਾ ਬਹੁ ਰੂਪੀਆਂ ਨਾਲ ਕਰਦਿਆਂ ਹੋਇਆ ਉਨ੍ਹਾਂ ਨੂੰ ਨਟੂਆ ਕਿਹਾ ਹੈ ਅਤੇ ਮੋਹ-ਮਾਇਆ ਦੇ ਜਾਲ ਵਿੱਚ ਪੂਰੀ ਤਰ੍ਹਾਂ ਫਸਿਆ ਦਸਿਆ ਹੈ -

"ਖਿਨ ਮਹਿ ਵੇਸ ਕਰਹਿ ਨਟੂਆ ਜਿਉਂ
ਮੋਹਿ ਪਾਪ ਮਹਿ ਗਲਤੁ ਗਇਆ ।।"
(ਆਦਿ ਗ੍ਰੰਥ-ਪੰਨਾ 906)

ਵਡਿਆਂ ਦੀ ਇਜ਼ਤ, ਸ਼ਰਮ ਤੇ ਧਰਮ ਵਾਲੇ ਨੇਕ ਤੇ ਉਤਮ ਕੰਮ ਤਾਂ ਉਸ ਵੇਲੇ ਸਾਰੇ ਸਮਾਜ ਵਿਚੋਂ ਹੀ ਖਤਮ ਹੋ ਗਏ ਸਨ। ਝੂਠ, ਮੱਕਰ, ਦਗਾ, ਫਰੇਬ ਆਦਿ ਔਗੁਣ ਉਸ ਵਕਤ ਹਰ ਥਾਂ ਤੇ ਪ੍ਰਧਾਨ ਸਨ। ਇਸ ਲਈ ਇਨ੍ਹਾਂ ਧਾਰਮਿਕ ਆਗੂਆਂ ਦੀ ਕੋਈ ਪ੍ਰਵਾਹ ਨਹੀ ਸਨ ਕਰਦੇ ਤੇ ਨਾ ਹੀ ਇਨ੍ਹਾਂ ਦੀ ਕੋਈ ਪੁੱਛ ਪਰਤੀਤ ਸੀ। ਗੁਰੂ ਸਾਹਿਬ ਤਿਲੰਗ ਰਾਗ ਵਿਚ ਬਾਬਰ ਦੇ ਹੱਲੇ ਦੀ ਭਵਿੱਖ ਬਾਣੀ ਕਰਕੇ ਸਮਕਾਲੀ ਧਾਰਮਕ ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ -

"ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜ ਫਿਰੈ ਪਰਧਾਨੁ ਵੇ ਲਾਲੋ।।
ਕਾਜ਼ੀਆਂ ਬਾਮਣਾਂ ਕੀ ਗਲ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ ।।
(ਆਦਿ ਗ੍ਰੰਥ -ਪੰਨਾ 722)

ਉਸ ਵਕਤ ਦੇ ਅਖੌਤੀ ਪੰਡਤਾਂ ਕੋਲ ਸਿਵਾਏ ਦਿਖਾਵੇ ਦੇ ਪਾਖੰਡਾਂ ਤੋਂ ਹੋਰ ਕੁਝ ਵੀ ਨਹੀਂ ਸੀ। ਸਾਰਾ ਜ਼ੋਰ ਧੋਤੀ ਬੰਨ੍ਹਣ ਤੇ ਲੰਬੇ ਲੰਮੇ ਟਿੱਕੇ ਲਾਣ ਵਾਲੇ ਧਾਰਮਿਕ ਚਿੰਨ੍ਹਾਂ ਤਕ ਹੀ ਸੀਮਤ ਸੀ -

"ਧੋਤੀ ਊਜਲ ਤਿਲਕੁ ਗਲਿ ਮਾਲਾ
ਅੰਤਰ ਕ੍ਰੋਧੁ ਪੜਹਿ ਨਟ ਸਾਲਾ ॥"

(ਆਦਿ ਗ੍ਰੰਥ- ਪੰਨਾ 832)

ਲੋਕਾਂ ਵਿਚ ਪਖੰਡ ਸਦਕਾ ਪੈਦਾ ਹੋਈ ਬੇਤਰਤੀਬੀ ਨੂੰ ਬੇਨਿਯਮੀ ਦੀ ਹਾਲਤ ਨੂੰ ਵੀ ਗੁਰੂ ਸਾਹਿਬ ਨੇ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ -

'ਕੋਈ ਪੜ੍ਹਤਾ ਸਹਸਕਿਰਤਾ ਕੋਈ ਪੜ੍ਹੈ ਪੁਰਾਨ।
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨ।"

(ਆਦਿ ਗ੍ਰੰਥ - ਪੰਨਾ 876)

ਗੁਰੂ ਜੀ ਨੇ ਇਹ ਸਾਰਾ ਕੁਝ ਬ੍ਰਹਮਣਾਂ ਦੇ ਵੇਸ ਬਾਰੇ ਅਤੇ ਉਨ੍ਹਾਂ ਦੀ ਅੰਦਰਲੀ ਤੇ ਬਾਹਰਲੀ ਵਿਭਿੰਨ ਦਸ਼ਾ ਬਾਰੇ ਦਸਿਆ ਹੈ। ਅਰਥਾਤ ਇਨ੍ਹਾਂ ਲੋਕਾਂ ਦਾ ਪਹਿਰਾਵਾ ਤਾਂ ਉਨ੍ਹਾਂ ਨੂੰ ਉੱਚੇ ਸੁੱਚੇ ਬ੍ਰਾਹਮਣ ਬਣਾਉਂਦਾ ਸੀ ਅਤੇ ਉਨ੍ਹਾਂ ਦੀ ਅੰਦਰਲੀ ਬੁਰਿਆਈ ਤੇ ਅਪਵਿੱਤਰਤਾ ਉਨ੍ਹਾਂ ਨੂੰ ਮਲੀਨ, ਤੁੱਛ ਤੇ ਭੈੜੇ ਇਨਸਾਨ ਬਣਾਉਂਦੀ ਸੀ।

ਇਥੇ ਹੀ ਬਸ ਨਹੀ ਬ੍ਰਾਹਮਣ ਲੋਕਾਂ ਨੂੰ ਸੁੱਚ ਸੂਤਰ ਤੇ ਕਰਮ ਕਾਂਡ ਦੇ ਹੋਰ ਕਈ ਭਰਮਾਂ ਭੁਲੇਖਿਆਂ ਵਿਚ ਜਨਤਾ ਨੂੰ ਬੰਨ੍ਹਿਆ ਹੋਇਆ ਸੀ ਅਤੇ ਸੂਤਕ, ਜਨੇਊ, ਟਿੱਕਾ ਤੇ ਤੀਰਥ ਇਸ਼ਨਾਨ ਆਦਿ ਧਾਰਮਿਕ ਰਸਮਾਂ ਬ੍ਰਾਹਮਣ ਵਰਗ ਦੀਆਂ ਹੀ ਪੈਦਾ ਕੀਤੀਆਂ ਹੋਈ ਹਨ। ਸੂਤਕ ਜਿਸ ਨੂੰ ਉਸ ਸਮੇਂ ਧਾਰਮਿਕ ਅਪਵਿੱਤ੍ਰਤਾ ਦਾ ਚਿੰਨ੍ਹ ਸਮਝਿਆ ਜਾਂਦਾ ਸੀ, ਗੁਰੂ ਸਾਹਿਬ ਨੇ ਉਸ ਦੀ ਨਿਖੇਧੀ ਕੀਤੀ ਅਤੇ ਦਸਿਆ ਕਿ ਮਨ ਦੀ ਅਪਵਿੱਤ੍ਰਤ ਸੂਤਕ ਵਿਚ ਨਹੀਂ, ਇਹ ਤਾਂ ਪਰਾਈ ਦੌਲਤ ਅਤੇ ਪਰਾਈ ਇਸਤਰੀ ਤੇ ਨਜ਼ਰ ਰਖਣ, ਚੁਗ਼ਲੀ ਨਿੰਦਾ ਤੇ ਲਾਲਚ ਆਦਿ ਔਗੁਣਾਂ ਦਾ ਸ਼ਿਕਾਰ ਹੋਣ ਵਿਚ ਹੈ ਅਤੇ ਅਜਿਹਾ ਕਰਨ ਵਾਲਿਆਂ ਦਾ ਅੰਤ ਦੁਖਦਾਈ ਹੁੰਦਾ ਹੈ -

"ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜ ॥
ਅਖੀ ਸੂਤਕੁ ਵੇਖਣਾ, ਪਰ ਤ੍ਰਿਅ ਪਰ ਧਨ ਰੂਪੁ॥

ਕੰਨੀ ਸੂਤਕੁ ਕੰਨਿ ਪੈ, ਲਾਇ ਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥
(ਆਦਿ ਗ੍ਰੰਥ-ਪੰਨਾ 472)

"ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾਂ ਸੂਤਕੁ ਨਾਹਿ॥"

(ਆਦਿ ਗ੍ਰੰਥ ਪੰਨਾ 472)

ਦਲੀਲ ਦੀ ਪੱਧਰ ਤੇ ਗਲ ਨੂੰ ਲਿਆ ਕੇ ਗੁਰੂ ਜੀ ਕਹਿੰਦੇ ਹਨ ਕਿ ਸੂਤਕ ਦੇ ਵਿਚਾਰ ਦਾ ਅੰਤ ਨਿਸ਼ਚਿਤ ਰੂਪ ਵਿਚ ਕੁਝ ਵੀ ਨਹੀ ਹੋ ਸਕਦਾ। ਨਿਤ ਦੀ ਵਰਤੋ ਵਾਲੀਆਂ ਚੀਜ਼ਾਂ ਵੀ ਤਾਂ ਸੂਤਕ ਨਾਲ ਭਰੀਆਂ ਪਈਆਂ ਹਨ। ਪਾਣੀ ਤਕ ਵਿਚ ਨਿਤ ਜੀਵ ਜੰਮਦੇ ਤੇ ਮਰਦੇ ਰਹਿੰਦੇ ਹਨ -

"ਸੂਤਕੁ ਅਗਨਿ ਭਖੈ ਜਗੁ ਖਾਇ
ਸੂਤਕੁ ਜਲਿ ਥਲਿ ਸਭ ਹੀ ਥਾਇ
ਨਾਨਕ ਸੂਤਕਿ ਜਨਮਿ ਮਰੀਜੈ
ਗੁਰ ਪ੍ਰਸਾਦੀ ਹਰ ਰਸੁ ਪੀਜੈ "

(ਆਦਿ ਗ੍ਰੰਥ-ਪੰਨਾ 413)

ਇਸ ਸੂਤਕ ਤੋਂ ਛੁਟਕਾਰਾ ਪਾਉਣ ਲਈ ਗੁਰੂ ਸਾਹਿਬ ਨੇ ਗਿਆਨ ਮਾਰਗ ਦਸਿਆ ਹੈ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਗਿਆਨ ਦੇ ਸਾਧਨ ਦੁਆਰਾ ਇਨਸਾਨ ਸੂਤਕ ਦੀ ਅਗਿਆਨਤਾ ਵਾਲੀ ਅਵਸਥਾ ਤੋਂ ਬਾਹਰ ਨਿਕਲ ਸਕਦਾ ਹੈ -

" ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ
ਸੂਤਕੁ ਕਿਉਂ ਕਰਿ ਰਖੀਐ ਸੂਤਕੁ ਪਵੈ ਰਸੋਇ
ਨਾਨਕ ਸੂਤਕ ਏਵ ਨ ਉਤਰੈ ਗਿਆਨ ਉਤਾਰੇ ਧੋਇ"

ਇਸ ਤਰ੍ਹਾਂ ਪਤਾ ਲਗਦਾ ਹੈ ਕਿ ਉਸ ਸਮੇਂ ਦੇ ਸਮਾਜ ਵਿਚ ਸੂਤਕ ਜਿਹਾ ਵਹਿਮ ਬਹੁਤ ਹੀ ਸੀ।

ਇਸੇ ਤਰ੍ਹਾਂ ਜਨੇਊ ਨੂੰ ਧਾਰਮਿਕ ਜੀਵਨ ਦੀ ਪਵਿੱਤਰਤਾ ਦਾ ਬਾਹਰੀ ਨਜ਼ਰ ਆਉਣ ਵਾਲਾ ਚਿੰਨ੍ਹ ਮੰਨ ਕੇ ਇਸ ਦੇ ਅੰਤਰੀਵ ਅਰਥਾਂ ਤੋਂ ਬਿਲਕੁਲ ਅਣਗਹਿਲੀ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਚਿੰਨ੍ਹ ਦੇ ਵਾਸਤਵਿਕ ਮਹੱਤਵ ਅਰਥਾਤ ,ਦਇਆ,ਜਤ, ਸਤ, ਸੰਤੋਖ, ਧੀਰਜ ਆਦਿ ਗੁਣਾਂ ਦੀ ਮਹਾਨਤਾ ਨੂੰ ਇਸ ਤਰ੍ਹਾਂ ਦਰਸਾਇਆ -

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਇਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥"
(ਆਦਿ ਗ੍ਰੰਥ-ਪੰਨਾ 471)

"ਰਾਇਆ ਬ੍ਰਹਮਾ ਮਨੁ ਹੈ ਧੋਤੀ
ਗਿਆਨੁ ਜਨੇਊ ਧਿਆਨੁ ਕੁਸਪਾਤੀ
ਹਰਿ ਨਾਮਾ ਜਸੁ ਜਾਚਉ ਨਾਉ
ਗੁਰ ਪ੍ਰਸਾਦੀ ਬ੍ਰਹਮਿ ਸਮਾਉ "
(ਆਸਾ ਮ. ੧,ਪੰਨਾ 355,ਸ਼ਲੋਕ 20)

ਪਤਿ ਵਿਣੁ ਪੂਜਾ ਸਤ ਵਿਣੁ ਸੰਜਮ ਜਤ ਵਿਣ ਕਾਹੇ ਜਨੇਊ
ਨਾਵਹੁ ਧੋਵਹੁ ਤਿਲਕੁ ਚੜ੍ਹਾਵਹੁ ਸੁਚ ਸੋਚ ਨਾ ਹੋਈ "
(ਆਦਿ ਗ੍ਰੰਥ-ਪੰਨਾ 903)

ਇਹ ਜਨੇਊ ਪਾਣਾ ਸਿਰਫ ਉਸ ਸਮੇਂ ਪਖੰਡ ਤਕ ਹੀ ਸੀਮਿਤ ਸੀ। ਇਹ ਸਾਰੀਆਂ ਧਾਰਮਿਕ ਕਿਰਿਆਵਾਂ ਲੋਕਾਂ ਲਈ ਪਖੰਡ ਤੇ ਕੂੜ ਦੇ ਗੋਰਖ ਧੰਦੇ ਤੋਂ ਵਧ ਹੋਰ ਕੁਝ ਵੀ ਨਹੀ ਸਨ। ਟਿੱਕਾ ਤੇ ਤੱਗ ਇਤਿਆਦਿ ਇਸ ਧਾਰਮਿਕ ਜਾਲ ਦੀਆਂ ਕੁਝ ਹੋਰ ਤੰਦਾਂ ਸਨ ਜਿਨ੍ਹਾਂ ਵਿਚ ਲੋਕਭਟਕ ਰਹੇ ਸਨ ਤੇ ਕੁਰਾਹੇ ਪਏ ਹੋਏ ਸਨ ਜਿਵੇਂ ਗੁਰੂ ਜੀ ਲਿਖਦੇ ਹਨ -

"ਤਗੁ ਨਾ ਇੰਦ੍ਰੀ ਤਗੁ ਨਾ ਨਾਰੀ
ਭਲਕੇ ਥੁਕ ਪਵੈ ਨਿਤ ਦਾੜੀ "
(ਆਸਾ ਦੀ ਵਾਰ ਮ.੧,ਪੰਨਾ 471)

"ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ
ਦਰਗਹ ਅੰਦਰ ਪਾਈਐ ਤਗੁ ਨਾ ਤੂਟਸਿ ਪੂਤ ॥

(ਆਦਿ ਗ੍ਰੰਥ-ਪੰਨਾ 471)

ਕੇਵਲ ਸਰੀਰਕ ਤੌਰ ਤੇ ਤੀਰਥ ਯਾਤਰਾ ਤੇ ਤੀਰਥ ਇਸ਼ਨਾਨ ਉਸ ਵੇਲੇ ਦੇ ਧਾਰਮਿਕ ਜੀਵਨ ਦਾ ਇਕ ਹੋਰ ਖੋਖਲਾ ਹੋ ਚੁੱਕਾ ਅੰਗ ਸੀ ਅਤੇ ਤੀਰਥ ਯਾਤਰਾ ਤੇ ਤੀਰਥ ਇਸ਼ਨਾਨ ਨੂੰ ਹੀ ਮੁਕਤੀ ਦਾ ਆਧਾਰ ਮੰਨਿਆ ਜਾਂਦਾ ਸੀ। ਗੁਰੂ ਜੀ ਨੇ ਦਸਿਆ ਕਿ ਤੀਰਥ ਇਸ਼ਨਾਨ ਕਰਨ ਨਾਲ ਜਾਂ ਤੀਰਥ ਯਾਤਰਾ ਕਰਨ ਨਾਲ ਕੁਝ ਨਹੀ ਮਿਲਦਾ। ਅਸਲ ਤੀਰਥ ਯਾਤਰਾ ਤਾਂ ਗਿਆਨ ਅਤੇ ਸੱਚੇ ਦਿਲੋਂ ਪ੍ਰਮਾਤਮਾ ਦੀ ਯਾਦ ਵਿਚ ਜੁੜਨ ਨਾਲ ਘਰ ਬੈਠਿਆਂ ਹੀ ਹੋ ਸਕਦੀ ਹੈ, ਜਿਵੇ -

"ਤੀਰਥਿ ਨਾਵਣ ਜਾਉ ਤੀਰਥ ਨਾਮੁ ਹੈ,
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀ ਧਰਾ
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨ।"

(ਆਦਿ ਗ੍ਰੰਥ - ਪੰਨਾ 687)

ਲੋਕਾਂ ਦੇ ਭੋਲੇ ਧਾਰਮਿਕ ਜਜ਼ਬਿਆਂ ਦੀ ਕੁਵਰਤੋਂ ਕਰਨ ਵਾਲੇ ਕਈ ਬਗਲੇ ਭਗਤ ਤੀਰਥ ਅਸਥਾਨਾਂ ਤੇ ਇਕੱਠੇ ਹੋ ਚੁੱਕੇ ਸਨ, ਜਿਹੜੇ ਕਿ ਸਾਧੂਆਂ ਤੇ ਪੀਰਾਂ ਤੇ ਲਿਬਾਸ ਵਿਚ ਅਗਿਆਨਤਾ ਤੇ ਪਰਸਾਰ ਰਾਹੀ ਜਗਿਆਸੂਆਂ ਦੀ ਸ਼ਰਧਾ ਦੀ ਕੁਵਰਤੋਂ ਕਰਕੇ ਉਨ੍ਹਾਂ ਨੂੰ ਲੁਟ ਲੁਟ ਖਾ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ -

"ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ
ਘੁਟ ਘੁਟ ਜੀਆ ਖਾਵਣੇ ਬਗੇ ਨਾ ਕਹੀਅਨ "

(ਆਦਿ ਗ੍ਰੰਥ ਪੰਨਾ 729)

"ਨਾਵਹਿ ਧੋਵਹਿ ਪੂਜਹਿ ਸੈਲਾ
ਬਿਨ ਹਰ ਰਾਤੇ ਮੈਲੋ ਮੈਲਾ "

(ਆਦਿ ਗ੍ਰੰਥ-ਪੰਨਾ 908)

ਧਰਮ ਤਾਂ ਉਸ ਵੇਲੇ ਨਿਤ ਦੀ ਸਾਧਾਰਨ ਕਿਰਿਆ ਦਾ ਰੂਪ ਹੀ ਧਾਰਨ ਕਰ ਚੁਕਿਆ ਸੀ। ਲੋਕੀ ਸਰੀਰਕ ਤੌਰ ਤੇ ਧਾਰਮਿਕ ਕ੍ਰਿਆ ਕਰਕੇ ਆਪਣੇ ਕਰਤਵ ਨੂੰ ਪੂਰਾ ਹੋਇਆ ਸਮਝ ਲੈਂਦੇ ਸਨ। ਤੀਰਥ ਅਸਥਾਨਾਂ ਉਤੇ ਜਾ ਕੇ ਮਲ ਮਲ ਸਰੀਰ ਧੋ ਲੈਣ ਨਾਲ ਹੀ ਇਹ ਲੋਕ ਆਤਮਿਕ ਉੱਚਤਾ ਪ੍ਰਾਪਤੀ ਹੋਈ ਸਮਝਦੇ ਸਨ। ਇਨ੍ਹਾਂ ਆਤਮਿਕ ਤੌਰ ਤੇ ਗਿਰੇ ਹੋਏ ਲੋਕਾਂ ਵਲ ਸੰਕੇਤ ਕਰਕੇ ਗੁਰੂ ਸਾਹਿਬ ਲਿਖਦੇ ਹਨ-

"ਤ੍ਰੈ ਗੁਣ ਬਿਖਿਆ ਜਨਮਿ ਮਰੀਜੈ
ਅੰਤਰ ਮੈਲ ਤੀਰਥੁ ਭਰਮੀਜੈ
ਮਨ ਨਹੀ ਸੂਚਾ ਕਿਆ ਸੋਚ ਕਰੀਜੈ
ਤੀਰਥ ਭਰਮਸਿ ਬਿਆਧਿ ਨ ਜਾਵੈ
ਨਾਮ ਬਿਨਾ ਕੈਸੇ ਸੁਖ ਪਾਵੈ "

(ਆਦਿ ਗ੍ਰੰਥ - ਪੰਨਾ 905)

"ਤੀਰਥ ਵਰਤ ਨੇਮ ਕਰਹਿ ਉਦਿਆਨਾ
ਜਤੁ ਸਤੁ ਸੰਜਮ ਕਥਹਿ ਗਿਆਨਾ ।"

(ਆਦਿ ਗ੍ਰੰਥ- ਪੰਨਾ 1043)

ਇਸੇ ਅਗਿਆਨਤਾ ਅਤੇ ਅੰਧ ਵਿਸ਼ਵਾਸ਼ ਦਾ ਨਤੀਜਾ ਹੀ ਸੀ ਕਿ ਸਾਰੇ ਤੀਰਥ ਫਿਰ ਫਿਰਾ ਕੇ ਟਿੱਕੇ ਆਦਿਕ ਸਾਰੀਆਂ ਧਾਰਮਿਕ ਕਿਰਿਆਵਾਂ ਕਰਕੇ ਵੀ 'ਮਤਿ' ਅਥਵਾ ਦ੍ਰਿਸ਼ਟੀ ਦੀ ਪਵਿੱਤਰਤਾ ਨਹੀ ਸੀ ਆਉਂਦੀ ਅਤੇ ਇਸੇ ਤਰ੍ਹਾਂ ਅਨ੍ਹੇਰੇ ਵਿਚ ਚੱਕਰ ਕਟਦਿਆਂ ਹੀ ਆਪਣੀ ਸਾਰੀ ਉਮਰ ਗੁਜ਼ਾਰ ਦਿੰਦੇ ਸਨ-

"ਕੂੰਗੂ ਕੀ ਕਾਇਆ ਰਤਨਾ ਕੀ ਲਲਿਤ ਅਗਰਵਾਸੁ ਤਨਿ ਸਾਸੁ
ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸ।"

ਸ੍ਰੀ ਰਾਗ ਮ.+ ੧ ਘਰ 2, ਸਲੋਕ 8, ਪੰਨਾ 17)

ਭਰਮੇ ਭਾਹਿਨ ਵਿਕਟੈ ਜੇ ਭਲੈ ਦਿਸੰਤਰ ਦੇਸ
ਅੰਤਰਿ ਮੈਲੁ ਨਾ ਉਤਰੈ ਧ੍ਰਿਗ ਜੀਵਨੁ ਧ੍ਰਿਗ ਵੇਸੁ ।

(ਆਦਿ ਗ੍ਰੰਥ- ਪੰਨਾ 22)

ਬਾਹਰੀ ਧਾਰਮਿਕ ਕਿਰਿਆਵਾਂ ਉਨ੍ਹਾਂ ਅੰਦਰ ਅਭਿਮਾਨ ਤੋ ਵਧ ਹੋਰ ਕੁਝ ਨਾ ਲਿਆ ਸਕਦੀਆਂ ਅਤੇ ਇਸੇ ਹੰਕਾਰ ਦੇ ਸ਼ਿਕਾਰ ਵੱਡੇ ਵੱਡੇ ਵਿਅਕਤੀ ਵੀ ਉੱਚੇ ਆਤਮਿਕ ਗੁਣਾਂ ਤੋ ਖ਼ਾਲੀ ਹੋ ਜਾਂਦੇ ਜਿਵੇ -

"ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ
ਗੁਰ ਬਿਨੁ ਕਿਨ ਸਮਝਾਈਐ ਮਨੁ ਰਾਜਾ ਸੁਲਤਾਨ "
(ਆਦਿ ਗ੍ਰੰਥ-ਪੰਨਾ 61)

ਧਾਰਮਿਕ ਬਾਹਰੀ ਰਹੁ-ਰੀਤਾਂ ਦਾ ਬਿਆਨ ਕਰਨ ਤੋਂ ਗੁਰੂ ਜੀ ਲਿਖਦੇ ਹਨ ਕਿ ਜਿਤਨੀ ਦੇਰ ਤਕ ਅੰਦਰੋਂ ਵਿਕਾਰਾਂ ਦੀ ਮੈਲ ਨਹੀ ਧੋਤੀ ਜਾਂਦੀ ਉਤਨੀ ਦੇਰ ਤਕ ਇਨਸਾਨੀ ਮਨ ਨਿਰਮਲ ਤੇ ਉਜਲ ਨਹੀਂ ਹੋ ਸਕਦਾ। ਬਾਹਰੋਂ ਮਲ ਮਲ ਕੇ ਧੋਤਾ ਹੋਇਆ ਸਰੀਰ ਕਿਸੇ ਵੀ ਅਰਥ ਨਹੀ, ਕਿਉਂਕਿ ਤਨ ਦੀ ਉਜਵਲਤਾ ਪਰਮਾਤਮਾ ਦੀ ਪ੍ਰਾਪਤੀ ਦਾ ਆਧਾਰ ਬਣਨ ਦੀ ਸਮਰਥਾ ਨਹੀ ਰਖਦੀ -

"ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮ ਹੋਵੈ
ਅੰਤਰ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ।"
(ਆਦਿ ਗ੍ਰੰਥ-ਪੰਨਾ 139)

ਇਨ੍ਹਾਂ ਧਾਰਮਿਕ ਉਤਸ਼ਾਹ ਦੇ ਸੋਮਿਆਂ ਤੇ ਧਾਰਮਿਕ ਜੀਵਨ ਦੇ ਆਦਰਸ਼ਾਂ ਦੀ ਇਸ ਹਾਲਤ ਨੂੰ ਮੁੱਖ ਰਖਕੇ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ -

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ
ਨਾਨਕ ਨਾਉ ਖੁਦਾਇਕਾ ਦਿਲਿ ਹਛੈ ਲੇਹੁ
ਅਵਰ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ।
( ਵਾਰ ਮਾਝ ਕੀ - ਪੰਨਾ 140)

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰ
ਸੂਚੇ ਇਹ ਨਾ ਆਖੀਅਨ ਬਹਿ ਜਿ ਪਿੰਡਾ ਧੋਇ
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ
(ਆਦਿ ਗ੍ਰੰਥ-ਪੰਨਾ 472)

"ਖਤੀਅਹੁ ਜੰਮੈ ਖੇਤ ਕਰ ਨਿਤ ਖਤਿਆ ਵਿਚ ਪਾਹਿ
ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ
ਨਾਨਕ ਬਖਸੇ ਬਖਸੀਅਹਿ ਨਾਹਿਤ ਪਾਹੀ ਪਾਹਿ "
(ਵਾਰ ਮਝ ਕੀ - ਪੰਨਾ 149)

ਧਰਮ ਦੇ ਠੇਕੇਦਾਰ ਲੋਕਾਂ ਦੇ ਧਾਰਮਿਕ ਜਜ਼ਬਿਆਂ ਨਾਲ ਖੇਡਦੇ ਤੇ ਉਨ੍ਹਾਂ ਦੀ ਕੁਵਰਤੋਂ ਆਪਣੇ ਸਵੈ-ਹਿਤਾਂ ਲਈ ਕਰਦੇ ਹੋਏ ਮਨੁਖਾਂ ਦਾ ਖੂਨ ਹੀ ਪੀਂਦੇ ਸਨ।

ਬਾਹਰਲੇ ਧਾਰਮਿਕ ਕੰਮਾਂ, ਚਿੰਨ੍ਹਾਂ ਅਤੇ ਤੀਰਥ ਅਸਥਾਂਨਾਂ ਦੀ ਯਾਤਰਾ ਨੇ ਮਨੁੱਖਾਂ ਨੂੰ ਆਤਮਿਕ ਸੁੱਖ ਦੇਣ ਦੀ ਥਾਂ ਉਨ੍ਹਾਂ ਵਿੱਚ ਹੰਕਾਰ ਦਾ ਸੰਚਾਰ ਕਰ ਦਿਤਾ ਹੋਇਆ ਸੀ। ਉਹ ਜਿਤਨੀਆਂ ਜ਼ਿਆਦਾ ਤੀਰਥ ਯਾਤਰਾਵਾਂ ਕਰਦੇ ਜਾਂ ਜਿਤਨੇ ਜ਼ਿਆਦਾ ਭੇਖ ਤੇ ਪਖੰਡ ਕਰਦੇ ਉਤਨੇ ਜ਼ਿਆਦਾ ਹੀ ਉਹ ਸੱਚ ਤੋਂ ਦੂਰ ਹੁੰਦੇ ਜਾਂਦੇ ਅਤੇ ਫੋਕੀਆਂ ਗੱਲਾਂ ਵਿਚ ਹੀ ਜ਼ਿੰਦਗੀ ਆਪਣੀ ਵਿਅਰਥ ਗੁਆ ਦਿੰਦੇ, ਜਿਵੇਂ -

"ਬਹੁ ਤੀਰਥ ਭਵਿਆ ਤੇਤੋ ਲਵਿਆ
ਬਹੁ ਭੇਖ ਕੀਆ ਦੇਹੀ ਦੁਖ ਦੀਆ।"
(ਆਦਿ ਗ੍ਰੰਥ- ਪੰਨਾ 467)

"ਹਿੰਦੂ ਸਲਾਹੀ ਸਲਾਹਿਨ ਦਰਸਨ ਰੂਪ ਅਪਾਰੁ
ਤੀਰਥ ਨਾਵਹਿ ਅਰਚਾ ਪੂਜਾ ਅਗਰਵਾਸੁ ਬਹੁਕਾਰ "
(ਆਦਿ ਗ੍ਰੰਥ- ਪੰਨਾ 465)

ਅਜਿਹੇ ਧਾਰਮਿਕ ਆਗੂਆਂ ਦੀ ਪਾਖੰਡ-ਪ੍ਰਵਿਰਤੀ ਉਤੇ ਵਿਅੰਗ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਹਿੰਦੂ ਧਰਮ ਦੇ 68 ਪਵਿੱਤਰ ਤੀਰਥ ਅਸਥਾਨਾਂ ਉਤੇ ਇਸ਼ਨਾਨ ਕਰਨ ਤੋਂ ਬਾਅਦ ਵੀ ਜੇ ਕਰ ਇਨਸਾਨ ਦੀਆਂ ਆਤਮਿਕ ਰੁਚੀਆਂ ਪਾਵਨ ਤੇ ਪਵਿੱਤਰ ਨਹੀ ਹੋਈਆਂ ਤਾਂ ਉਹ ਇਨਸਾਨ ਮਲੀਨ ਤੇ ਨੀਚ ਹਨ। ਇਸਦੇ ਉਲਟ ਧਾਰਮਿਕ ਤੀਰਥਾਂ ਤੇ ਜਾ ਕੇ ਇਸ਼ਨਾਨ ਨਾ ਕਰਨ ਦੇ ਬਾਵਜੂਦ ਜੇ ਕਰ ਕੋਈ ਵਿਅਕਤੀ ਆਪਣੀਆਂ ਦੁਸ਼ਵ੍ਰਿਤੀਆਂ ਉਤੇ ਪੂਰਨ ਤੌਰ ਤੇ ਕਾਬੂ ਪਾ ਸਕਿਆ ਹੈ ਤਾਂ ਉਸ ਨੇ ਜੀਵਨ ਦੇ ਮੰਤਵ ਨੂੰ ਪਛਾਣ ਕੇ ਉਸ ਪ੍ਰਮਾਤਮਾ ਨਾਲ ਇਕਸੁਰਤਾ ਜਾਂ ਅਭੇਦਤਾ ਪ੍ਰਾਪਤ ਕਰ ਲਈ ਹੈ, ਜਿਵੇਂ -

"ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ
ਜਿਨ ਪਟੁ ਅੰਦਰ ਬਾਹਰ ਗੁਦੜ ਤੇ ਭਲੇ ਸੰਸਾਰਿ
ਤਿਨ ਨੇਹੁ ਲਗਾ ਰੁ ਸੇਤੀ ਦੇਖਣੇ ਵੀਚਾਰ " (ਆਦਿ ਗ੍ਰੰਥ- ਪੰਨਾ 473)

ਧਰਮ ਤੋਂ ਭਾਵ ਇਕ ਅਜਿਹੀ ਜੀਵਨ ਵਿਧੀ ਹੈ ਜੋ ਜੀਵ ਨੂੰ ਕਿਸੇ ਉੱਚੇ ਆਦਰਸ਼ ਦੇ ਅਨੁਕੂਲ ਢਾਲਦੀ ਹੈ ਤੇ ਉਸ ਨੂੰ ਮਾਨਸਿਕ ਤੇ ਆਤਮਿਕ ਤ੍ਰਿਪਤੀ ਦਿੰਦੀ ਹੈ। ਧਰਮ ਨਿਰੋਲ ਸ਼ਰਧਾ ਤੇ ਵਿਸ਼ਵਾਸ਼ ਉਤੇ ਆਧਾਰਤ ਹੁੰਦਾ ਹੈ। ਧਰਮ ਨਿਰੋਲ ਪਰ ਇਹ ਨਿਰੀ ਭਾਵੁਕ ਸ਼ਰਧਾ ਵੀ ਆਪਣੇ ਆਪ ਵਿਚ ਕੋਈ ਅਰਥ ਨਹੀ ਰਖਦੀ। ਪਿਤਰ ਪੂਜਾ ਇਹ ਮਨੁੱਖਾਂ ਨੂੰ ਜਿਉਂਦਿਆਂ ਹੀ ਘੁਣ ਵਾਂਗ ਖਾਂਦੀ ਰਹਿੰਦੀ ਸੀ। ਬ੍ਰਾਹਮਣ ਸ਼੍ਰੇਣੀ ਦੇ ਲੋਕਾਂ ਵਿਚ ਆਪਣੇ ਗੁਜ਼ਰ ਚੁਕੇ ਬਜ਼ੁਰਗਾਂ ਦੀ ਯਾਦ ਵਿਚ ਸਰਾਧ ਕਰਾਉਣਾ ਇਕ ਫੋਕਟ ਰਿਵਾਜ ਤੁਰਿਆ ਰਿਹਾ ਸੀ। ਗੁਰੂ ਜੀ ਨੇ ਦਸਿਆ ਕਿ ਇਸ ਪਾਪ ਦੀ ਕਮਾਈ ਨੂੰ ਧਾਰਮਿਕ ਆਗੂਆਂ ਨੂੰ ਖੁਆਉਣ ਨਾਲ ਗੁਜ਼ਰ ਚੁਕੇ ਬਜ਼ੁਰਗਾਂ ਦਾ ਕੋਈ ਫਾਇਦਾ ਨਹੀ ਹੋਵੇਗਾ, ਸਗੋਂ ਨੁਕਸਾਨ ਜਾਂ ਤ੍ਰਿਸਕਾਰ ਦੀ ਸੰਭਾਵਨਾ ਹਰ ਵੇਲੇ। ਰਹਿੰਦੀ ਹੈ, ਜਿਵੇਂ -

"ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ
ਵਢੀਅਹਿ ਹਥ ਦਲਾਲ ਕੇ ਮੁਸਫੀ ਇਹ ਕਰੇਇ
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ।"

(ਆਦਿਗ੍ਰੰਥ- ਪੰਨਾ 472)

ਇਨ੍ਹਾਂ ਸ਼ਰਾਧਾਂ ਨਾਲ ਬਜ਼ੁਰਗਾਂ ਦਾ ਕੁਝ ਨਹੀ ਸਵਰਦਾ, ਕਿਉਂਕਿ ਉਸ ਦਰਗਾਹ ਵਿਚ ਤਾਂ ਕਰਮਾਂ ਨਾਲ ਨਬੇੜੇ ਹੁੰਦੇ ਹਨ। ਹਰ ਵਿਅਕਤੀ ਨਾਲ ਇਸ ਦੁਨੀਆਂ ਵਿਚ ਰਹਿੰਦਿਆਂ ਕੀਤੇ ਹੋਏ ਚੰਗੇ ਜਾਂ ਮੰਦੇ ਕਰਮਾਂ ਦੇ ਆਧਾਰ ਤੇ ਹੀ ਚੰਗਾ ਜਾਂ ਮੰਦਾ ਵਰਤਾਓ ਕੀਤਾ ਜਾਂਦਾ ਹੈ। ਇਹ ਦਾਨ ਪਿਤਰਾਂ ਤੱਕ ਕਿਵੇਂ ਪਹੁੰਚਦਾ ਹੈ ਜਦ ਕਿ ਇਸ ਪੰਡਤ ਲੋਕ ਆਪਣੇ ਪੇਟ ਭਰਨ ਲਈ ਆਪਣੇ ਕੋਲ ਰਖ ਲੈਂਦੇ ਹਨ। ਇਹ ਤਾਂ ਉਨ੍ਹਾਂ ਨੇ ਆਪਣੇ ਜੀਵਨ ਨਿਰਬਾਹ ਲਈ ਇਕ ਰਵਾਇਤ ਨੂੰ ਜਨਮ ਦਿੱਤਾ ਹੋਇਆ ਸੀ।

ਬ੍ਰਾਹਮਣਾਂ ਨੇ ਇਕ ਪਾਸੇ ਤਾਂ ਲੋਕਾਂ ਨੂੰ ਝੂਠੇ ਭਰਮਾਂ ਵਿਚ ਜਕੜਿਆ ਹੋਇਆ ਸੀ ਤੇ ਲੋਕਾਂ ਨੂੰ ਜ਼ਿੰਦਗੀ ਬਿਤਾਉਣ ਬਾਰੇ ਕੁਝ ਖਾਸ ਨਿਯਮ ਨਹੀ ਸੀ ਦਸ ਰਹੇ, ਦੂਜੇ ਪਾਸੇ ਉਹ ਆਪ ਆਪਣੀ ਜ਼ਿੰਦਗੀ ਬਾਰੇ ਕੋਈ ਨਿਸਚਿਤ ਮੱਤ ਨਹੀ ਸੀ ਰਖਦੇ। ਗਊ ਨੂੰ ਇਕ ਪਾਸੇ ਉਤਮਤਾ ਦਾ ਚਿੰਨ੍ਹ ਮਨ ਕੇ ਉਸ ਦੇ ਗੋਹੇ ਨਾਲ ਜ਼ਮੀਨ ਨੂੰ ਪਵਿੱਤਰ ਕਰਦੇ ਪਰ ਦੂਜੇ ਪਾਸੇ ਉਸੇ ਗਊ ਦੇ ਉਤੇ ਟੈਕਸ ਲਾਉਂਦੇ ਸਨ। ਇਹ ਦਵੰਦ ਉਨ੍ਹਾਂ ਦੀ ਜ਼ਿੰਦਗੀ ਦੀ ਆਧਾਰ ਸੀ ਤੇ ਗੁਰੂ ਜੀ ਨੇ ਇਨ੍ਹਾਂ ਲੋਕਾਂ ਬਾਰੇ ਲਿਖਿਆ ਹੈ -

ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

"ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ
ਧੋਤੀ ਟਿਕਾ ਤੇ ਜਪਮਾਲੀ ਧਾਨ ਮਲੇਛਾਂ ਖਾਈ
ਅੰਤਰ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ
ਛੋਡੀਲੇ ਪਾਖੰਡਾ ਨਾਮ ਲਾਇਐ ਜਾਹਿ ਤਰੰਦਾ "

(ਆਦਿ ਗ੍ਰੰਥ- ਪੰਨਾ 471)

ਪੰਡਤਾਂ ਦੀ ਹਾਲਤ ਇਤਨੀ ਜ਼ਿਆਦਾ ਵਿਗੜ ਗਈ ਸੀ ਕਿ ਉਹ ਉਸ ਵੇਲੇ ਦੇ ਜ਼ਾਲਮ ਹਾਕਮਾਂ ਦੇ ਹੱਥਾਂ ਵਿਚ ਖੇਡ ਰਹੇ ਸਨ ਅਤੇ ਆਪਣੇ ਅਸਲ ਕਰਤੱਵ ਤੇ ਆਦਰਸ਼ ਨੂੰ ਬਿਲਕੁਲ ਭੁਲ ਹੀ ਚੁੱਕੇ ਸਨ। ਜ਼ਾਲਮਾਂ ਦੇ ਘਰ ਜਾ ਕੇ ਪੂਜਾ ਪਾਠ ਕਰਦੇ, ਸੰਖ ਪੂਰਨੇ ਉਨ੍ਹਾਂ ਦੇ 'ਯਗੋਪਵੀਤ' ਕਰਨੇ ਉਨ੍ਹਾਂ ਦੇ ਗਲਾਂ ਵਿਚ ਪਵਿੱਤ੍ਰਤਾ ਦੇ ਚਿੰਨ੍ਹ ਜੰਞੂ ਪਾਉਂਣੇ ਆਦਿ ਰਸਮ ਉਨ੍ਹਾਂ ਦੀ ਨਿਘਰੀ ਹਾਲਤ ਦੇ ਸੂਚਕ ਹਨ। ਗੁਰੂ ਸਾਹਿਬ ਦੇ ਸ਼ਬਦਾਂ ਵਿਚ ਪੰਡਤ ਵੀ ਵੇਲੇ ਦੇ ਜ਼ੁਲਮ ਦੇ ਭਾਗੀ ਬਣ ਚੁਕੇ ਸਨ -

"ਮਾਣਸ ਖਾਣੇ ਕਰਹਿ ਨਿਵਾਜ
ਛੁਰੀ ਵਗਾਇਨ ਤਿਨ ਗਲ ਤਾਗ
ਤਿਨ ਘਰ ਬ੍ਰਾਹਮਣ ਪੂਰਹਿ ਨਾਦ
ਉਨ੍ਹਾਂ ਭਿ ਆਵਹਿ ਓਈ ਸਾਦ।"

(ਆਦਿ ਗ੍ਰੰਥ - ਪੰਨਾ 471)

ਇਹ ਧਰਮ ਦੇ ਠੇਕੇਦਾਰ ਮੁਲਾਂ ਤੇ ਪੰਡਤ ਲੋਕ ਜੋਕਾਂ ਬਣ ਕੇ ਜਨਤਾ ਦਾ ਲਹੂ ਚੂਸਦੇ ਸਨ। ਪਰਾਇਆ ਹੱਕ ਖਾਂਦੇ ਸਨ ਅਤੇ ਲੋਕਾਂ ਨੂੰ ਸਰੀਰਕ ਤੇ ਆਤਮਿਕ ਤੌਰ ਤੇ ਮੌਤ ਦੇ ਮੂੰਹ ਵਲ ਧਕੇਲ ਰਹੇ ਸਨ। ਉਨ੍ਹਾਂ ਧਾਰਮਿਕ ਆਗੂਆਂ ਦੀ ਇਸ ਸਥਿਤੀ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਭੰਡਿਆ ਅਤੇ ਪਰਾਏ ਹੱਕ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਾਸਤੇ ਹੀ ਮੁਰਦਾਰ ਜਾਂ ਕ੍ਰਮਵਾਰ ਗਊ ਤੇ ਸੂਰ ਖਾਣਾ ਦਸਿਆ -

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ
ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ।"

(ਆਦਿ ਗ੍ਰੰਥ - ਪੰਨਾ 141)

ਜਦੋਂ ਜਨਤਾ ਨੂੰ ਗਿਆਨ ਦੀਆਂ ਕਿਰਨਾਂ ਨਾਲ ਰੁਸ਼ਨਾਉਣ ਵਾਲੇ ਹੀ ਕੁਕਰਮਾਂ ਤੇ ਅਗਿਆਨਤਾ ਦਾ ਖੁਦ ਸ਼ਿਕਾਰ ਹੋ ਜਾਣ ਤਾਂ ਜਨਤਾ ਦਾ ਢਹਿੰਦੀਆਂ ਕਲਾਂ ਵਲ ਚਲੇ ਜਾਣਾ ਬੜਾ ਸੁਭਾਵਕ ਹੁੰਦਾ ਹੈ । ਉਸ ਵਕਤ ਜਨਤਾ ਵਿਚ ਆਈ ਆਚਰਨਹੀਣਤਾ ਅਤੇ ਆਦਰਸ਼ਹੀਣਤਾ ਦਾ ਚਿੱਤਰ ਗੁਰੂ ਸਾਹਿਬ ਇਸ ਤਰ੍ਹਾਂ ਖਿਚਦੇ ਹਨ -

ਰੰਨਾ ਹੋਈਆਂ ਬੋਧੀਆਂ ਪੁਰਸ਼ ਹੋਏ ਸਈਆਦ
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ
ਸਰਮੁ ਗਇਆ ਘਰ ਆਪਣੈ ਪਤਿ ਉਠਿ ਚਲੀ ਨਾਲਿ
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ"

(ਆਦਿ ਗ੍ਰੰਥ ਪੰਨਾ 1242)

ਪੁਜਾਰੀਆਂ ਦੀ ਹਾਲਤ ਤਾਂ ਬਹੁਤ ਹੀ ਖਰਾਬ ਸੀ। ਉਨ੍ਹਾਂ ਨੂੰ ਤਾਂ ਆਪਣੇ ਧਰਮ ਬਾਰੇ ਪੂਰਨ ਵਾਕਫੀਅਤ ਹੀ ਨਹੀਂ ਸੀ। ਉਹ ਹਰ ਧਰਮ ਨੂੰ ਨਿਜੀ ਸੁੱਖਾਂ ਤੇ ਦ੍ਰਿਸ਼ਟੀਕੋਣ ਤੋਂਵੇਖਕੇ ਬਾਹਰੀ ਤੌਰ ਤੇ ਅਪਣਾ ਲੈਂਦੇ ਸਨ। ਇਸ ਪਤਨਮਈ ਹਾਲਤ ਦਾ ਵਰਣਨ ਗੁਰੂ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ -

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।।

(ਆਦਿ ਗ੍ਰੰਥ - ਪੰਨਾ 471)

ਗੁਰੂ ਸਾਹਿਬ ਨੇ ਇਨ੍ਹਾਂ ਬ੍ਰਾਹਮਣਾਂ ਦੇ ਫੋਕਟ ਕਰਮ ਕਾਂਡ ਅਤੇ ਇਨ੍ਹਾਂ ਵਲੋਂ ਵਿਦਵਾਨ ਹੋਣ ਦੇ ਬੰਨ੍ਹੇ ਝੂਠੇ ਦਾਵਿਆਂ ਤੇ ਵਿਅੰਗ ਕਰਦੇ ਲਿਖਿਆ ਹੈ -

"ਪੜਿ ਪੁਸਤਕ ਸੰਧਿਆ ਬਾਦੰ
ਸਿਲ ਪੂਜਸਿ ਬਗੁਲ ਸਮਾਧੰ
ਮੁਖਿ ਝੂਠ ਬਿਭੂਖਣ ਸਾਰੰ
ਤ੍ਰੈਪਾਲ ਤਿਹਾਲ ਬਿਚਾਰੰ
ਗਲਿ ਮਾਲਾ ਤਿਲਕੁ ਲਿਲਾਟੰ
ਦੁਇ ਧੋਤੀ ਬਸਤ੍ਰ ਕਪਾਟੰ
ਜੇ ਜਾਣਸਿ ਬ੍ਰਹਮੰ ਕਰਮੰ
ਸਭ ਫੋਕਟ ਨਿਸਚਉ ਕਰਮੰ "

(ਆਦਿ ਗ੍ਰੰਥ- ਪੰਨਾ 470)

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

"ਸਾਸਤੁ ਬੇਦ ਪੁਰਾਣ ਪੜ੍ਹੰਤਾ
ਪੂਕਾਰੰਤਾ ਅਜਾਣੰਤਾ
ਜਾ ਬੂਝੈ ਤਾਂ ਸੂਝੈ ਸੋਈ
ਨਾਨਕੁ ਆਖੈ ਕੂਕ ਨਾ ਹੋਈ ॥"

(ਆਦਿ ਗ੍ਰੰਥ ਪੰਨਾ 1242)

"ਵਾਚਹਿ ਪੁਸਤਕ ਵੇਦ ਪੁਰਾਨਾਂ
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ "

(ਆਦਿ ਗ੍ਰੰਥ-ਪੰਨਾ 1043)

ਉਸ ਵੇਲੇ ਦੇ ਪੰਡਤਾਂ ਤੇ ਗਿਆਨੀਆਂ ਦੀ ਦਸ਼ਾ ਨੂੰ ਗੁਰੂ ਸਾਹਿਬ ਨੇ ਬਿਆਨ ਕੀਤਾ ਹੈ, ਜਿਹੜੇ ਕਿ ਫੋਕੀਆਂ ਦਲੀਲਬਾਜ਼ੀਆਂ ਲਈ ਵੇਦਾਂ ਸ਼ਾਸ਼ਤਰਾਂ ਨੂੰ ਅਧਾਰ ਬਣਾਉਂਦੇ ਸਨ ਪਰ ਉਨ੍ਹਾਂ ਉਤੇ ਚਲਣ ਦਾ ਨਾਂ ਤਕ ਨਹੀਂ ਸੀ ਲੈਂਦੇ। ਗੁਰੂ ਜੀ ਸੱਚੇ ਬ੍ਰਾਹਮਣਾਂ ਦੇ ਗੁਣਾਂ ਨੂੰ ਦੱਸਦੇ ਹਨ ਕਿ ਜਪ ਤਪ, ਸੰਜਮ, ਸੰਤੋਖ ਅਤੇ ਬ੍ਰਹਮ ਦੇ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਵਿਅੱਕਤੀ ਹੀ ਸੱਚਾ ਬ੍ਰਾਹਮਣ ਹੋ ਸਕਦਾ ਹੈ -

"ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮ
ਜਪੁ ਤਪੁ ਸੰਜਮ ਕਮਾਵੈ ਕਰਮ
ਸੀਲ ਸੰਤੋਖ ਕਾ ਰਖੈ ਧਰਮ
ਬੰਧਨ ਤੋੜੈ ਹੋਵੈ ਮੁਕਤੁ
ਸੋਈ ਬ੍ਰਾਹਮਣ ਪੂਜਣ ਜੁਗਤੁ "

( ਆਦਿ ਗ੍ਰੰਥ-ਪੰਨਾ 141)

ਬ੍ਰਾਹਮਣਾਂ ਨੇ ਆਪਣੇ ਧਰਮ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਕੋਸ਼ਿਸ਼ਾਂ ਵਿਚੋਂ ਇਹ ਸੀ ਧਰਮ ਦੇ ਨਿਯਮਾਂ ਨੂੰ ਹੋਰ ਕਰੜਾ ਕਰਨਾ। ਜਾਤ ਪਾਤ ਦੇ ਮਸਲੇ ਵਿੱਚ ਉਹ ਪਹਿਲਾਂ ਤੋਂ ਵਧੇਰੇ ਤੰਗ ਦਿਲ ਹੋ ਗਏ, ਕਿਉਂਕਿ ਇਸ ਤਰ੍ਹਾਂ ਦੀ ਤੰਗਦਿਲੀ ਉਨ੍ਹਾਂ ਦੀ ਗੱਦੀ ਨੂੰ ਹੋਰ ਪੱਕਿਆਂ ਕਰਦੀ ਸੀ। ਸ੍ਰੀ ਯੂਸਫ ਹੁਸੈਨ ਇਸ ਗਲ ਦੀ ਹਾਮੀ ਭਰਦੇ ਹੋਏ ਲਿਖਦੇ ਹਨ -

"The High Caste Brahmins who had previously been deprived of their privileges, soon consolidated their hold by making the caste system more rigid for the greater the multiplication of the castes, the more was their position secure *and undispensables

* ਸਰ ਯੂਸਫ ਹੁਸੈਨ ਦੀ ' 'ਗਲਿੰਪਸਜ਼ ਆਫ ਮਿਡੀਵਲ ਇੰਡੀਅਨ ਕਲਚਰ' ਪੰਨਾ 126.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਹਿੰਦੂ ਧਰਮ ਅਤੇ ਇਸਲਾਮ ਧਰਮ ਵਿਚ ਇਕ ਰਵਾਇਤ ਪ੍ਰਚਲਤ ਸੀ ਕਿ ਇਸ ਧਰਤੀ ਨੂੰ ਬਲਦ ਨੇ ਸਿੰਗਾਂ ਉਪਰ ਚੁਕਿਆ ਹੋਇਆ ਹੈ। ਲੋਕ ਅੰਧ ਵਿਸ਼ਵਾਸ਼ ਵਿਚ ਫਸੇ ਹੋਏ ਸਨ ਤੇ ਅਸਲੀ ਧਰਮ ਤੋਂ ਦੂਰ ਹੁੰਦੇ ਜਾ ਰਹੇ ਸਨ। ਠੱਗ ਕਿਸਮ ਦੇ ਧਰਮ ਆਗੂ ਇਹੋ ਜਿਹੀਆਂ ਮਨ ਘੜਤ ਰਵਾਇਅਤਾਂ ਦੇ ਆਧਾਰ ਉਪਰ ਭੋਲੀ ਭਾਲੀ ਜਨਤਾ ਨੂੰ ਲੁਟ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਵਿਗਿਆਨਕ ਸਿੱਟੇ ਕੱਢੇ ਤੇ ਲੋਕਾਂ ਦੀਆਂ ਅੱਖਾਂ ਖੋਲਣ ਲਈ ਕਿਹਾ ਕਿ ਇਹ ਮਨ ਘੜਤ ਰਵਾਇਤਾਂ ਹਨਇਨ੍ਹਾਂ ਵਿਚ ਵਿਸ਼ਵਾਸ਼ ਨਹੀ ਕਰਨਾ ਚਾਹੀਦਾ ਇਹ ਧਰਤੀ ਪਰਮਾਤਮਾ ਦੇ ਨਿਯੰਤਰਣ ਵਿਚ ਹੈ,ਇਸ ਧਰਤੀ ਦੇ ਹੇਠ ਕੋਈ ਬਲਦ ਨਹੀ ਖੜਾ। ਜੇ ਇਹ ਸੱਚ ਹੈ ਤਾਂ ਉਹ ਬਲਦ ਥੱਲੇ ਵੀ ਕੋਈ ਸਹਾਰਾ ਹੋਵੇਗਾ ਕਿਉਂਕਿ ਜੇ ਇਸ ਧਰਤੀ ਨੂੰ ਕਿਸੇ ਸਹਾਰੇ ਦੀ ਲੋੜ ਹੈ ਤਾਂ ਬਲਦ ਦੇ ਥੱਲੇ ਵੀ ਕੋਈ ਨਾ ਕੋਈ ਧਰਤੀ ਜ਼ਰੂਰ ਹੋਵੇਗੀ ਫਿਰ ਅਗੇ ਹੀ ਅਗੇ ਕੁਝ ਨਾ ਕੁਝ ਹੋਵੇਗਾ। ਇਸ ਤਰ੍ਹਾਂ ਇਹ ਸਿਲਸਿਲਾ ਖਤਮ ਨਹੀ ਹੋ ਸਕਦਾ। ਇਸ ਵਹਿਮ ਨੂੰ ਲੋਕਾਂ ਦੇ ਦਿਲਾਂ ਵਿਚੋਂ ਕੱਢਣ ਲਈ ਆਪ ਨੇ ਫੁਰਮਾਇਆ -

"ਧੌਲੁ ਧਰਮੁ ਦਇਆ ਕਾ ਪੂਤੁ
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।
ਜੇ ਕੋ ਬੁਝੈ ਹੋਵੈ ਸਚਿਆਰੁ
ਧਵਲੈ ਉਪਰਿ ਕੇਤਾ ਭਾਰੁ
ਧਰਤੀ ਹੋਰੁ ਪਰੈ ਹੋਰੁ ਹੋਰੁ
ਤਿਸ ਤੇ ਭਾਰੁ ਤਲੈ ਕਵਣੁ ਜੋਰੁ ।"

ਗੁਰੂ ਨਾਨਕ ਦੇਵ ਦੇ ਸਮੇਂ ਦੇ ਸਮਾਜਿਕ ਜੀਵਨ ਕਈ ਤਰ੍ਹਾਂ ਦੇ ਸੰਸਕਾਰਾਂ ਅਤੇ ਕਈ ਤਰ੍ਹਾਂ ਦੀਆਂ ਰਹੁ-ਰੀਤੀਆਂ ਵਿਚ ਗ੍ਰਸਿਆ ਹੋਇਆ ਸੀ। ਲੋਕ ਵਰਤਮਾਨ ਨਾਲੋਂ ਅਤੀਤ ਨਾਲ ਵਧੇਰੇ ਬਝੇਹੋਏ ਸਨ। ਉਨ੍ਹਾਂ ਦੀਆਂ ਸਾਰੀਆਂ ਸੋਚਾਂ,ਭਾਵਨਾਵਾਂ ਤੇ ਵਿਚਾਰਾਂ ਉਤੇ ਸਦੀਆਂ ਤੋਂ ਚਲੀਆਂ ਆ ਰਹੀਆਂ ਪਰੰਪਰਾਵਾਂ ,ਸੰਸਕਾਰਾਂ ਤੇ ਰਹੁ-ਰੀਤੀਆਂ ਦੀ ਛਾਪ ਸੀ। ਲੋਕ ਪਿਪਲ,ਤੁਲਸੀ ਤੇ ਹੋਰ ਕਈ ਬ੍ਰਿਛਾਂ ਦੀ ਪੂਜਾ ਕਰਦੇ ਸਨ,

ਜਿਵੇਂ - "ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।"

(ਆਦਿ ਗ੍ਰੰਥ- ਪੰਨਾ 1171)

ਪਸ਼ੂਆਂ ਵਿਚੋਂ ਗਊ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਸੀ ਤੇ ਉਸ ਦੀ ਪੂਜਾ ਵੀ ਕੀਤੀ ਜਾਂਦੀ ਸੀ - "ਜਿਉ ਗਾਈ ਕਉ ਗੋਇਲੀ।।" (ਆਦਿ ਗ੍ਰੰਥ ਪੰਨਾ 228)

"ਥਾਪਿਆ ਨਜ ਜਾਇ ਕੀਤਾ ਨ ਹੋਇ"

ਇਸ ਤੋਂ ਪਤਾ ਲਗਦਾ ਹੈ ਕਿ ਲੋਕ ਉਸ ਸਮੇਂ ਪਰਮਾਤਮਾ ਨੂੰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਉਸ ਵਿਚ ਪਰਮਾਤਮਾ ਥਾਪਦੇ ਸੀ। ਉਸ ਸਮੇਂ ਬੁਤ ਪੂਜਾ ਹੁੰਦੀ ਸੀ। ਜਿਵੇਂ -

"ਪਾਥਰੁ ਲੈ ਪੂਜਹਿ ਮੁਗਧ ਗਵਾਰ
ਓਹਿ ਡੂਬੇ ਤੁਮ ਕਹਾ ਤਰਣਹਾਰੁ "

(ਆਦਿ ਗ੍ਰੰਥ-ਪੰਨਾ 556)

ਉਹ ਸਮਝਦੇ ਸੀ ਕਿ ਇਹ ਮੂਰਤੀਆਂ ਸਾਨੂੰ ਤਾਰ ਦੇਣਗੀਆਂ। ਇਨ੍ਹਾਂ ਨੂੰ ਖੁਸ਼ ਕਰਨ ਲਈ ਉਹ ਕਈ ਨਾਚ ਗਾਣੇ ਕਰਦੇ ਸੀ। ਇਨ੍ਹਾਂ ਦੇਵੀਆਂ ਬਾਰੇ ਗੁਰੂ ਜੀ ਇਸ ਤਰ੍ਹਾਂ ਲਿਖਦੇ ਹਨ- "ਦੇਵੀ ਦੇਵ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ"

(ਆਦਿ ਗ੍ਰੰਥ-ਪੰਨਾ 636)

ਤੇ ਰਿਸ਼ੀਆਂ ਮੁਨੀਆਂ ਬਾਰੇ -

"ਬ੍ਰਹਮਾਂ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।"

(ਆਦਿ ਗ੍ਰੰਥ-ਪੰਨਾ 992)

ਉਸ ਸਮੇਂ ਦੇ ਲੋਕ ਕਰਮਾਂ ਉਪਰ ਬਹੁਤ ਵਿਸ਼ਵਾਸ਼ ਕਰਦੇ ਸਨ। ਇਨ੍ਹਾਂ ਕਰਮਾਂ ਬਾਰੇ ਗੁਰੂ ਜੀ ਇਸ ਤਰ੍ਹਾਂ ਲਿਖਦੇ ਹਨ-

"ਆਪੇ ਬੀਜਿ ਆਪੇ ਹੀ ਖਾਹੁ "
"ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ"
="ਪੁੰਨੀ ਪਾਪੀ ਆਖਣੁ ਨਾਹਿ
ਕਰਿ ਕਰਿ ਕਰਣਾ ਲਿਖਿ ਲੈ ਜਾਹੁ।"

ਲੋਕ ਆਪਣੇ ਕਰਮ ਠੀਕ ਜਾਂ ਮੁਸੀਬਤ ਨੂੰ ਟਾਲਣ ਲਈ ਜੋਤਸ਼ੀਆਂ ਕੋਲੋਂ ਉਪਾਅ ਵੀ ਕਰਾਉਂਦੇ ਸਨ, ਜਿਵੇਂ -

"ਗਾਵਿ ਗਾਵਿ ਜੋਤਕੁ ਕਾਂਡੀ ਕੀਨੀ "

(ਆਦਿ ਗ੍ਰੰਥ-ਪੰਨਾ 904)

ਵਿਆਹ ਸਮੇਂ ਦਾਜ ਦੀ ਪ੍ਰਥਾ ਸੀ-

"ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ ਜਾਣਹੁ ਨਾਰੀ"

(ਆਦਿ ਗ੍ਰੰਥ-ਪੰਨਾ 1171)

ਨੂੰ ਸੱਸ ਦਾ ਨਿਤ ਦਾ ਕਲੇਸ ਰਹਿੰਦਾ ਸੀ -

"ਸਾਸੁ ਬੁਰੀ ਘਰਿ ਵਾਸੁ ਨਾ ਦੇਵੈ

ਪਿਰੁ ਸਿਉ ਮਿਲਣ ਨ ਦੇਈ ਬੁਰੀ।"

ਬਿਮਾਰੀ ਸਮੇਂ ਸਿਆਣੇ ਸਿਆਣੇ ਵੈਦਾਂ ਨੂੰ ਬੁਲਾਇਆ ਜਾਂਦਾ ਸੀ, ਜਿਵੇਂ

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ "

ਕੁਝ ਲੋਕ ਜੰਤਰਾਂ ਮੰਤਰਾਂ ਵਿਚ ਵੀ ਵਿਸ਼ਵਾਸ਼ ਰਖਦੇ ਸਨ ਤੇ ਉਹ ਫੂਕ ਨਾਲ ਜਾਂ ਮੰਤਰ ਪੜ੍ਹ ਕੇ ਠੀਕ ਕਰਦੇ ਸਨ, ਜਿਵੇਂ -

"ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ
ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ "

(ਆਦਿ ਗ੍ਰੰਥ, ਪੰਨਾ 1245)

ਤੀਰਥ ਇਸ਼ਨਾਨ ਨੂੰ ਉਸ ਸਮੇਂ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ। ਲੋਕ ਸਮਝਦੇ ਸਨ ਕਿ ਇਸ਼ਨਾਨ ਕਰਨ ਨਾਲ ਸਭ ਪਾਪ ਝੜ ਜਾਂਦੇ ਹਨ ਤੇ ਮਨੁੱਖ ਪਵਿੱਤਰ ਹੋ ਜਾਂਦਾ ਹੈ ਗੁਰੂ ਜੀ ਨੇ ਤੀਰਥਾਂ ਦੇ ਇਸ਼ਨਾਨ ਕਰਨ ਵਾਲਿਆਂ ਬਾਰੇ ਇਸ ਤਰ੍ਹਾਂ ਕਿਹਾ ਹੈ -

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ "

(ਆਦਿ ਗ੍ਰੰਥ- ਪੰਨਾ 687)

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ "

(ਆਦਿ ਗ੍ਰੰਥ- ਪੰਨਾ 472)

"ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ"

(ਆਦਿ ਗ੍ਰੰਥ- ਪੰਨਾ 598)

"ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ .......

. .......... ..........

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ "

(ਆਦਿ ਗ੍ਰੰਥ- ਪੰਨਾ 789)

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ,
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ

(ਆਦਿ ਗ੍ਰੰਥ- ਪੰਨਾ 473)

"ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ"

(ਆਦਿ ਗ੍ਰੰਥ- ਪੰਨਾ 612)

ਤੀਰਥ ਇਸ਼ਨਾਨ ਵੇਲੇ ਹਿੰਦੂ ਪੁੰਨ ਦਾਨ ਵੀ ਬੜਾ ਚੰਗਾ ਸਮਝਦੇ ਸਨ, ਪਰ ਸੰਸਕਾਰਾਂ ਤੇ ਹੋਰ ਰੀਤੀਆਂ ਸਮੇਂ ਦਾਨ ਦੀ ਬਹੁਤੀ ਮਾਤਰਾ ਪੰਡਤ ਲੈ ਜਾਂਦੇ ਸਨ ਤੇ ਲੋੜਵੰਦ ਦੇ ਮੂੰਹ ਘਟ ਹੀ ਜਾਂਦਾ ਸੀ। ਦਾਨ ਸਮੇਂ ਉਮੀਦ ਕੀਤੀ ਜਾਂਦੀ ਸੀਕਿ ਇਹ ਅਗਲੇ ਸਮੇਂ ਦਾਨੀ ਨੂੰ ਮੁੜ ਪ੍ਰਾਪਤ ਹੋਵੇਗਾ। ਪਰ ਅਜਿਹਾ ਦਾਨ ਤਾਂ ਹਉਮੈ ਉਪਜਾਂਦਾ ਸੀ।ਇਹੋ ਜਿਹੇ ਦਾਨ ਬਾਰੇ ਗੁਰੂ ਜੀ ਨੇ ਕਿਹਾ -

"ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ"

"ਦਇਆ ਜਾਣੈ ਜੀਅ ਕੀ,ਕਿਛੁ ਪੁੰਨੁ ਦਾਨੁ ਕਰੇਇ।"

(ਆਦਿ ਗ੍ਰੰਥ- ਪੰਨਾ 468)

ਬ੍ਰਾਹਮਣਾਂ ਦੇ ਬਾਹਰਲਾ ਪਹਿਰਾਵਾ ਬੇਸ਼ਕ ਸਾਫ ਸੁਥਰਾ ਹੁੰਦਾ ਸੀ ਪਰ ਇਹ ਬਾਹਰਲਾ ਪਖੰਡ ਹੀ ਸੀ ਵਿਚੋਂ ਤਾਂ ਉਹ ਲੋਕਾਂ ਨੂੰ ਦੁਖੀ ਕਰਦੇ ਸਨ।ਬ੍ਰਾਹਮਣਾਂ ਦਾ ਪਹਿਰਾਵਾ ਇਸ ਤਰ੍ਹਾਂ ਸੀ -

"ਧੋਤੀ ਟਿੱਕਾ ਤੇ ਜਪਮਾਲੀ ......"

"ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ<br>ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ"

(ਆਦਿ ਗ੍ਰੰਥ- ਪੰਨਾ 78(

ਇਸ ਸਾਰੇ ਪਹਿਰਾਵੇ ਦੀ ਗੁਰੂ ਜੀ ਨੇ ਇਸ ਤਰ੍ਹਾਂ ਤੁਲਨਾ ਦਿੱਤੀ ਹੈ -

"ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ<br>ਘੁਟਿ ਘੁਟਿ ਜੀਆ ਖਾਵਣੇ ਬੇਗ ਕਹੀਅਨਿ।"

ਬ੍ਰਾਹਮਣ ਲੋਕ ਚੁਲੇ ਦੀ ਪਵਿੱਤਰਤਾ ਰਖਦੇ ਸਨ ਤੇ ਇਸ ਦੇ ਨੇੜੇ ਕਿਸੇ ਨੀਵੀਂ ਜਾਤੀ ਵਾਲੇ ਨੂੰ ਨਹੀਂ ਸੀ ਲਗਣ ਦੇਂਦੇ ਤੇ ਸੁੱਚ ਭਿੱਟ ਰਖਦੇ ਸੀ,ਜਿਵੇਂ ਕਿ

"ਦੇ ਕੇ ਚਉਕਾ ਕਢੀ ਕਾਰ,ਉਪਰਿ ਆਇ ਬੈਠੇ ਕੂੜਿਆਰ<br>ਮਤੁ ਭਿਟੈ ਵੇ ਮਤੁ ਭਿਟੈ, ਇਹੁ ਅੰਨੁ ਅਸਾਡਾ ਫਿਟੈ ॥"

ਉਸ ਸਮੇਂ ਸਮਾਜ ਵਿਚ ਲੋਕ ਨਸ਼ਾ ਵੀ ਕਰਦੇ ਸਨ,ਜਿਵੇਂ -

"ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।"

(ਆਦਿ ਗ੍ਰੰਥ- ਪੰਨਾ 360)

"ਇਤੁ ਮਦਿ ਪੀਤੈ ਨਾਨਕਾ,ਬਹੁਤੇ ਖਟੀਅਹਿ ਬਿਕਾਰ।"

(ਆਦਿ ਗ੍ਰੰਥ- ਪੰਨਾ 553)

## ਜੋਗੀਆਂ ਬਾਰੇ

ਗੁਰੂ ਸਾਹਿਬ ਸਮੇਂ ਇਕ ਧਾਰਮਿਕ ਸੰਪਰਦਾ ਜੋਗੀਆਂ ਦੀ ਸੀ। ਇਸ ਦਾ ਜਨਤਾ ਉਤੇ ਬਹੁਤ ਅਸਰ ਸੀ। ਪਰ ਸਮੇਂ ਦੀ ਸਮੁੱਚੀ ਅਧੋਗਤੀ ਦੀ ਅਵਸਥਾ ਕਾਰਨ ਜੋਗੀ ਵੀ ਆਪਣੇ ਅਸਲੀ ਨਿਸ਼ਾਨੇ ਤੋਂ ਡਿਗ ਚੁਕੇ ਸਨ। ਇਹ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਭੱਜੇ ਹੋਏ, ਜਬਰ ਜ਼ੁਲਮ ਦੇ ਖਿਲਾਫ ਆਵਾਜ਼ ਉਠਾਉਣ ਦੀ ਸਮਰਥਾ ਨਾ ਰਖਦੇ ਹੋਏ, ਕੁਝ ਵੀ ਕੋਲ ਨਾ ਹੋਣ ਤੇ ਆਪਣੀ ਮੁਕਤੀ ਪ੍ਰਾਪਤੀ ਦਾ ਦਿਖਾਵਾ ਕਰਦੇ ਹੋਏ ਅਤੇ ਸਮਾਜਿਕ ਧੰਦਿਆਂ ਤੋਂ ਕਿਨਾਰਾ ਕਰਚੁਕੇ ਇਨਸਾਨਾਂ ਨੂੰ ਆਮ ਜਨਤਾ ਨਾਲੋਂ ਉੱਚੇ ਹੋਣ ਦਾ ਅਹਿਸਾਸ ਦਿਵਾਉਂਦੇ ਸਨ। ਉਸ ਸਮੇਂ ਦੇ ਜੋਗੀਆਂ ਦੀ ਅਸਲੀਅਤ ਦਾ ਪਾਜ ਗੁਰੂ ਜੀ ਨੇ ਇਸ ਤਰ੍ਹਾਂ ਉਘਾੜਿਆ ਹੈ -

"ਜੋਗੀ ਜੋਗੀ ਕਾਪੜੀ, ਕਿਆ ਭਵਿਹ ਦਿਸੰਤਰ
ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰੁ ਨਿਰੰਤਰ
ਇਕ ਤਪਸੀ ਬਨ ਮਹਿ ਤਪੁ ਕਰਹਿ, ਨਿਤ ਤੀਰਥ ਵਾਸਾ
ਆਪੁ ਨ ਚੀਨਹਿ ਤਾਪਸੀ, ਕਾਹੇ ਭਏ ਉਦਾਸਾ॥"

(ਆਦਿ ਗ੍ਰੰਥ-ਪੰਨਾ 419)

ਜੋਗੀ ਤੇ ਸਰੇਵੜੇ ਆਦ ਫਜ਼ੂਲ ਰਟਨ ਕਰਦੇ ਸਨ ਅਤੇ ਅਸਲੀ ਨਾਮ ਨੂੰ ਪਛਾਣਦੇ ਹੀ ਨਹੀਂ ਸਨ। ਉਹ ਲੋਕ ਅੰਦਰ ਵਸਦੇ ਪਰਮਾਤਮਾ ਨੂੰ ਬਾਹਰੋਂ ਲਭਣ ਦਾ ਯਤਨ ਕਰਦੇ ਸਨ। ਅਜਿਹੇ ਲੋਕਾਂ ਦਾ ਪਿੰਡੇ ਤੇ ਖ਼ਾਕ ਛਾਣ ਛਾਣ ਕੇ ਮਲਣ ਦਾ ਵਿਰੋਧ ਕਰਕੇ ਗੁਰੂ ਜੀ ਉਨ੍ਹਾਂ ਨੂੰ ਮਾਇਆ ਤਿਆਗਣ ਲਈ ਕਹਿੰਦੇ ਸਨ। ਬਾਹਰੀ ਸਰੀਰ ਨੂੰ ਧੋਣ, ਖੁਆਰਨ ਨਾਲੋਂ ਝੂਠ, ਕਪਟ, ਧੋਖਾ ਮਕਰ ਤੇ ਫਰੇਬ ਉਤੇ ਪੋਚਾ ਫੇਰਨ ਲਈ ਕਹਿੰਦੇ ਸਨ, ਹੱਠ ਤੱਪ, ਵਰਤ, ਨੇ ਮ ਦੀ ਥਾਂ ਮਨ ਦੀ ਪਵਿੱਤ੍ਰਤਾ ਨਾਲ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਨੂੰ ਵਸ ਵਿਚ ਕਰਨ ਦੀ ਪ੍ਰੇਰਨਾ ਦਿੰਦੇ ਹਨ -

"ਛਾਣੀ ਖਾਕੁ ਬਿਭੂਤ ਚੜਾਈ ਮਾਇਆ ਮਗੁ ਜੋ ਹੈ
ਅੰਤਹਿ ਬਾਹਰਿ ਏਕ ਨ ਜਾਣੈ ਸਾਚੁ ਕਹੇ ਤੇ ਛੋਹੈ
ਪਾਠੁ ਪੜੈ, ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿਊ ਹੈ
ਨਾਮੁ ਨਾ ਜਪਈ ਕਿਉਂ ਸੁਖ ਪਾਵੇ ਬਿਨ ਨਾਵੈ ਕਿਉਂ ਸੋਹੈ।"

(ਆਦਿ ਗ੍ਰੰਥ-ਪੰਨਾ 1013)

"ਹਠੁ ਨਿਗ੍ਰਹੁ ਕਰਿ ਕਾਇਆ ਛੀਜੈ,
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ"

(ਆਦਿ ਗ੍ਰੰਥ-ਪੰਨਾ 905)

ਉਸ ਸਮੇਂ ਜੋਗੀ ਰੂਪੋਂ ਕਰੂਪ ਹੋ ਕੇ ਅਰਥਾਤ ਘੋਨ ਮੋਨ ਕਰਵਾ ਕੇ ਵਾਲਾਂ ਦੀਆਂ ਜਟਾਂ ਬਣਾ ਕੇ ਵੀ ਕਾਮ ਦੀ ਭਾਵਨਾ ਮਿਟਾਉਣਾ ਚਾਹੁੰਦੇ ਸਨ। ਇਨ੍ਹਾਂ ਬਾਹਰੀ ਸਰੀਰਕ ਕਿਰਿਆਵਾਂ ਨਾਲ ਮਨ ਵਿਚ ਸਬਰ ਤੇ ਸ਼ਾਂਤੀ ਪੈਦਾ ਹੋਣ ਦੀ ਥਾਂ ਹੰਕਾਰ ਪੈਦਾ ਹੋ ਜਾਂਦਾ ਸੀ। ਇਸ ਕਰਕੇ ਇਸ ਵੇਸ ਦਾ ਕੋਈ ਲਾਭ ਨਹੀਂ ਸੀ-

"ਮੂੰਡਿ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ
ਮਨੂਆ ਡੋਲੈ ਦਹ ਦਿਸ ਧਾਵੈ ਬਿਨ ਰਤ ਆਤਮ ਗਿਆਨਾ।"

(ਆਦਿ ਗ੍ਰੰਥ- ਪੰਨਾ 1013)

"ਬਾਹਰ ਭਸਮ ਲੇਪਟ ਕਰੇ ਅੰਤਰਿ ਗੁਬਾਰੀ
ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ
ਸਾਹਿਬ ਸਬਦ ਨ ਊਚਰੈ ਮਾਇਆ ਮੋਹ ਪਸਾਰੀ
ਅੰਤਰ ਲਾਲਚ ਭਰਮ ਹੈ ਭਰਮੈ ਗਾਵਾਰੀ
ਨਾਨਕ ਨਾਮ ਨ ਚੇਤਈ ਜੂਐ ਬਾਜੀ ਹਾਰੀ।"

(ਆਦਿ ਗ੍ਰੰਥ- ਪੰਨਾ 1243)

ਦੁਨੀਆਂ ਦੀਆਂ ਮੁਸੀਬਤਾਂ ਤੇ ਘੋਲਾਂ ਤੋਂ ਤੰਗ ਆ ਕੇ ਜਾਂ ਜੀਵਨ ਦੀਆਂ ਜ਼ਿੰਮੇਵਾਰੀਆਂ ਚੰਗੀ ਤਰ੍ਹਾਂ ਨਾ ਨਿਭਾ ਸਕਣ ਕਰਕੇ ਉਸ ਸਮੇਂ ਇਨਸਾਨ ਕੰਨ ਪੜਵਾ ਕੇ ਸਾਧੂ ਬਣ ਜਾਂਦੇ ਸਨ। ਫਕੀਰੀ ਦੇ ਲਿਬਾਸ ਹੇਠ ਅਕਸਰ ਬੁਰਾਈਆਂ ਨੂੰ ਲੁਕਾਇਆ ਜਾਂਦਾ ਸੀ। ਇਸ ਬਾਰੇ ਗੁਰੂ ਜੀ ਨੇ ਇਸ ਤਰ੍ਹਾਂ ਅਲੋਚਨਾ ਕੀਤੀ ਹੈ -

"ਮਖਟੂ ਹੋਇ ਕੈ ਕੰਨ ਪੜਾਏ
ਫਕਰ ਕਰੇ ਹੋਰੁ ਜਾਤਿ ਗਵਾਏ"

( ਆਦਿ ਗ੍ਰੰਥ- ਪੰਨਾ 1245)

"ਹਠੁ ਕਰ ਮਰੈ ਨ ਲੇਖੈ ਪਾਵੈ
ਵੇਸ ਕਰੈ ਬਹੁ ਭਸਮ ਲਗਾਵੈ "

(ਆਦਿ ਗ੍ਰੰਥ- ਪੰਨਾ 226)

ਅਸਲ ਜੋਗ ਦੇ ਲਛਣਾਂ ਬਾਰੇ ਗੁਰੂ ਜੀ ਇਸ ਤਰ੍ਹਾਂ ਦਰਸਾਉਂਦੇ ਹਨ-

"ਮੁੰਦਾ ਸੰਤੋਖ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤ।"
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ,
ਆਈ ਪੰਥੀ ਸਗਲ ਜਮਾਤੀ ਮਨ ਜੀਤੈ ਜਗਿ ਜੀਤੁ ।"

(ਆਦਿ ਗ੍ਰੰਥ- ਪੰਨਾ 6)

ਅਸਲ ਜੋਗੀ ਨੂੰ ਉਪਰੋਕਤ ਜੋਗ ਦਾ ਧਾਰਨੀ ਹੋਣ ਲਈ ਅਤੇ ਮਨੁੱਖੀ ਸਮਾਨਤਾ ਤੇ ਭਰਾਤਰੀ ਭਾਵ ਦੀ ਭਾਵਨਾ ਦਾ ਅਵਲੰਬੀ ਹੋਣ ਦੀ ਪ੍ਰੇਰਣਾ ਦਿੰਦੇ ਹਨ -

"ਸੋ ਜੋਗੀ ਜੋ ਜੁਗਤਿ ਪਛਾਣੈ, ਗੁਰ ਪ੍ਰਸਾਦੀ ਏਕੋ ਜਾਣੈ
ਜੋਗੀ ਹੋਵੈ ਜੋਗ ਵੇ ਭੋਗੀ ਹੋਵੈ ਖਾਇ
ਤਪੀਆ ਹੋਵੈ ਤਪੁ ਕਰੇ ਤੀਰਥ ਮਲਿ ਮਲਿ ਨਾਇ।"
(ਆਦਿ ਗ੍ਰੰਥ-ਪੰਨਾ 730)

ਗੁਰੂ ਸਾਹਿਬ ਨੇ ਜੋਗੀਆਂ ਦੇ ਬਾਹਰੀ ਲਿਬਾਸ ਬਾਰੇ ਬਿਆਨ ਕਰਦੇ ਹੋਏ ਲਿਖਿਆ ਹੈ -

"ਜੋਗੁ ਨ ਖਿੰਥਾ ਜੋਗੁ ਨਾ ਡੰਡੈ ਜੋਗੁ ਨਾ ਭਸਮ ਚੜ੍ਹਾਈਐ,
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨਾ ਸਿੰਙੀ ਵਾਈਐ "
(ਆਦਿ ਗ੍ਰੰਥ-ਪੰਨਾ 730)

ਸੋ ਨਿਮਰਤਾ ,ਆਤਮ ਸੁਚਿਤਾ ਅਤੇ ਪਰਮਾਤਮਾ ਨਾਲ ਇਕਸੁਰਤਾ ਰਖਣ ਵਾਲਾ ਵਿਅਕਤੀ ਹੀ ਸਹੀ ਅਰਥਾਂ ਵਿਚ ਜੋਗੀ ਬਣ ਸਕਦਾ ਹੈ। ਬਾਹਰੀ ਭੇਖ ਜੋ ਗੁਰੂ ਜੀ ਦੇ ਸਮੇ ਬਹੁਤ ਜ਼ੋਰਾਂ ਸ਼ੋਰਾਂ ਉਤੇ ਸੀ ਇਹ ਤਾਂ ਪਰਮਾਤਮਾ ਦੇ ਰਸਤੇ ਤੋਂ ਇਨਸਾਨ ਨੂੰ ਬਹੁਤ ਦੂਰ ਲੈ ਜਾਂਦੀਆਂ ਹਨ, ਕੇਵਲ ਅੰਦਰੂਨੀ ਉਚੇ ਤੇ ਪਾਵਨ ਗੁਣ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਆਧਾਰ ਬਣ ਸਕਦੇ ਸਨ।

## ਜੈਨ ਮਤ

ਗੁਰੂ ਸਾਹਿਬ ਦੇ ਵੇਲੇ ਪ੍ਰਚਲਿਤ ਇਕ ਬੁੱਧ ਮੱਤ ਸੀ ਅਤੇ ਉਸ ਨਾਲ ਮਿਲਦੀ ਜੁਲਦੀ ਇਕ ਹੋਰ ਧਾਰਮਿਕ ਸੰਪ੍ਰਦਾਇ ਜੈਨ ਮਤ ਸੀ। ਰਹਿਣੀ ਬਹਿਣੀ ਤੇ ਰੋਜ਼ਾਨਾ ਜੀਵਨ ਵਿਚ ਇਹ ਲੋਕ ਬਹੁਤ ਚੰਗੇ ਨਹੀ ਸਨ। ਇਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਧਰਮ ਪਥ-ਪ੍ਰਦਰਸ਼ਕ ਨਹੀ ਸਨ। ਨਿਮਰਤਾ ਪੈਦਾ ਕਰਨ ਲਈ ਅਤੇ ਹੰਕਾਰ ਮਾਰਨ ਲਈ ਇਹ ਲੋਕ ਆਪਣੀ ਸਰੀਰਕ ਸੁੰਦਰਤਾ ਨੂੰ ਕਰੂਪਤਾ ਵਿੱਚ ਪਰਿਵਰਤਿਤ ਕਰਲੈਂਦੇ ਸਨ। ਜੀਵ ਹਤਿਆ ਤੇ ਪਾਪ ਤੋ ਬੱਚਣ ਲਈ ਇਹ ਵਾਲ ਮੁਨਾਉਂਦੇ ,ਸਿਰ ਵਿਚ ਸੁਆਹ ਪਾਉਣੀ,ਗੰਦੇ ਪਾਣੀ ਪੀਣੇ,ਗੰਦ ਨੂੰ ਫੋਲ ਫੋਲ ਕੇ ਭੜਾਸਾਂ ਲੈਣੀਆਂ,ਮੂੰਹ ਉਤੇ ਪਟੀ ਬੰਨ੍ਹ ਕੇ ਰਖਣਾ ਤੇ ਕੰਮ ਕਾਰ ਵਿਚ ਤਿਆਗ ਸੰਨਿਆਸੀ ਬਣੇ ਹੋਏ ਸੀ। ਇਹ ਸਭ ਤਰੀਕੇ ਉਨ੍ਹਾਂ ਨੇ ਆਪਣੀਆਂ ਨਫਸਾਂ ਉਤੇ ਕਾਬੂ ਪਾਉਣ ਲਈ ਅਪਨਾਏ ਹੋਏ ਸਨ। ਇਸ ਸੰਪਰਦਾਇ ਦੇ ਘਿਰਣਾਯੋਗ ਕਾਰਨਾਮਿਆਂ ਉਤੇ ਗੁਰੂ ਜੀ ਨੇ ਇਸ ਤਰ੍ਹਾਂ ਰੋਸ਼ਨੀ ਪਾਈ ਹੈ -

"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ
ਫੋਲਿ ਫਦੀਹਤਿ ਮੁਹੀ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ "

(ਆਦਿ ਗ੍ਰੰਥ-ਪੰਨਾ 149)

ਇਨ੍ਹਾਂ ਧਰਮਾਂ ਦੀ ਹਾਲਤ ਇਤਨੀ ਜ਼ਿਆਦਾ ਨਿਘਰ ਗਈ ਸੀ ਕਿ ਇਹ ਲੋਕ "ਰੋਟੀਆਂ ਕਾਰਨ ਸਾਰੇ ਤਾਲ ਪੂਰਦੇ ਸਨ। ਗੁਰੂਆਂ ਦਾ ਅਸਰ ਚੇਲਿਆਂ ਤੇ ਵੀ ਭੈੜਾ ਪੈਣਾ ਸੁਭਾਵਕ ਸੀ। ਧਰਮ ਨੂੰ ਉਪਜੀਵਕਾ ਦਾ ਸਾਧਨ ਬਣਾਇਆ ਜਾਂਦਾ ਸੀ, ਮੇਲੇ ਲਗਦੇ, ਵੱਖ ਵੱਖ ਗੁਰੂ ਆਪਣੇ ਚੇਲਿਆਂ ਨਾਲ ਇਕੱਠੇ ਹੁੰਦੇ ਤੇ ਕਈ ਪ੍ਰਕਾਰ ਰੰਗ ਤਮਾਸ਼ੇ ਕਰਕੇ ਸਿਰਫ ਲੋਕਾਂ ਦੇ ਮਨ ਪਰਚਾਵੇ ਲਈ ਤੇ ਉਨ੍ਹਾਂ ਕੋਲੋਂ ਪੈਸੇ ਇਕੱਠੇ ਕਰਨ ਲਈ। ਇਸਲਈ ਧਰਮ ਇਕ ਤਮਾਸ਼ਾ ਬਣ ਕੇ ਰਹਿ ਗਿਆ ਸੀ, ਜਿਵੇਂ -

"ਵਾਇਨਿ ਚੇਲੇ ਨਚਨਿ ਗੁਰ
ਪੈਰ ਹਿਲਾਇਨਿ ਫੇਰਨਿ ਸਿਰ
ਉਡਿ ਉਡਿ ਰਾਵਾ ਝਾਟੈ ਪਾਇ
ਵੇਖੈ ਲੋਕੁ ਹਸੈ ਘਰਿ ਜਾਇ
ਰੋਟੀਆ ਕਾਰਣਿ ਪੂਰਹਿ ਤਾਲ
ਆਪੁ ਪਛਾੜਹਿ ਧਰਤੀ ਨਾਲਿ "

(ਆਦਿ ਗ੍ਰੰਥ-ਪੰਨਾ 464)

ਉਸ ਸਮੇਂ ਸਾਧਾਂ ਦੇ ਬੜੇ ਟੋਲੇ ਬਣੇ ਹੋਏ ਸਨ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਅਨੇਕ ਚੇਲੇ ਹੁੰਦੇ ਸਨ। ਬਾਹਰਲਾ ਦਰਸ਼ਨੀ ਪ੍ਰਭਾਵ ਰੱਖਣ ਵਾਲੇ ਅੰਦਰੋਂ ਆਤਮਿਕ ਗੁਣਾਂ ਤੋਂ ਖਾਲੀ ਹੁੰਦੇ ਸਨ। ਧਾਰਮਿਕ ਆਗੂਆਂ ਦੀ ਇਸ ਅਵਸਥਾਂ ਨੇ ਲੋਕਾਂ ਨੂੰ ਅਤਿ ਦੀ ਨਿਰਾਸਤਾ ਵਿਚ ਸੁੱਟ ਦਿੱਤਾ ਸੀ ਅਤੇ ਲੋਕ ਜੀਵਨ ਦੀਆਂ ਉੱਚੀਆਂ ਕੀਮਤਾਂ ਤੋਂ ਉਪਰਾਮ ਹੋ ਚੁੱਕੇ ਸਨ। ਗੁਰੂ ਸਾਹਿਬ ਧਾਰਮਿਕ ਆਗੂਆਂ ਦੀ ਗਿਰਾਵਟ ਅਤੇ ਉਨ੍ਹਾਂ ਲੋਕਾਂ ਦੀ ਉਪਰਾਮਤਾ ਦਾ ਦ੍ਰਿਸ਼ ਇਸ ਤਰ੍ਹਾਂ ਖਿਚਦੇ ਹਨ ,-

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।"

(ਆਦਿ ਗ੍ਰੰਥ-ਪੰਨਾ 470)

ਸਾਧੂਆਂ ਦੀ ਆਚਰਣਕ ਹਾਲਤ ਵੀ ਬੜੀ ਨਿਰਾਸ਼ਾਜਨਕ ਸੀ ਉਹ ਹਮੇਸ਼ਾ ਨਫਸ ਦੇ ਸ਼ਿਕਾਰ

ਕਰਦੇ ਅਤੇ ਬਾਹਰੀ ਤੇ ਅੰਦਰੂਨੀ ਤੌਰ ਤੇ ਹਮੇਸ਼ਾ ਵਿਭਿੰਨ ਤੇ ਵਖਰੇ ਹੁੰਦੇ ਸਨ -

"ਏਕੁ ਸੁਆਨੁ ਦੁਇ ਸੁਆਲੀ ਨਾਲਿ
ਭਲਕੇ ਭਉਕਹਿ ਸਦਾ ਬਇਆਲ
ਕੂੜੁ ਛੁਰਾ ਮੁਠਾ ਮੁਰਦਾਰੁ
ਧਾਣਕ ਰੂਪਿ ਰਹਾ ਕਰਤਾਰ "

(ਆਦਿ ਗ੍ਰੰਥ- ਪੰਨਾ 25)

ਭਾਈ ਗੁਰਦਾਸ ਨੇ ਵੀ ਉਸ ਵੇਲੇ ਦੇ ਧਾਰਮਿਕ ਆਗੂਆਂ ਦੀ ਪਤਨਮਈ ਹਾਲਤ ਨੂੰ ਬੜੇ ਕਲਾਮਈ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤਾ ਹੈ -

ਚਾਰ ਵਰਨ ਚਾਰਿ ਮਜ਼ਹਬਾਂ, ਜਗ ਵਿਚ ਹਿੰਦੂ ਮੁਸਲਮਾਣੇ
ਖੁਦੀ ਬਖੀਲੀ ਤਕਬਰੀ, ਖਿਚੋਤਾਨ ਕਰੇਨਿ ਧਿਙਾਣੇ
ਗੰਗਾ ਬਨਾਰਸਿ ਹਿੰਦੂਆਂ, ਮਕਾ ਕਾਬਾ ਮੁਸਲਮਾਣੇ
ਸੁੰਨਤਿ ਮੁਸਲਮਾਣ ਕੀ ਤਿਲਕ ਜੰਞੂ ਹਿੰਦੂ ਲੋਭਾਣੇ
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ
ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮੁਲਾਣੇ
ਸਿਰੋ ਨ ਮਿਟੈ ਆਵਣ ਜਾਣੇ ॥

(ਵਾਰ ੧, ਪਉੜੀ 21)

ਇਸ ਤਰ੍ਹਾਂ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਵਿਸ਼ਾਲ ਤੇ ਤੀਖਣ ਅਨੁਭਵ ਤੋਂ ਕੋਈ ਵੀ ਧਾਰਮਿਕ ਆਗੂ ਬ੍ਰਾਹਮਣ ਮੁਸਲਮਾਣ, ਜੋਗੀ, ਜੈਨੀ ਆਦਿ ਨਹੀ ਬਚ ਸਕਿਆ। ਗੁਰੂ ਜੀ ਨੇ ਸਭ ਧਾਰਮਿਕ ਆਗੂਆਂ ਦੀ ਨਿਘਰੀ ਹੋਈ ਹਾਲਤ ਦਾ ਵਿਸ਼ਲੇਸ਼ਨ ਕਰਕੇ ਉਨ੍ਹਾਂ ਦੇ ਪਾਖੰਡ ਤੇ ਕੁਰੀਤੀਆਂ ਤੋਂ ਪਰਦਾ ਲਾਹਿਆ। ਜਨਤਾ ਨੂੰ ਉਨ੍ਹਾਂ ਦੀਆਂ ਉਪਜੀਵਕਾ-ਪ੍ਰਾਪਤੀ ਲਈ ਪਰਸਾਰੀਆਂ ਫੋਕੀਆਂ ਰਸਮਾਂ ਰਾਵਾਇਤਾਂ ਤੋਂ ਖਬਰਦਾਰ ਕੀਤਾ ਤੇ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕਢਿਆ ਤੇ ਇਕ ਸੁਹਿਰਦ ਕਲਾਕਾਰ ਦੇ ਨਾਤੇ ਉਨ੍ਹਾਂ ਨੂੰ ਉਂਗਲ ਫੜ ਕੇ ਠੀਕ ਰਸਤੇ ਦਾ ਰਾਹੀ ਬਣਾਇਆ ।

## ਇਸਲਾਮ ਧਰਮ

ਭਾਰਤ ਵਿੱਚ ਪ੍ਰਚਾਰਿਆ ਇਸਲਾਮ ਜਿਥੇ ਇਕ ਪਾਸੇ ਲੋਕਾਂ ਨੂੰ ਮਨੋ-ਵਿਗਿਆਨਕ ਤੌਰ ਤੇ ਸੁਆਉਣ ਲਈ ਸੀ ਤਾਂ ਜੋ ਉਹ ਦੇਸ਼ ਵਿਚ ਉਠਣ ਵਾਲੀ ਕਿਸੇ ਕ੍ਰਾਂਤੀਕਾਰੀ ਲਹਿਰ ਨਾਲ ਮਿਲਕੇ ਕਿਸੇ ਸ਼ਕਤੀ ਦੀ ਪ੍ਰਚੰਡਤਾ ਦੇ ਸਹਾਇਕ ਨਾ ਬਣਨ ਉਥੇ ਦੂਜੇ ਪਾਸੇ ਹਿੰਦੂ ਜਨਤਾ ਨੂੰ ਕਰਮ ਕਾਂਡੀ ਬ੍ਰਾਹਮਣਾਂ ਤੋਂ ਨਾਬਰ ਹੋਣ ਦੀ ਪ੍ਰੇਰਨਾ ਦੇਣੀ ਵੀ ਸੀ।

ਮੁਸਲਮਾਨੀ ਦਰਬਾਰ ਵਿਚ ਸਵੀਕਾਰੇ ਤੇ ਸਤਿਕਾਰੇ ਜਾਣ ਦੇ ਦ੍ਰਿਸ਼ਟੀਕੋਣ ਤੋਂ ਬ੍ਰਾਹਮਣ ਖਤਰੀ ਤੇ ਅਮੀਰ ਹਿੰਦੂ ਸ੍ਰੇਣੀ ਆਪਣੇ ਸਵੈਮਾਨ,ਸਵੈ-ਸਤਿਕਾਰ ,ਸਵੈ-ਸਭਿਆਚਾਰ ਦਾ ਗਲਾ ਘੁਟ ਕੇ ਆਪਣੇ ਧਰਮ ਗ੍ਰੰਥ ,ਬੋਲੀ ਤੇ ਰਹਿਣੀ ਬਹਿਣੀ ਨੂੰ ਤਿਲਾਂਜਲੀ ਦੇ ਕੇ ਮੁਸਲਮਾਨੀ ਰਹਿਤ ਮਰਯਾਦਾ ਨੂੰ ਬੜੀ ਖੁਸ਼ੀ ਨਾਲ ਕਬੂਲ ਕਰਕੇ ਉਸ ਅਨੁਸਾਰ ਹੀ ਆਪਣੀ ਜ਼ਿੰਦਗੀ ਨੂੰ ਚਲਾਉਣ ਵਿਚ ਗੌਰਵ ਮਹਿਸੂਸ ਕਰ ਰਹੀ ਸੀ, ਜਿਵੇਂ ਇਹ ਸਭ ਕੁਝ ਤਾਂ ਹੋ ਰਿਹਾ ਸੀ ਕਿਉਂਕਿ ਇਕ ਤਾਂ ਨੀਵੀ ਸ੍ਰੇਣੀ ਅਗੇ ਹੀ ਉੱਚ ਸ੍ਰੇਣੀ ਦੇ ਹੱਥੋਂ ਜ਼ੁਲਮ ਸਹਿ ਰਹੀ ਸੀ ਤੇ ਦੂਜਾ ਮੁਸਲਮਾਨ ਉਨ੍ਹਾਂ ਉਤੇ ਟੈਕਸ ਤੇ ਹੋਰ ਕਈ ਤਰ੍ਹਾਂ ਦੇ ਜ਼ੁਲਮ ਕਰ ਰਹੇ ਸਨ, ਇਹੋ ਜਿਹੇ ਸਮੇਂ ਵਿਚ ਜਿਵੇਂ ਹਿੰਦੂ ਨੇ ਜੋ ਕੀਤਾ ਉਸ ਦਾ ਬਿਆਨ ਗੁਰੂ ਜੀ ਇਸ ਤਰ੍ਹਾਂ ਕਰਦੇ ਹਨ -

"ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।"

(ਆਦਿ ਗ੍ਰੰਥ-ਪੰਨਾ 663)

"ਅੰਤਰ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ
ਛੋਡੀਲੇ ਪਾਖੰਡਾ ਨਾਮ ਲਇਐ ਜਾਹਿ ਤਰੰਦਾ ।"

(ਆਦਿ ਗ੍ਰੰਥ-ਪੰਨਾ 471)

"ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ
ਮਲੇਛ ਧਾਨੁ ਲੇ ਪੂਜਹਿ ਪੁਰਾਣੁ "

(ਆਸਾ ਦੀ ਵਾਰ ਮ.੧,ਪੰਨਾ 472)

ਜਦੋਂ ਹਿੰਦੂ ਧਰਮ ਦੇ ਰਖਿਅਕ, ਬ੍ਰਾਹਮਣਾਂ ਨੇ ਹਿੰਦੂ ਰਹਿਤ ਮਰਯਾਦਾ ਤੇ ਧਰਮ ਨੂੰ ਛਡ ਕੇ ਮੁਸਲਮਾਨੀ ਵਿਚਾਰ ਪ੍ਰਣਾਲੀ ਨੂੰ ਜ਼ਿੰਦਗੀ ਦਾ ਆਧਾਰ ਬਣਾ ਲਿਆ ਤਾਂ ਹਿੰਦੂ ਧਰਮ ਸਿਥਲਤਾ ਤੇ ਗਿਲਾਨੀ ਵਲ ਚਲਾ ਗਿਆ ਅਤੇ ਮੁਸਲਮਾਨੀ ਧਰਮ ਹੀ ਉਸ ਵੇਲੇ ਦੇ ਪ੍ਰਮਾਣਿਤ ਧਰਮ ਬਣ ਗਿਆ, ਜਿਵੇਂ -

"ਕਲ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।"

(ਆਦਿ ਗ੍ਰੰਥ-ਪੰਨਾ 470)

"ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।"

(ਆਦਿ ਗ੍ਰੰਥ-ਪੰਨਾ 1191)

ਬਾਹਰੋਂ ਆਇਆ ਇਹ ਸਾਮੀ ਧਰਮ ਵੀ ਆਪਣੀ ਪਵਿੱਤਰਤਾ ਤੇ ਉਚਤਾ ਤੋਂ ਡਿੱਗ ਚੁੱਕਾ ਸੀ ਰਾਜ ਮਹਲਾਂ ਤੇ ਹਾਕਮਾਂ ਦੇ ਜੀਵਨ ਖੇਤਰ ਵਿਚ ਦਾਖਲ ਹੋ ਕੇ ਇਹ ਵੀ ਗੁਲਾਮ ਜਨਤਾ ਦੇ ਹਿੰਦੂ ਧਰਮ ਨਾਲੋਂ ਬਹੁਤਾ ਵਖਰਾ ਨਹੀ ਸੀ ਰਿਹਾ। ਇਸ ਦੇ ਧਾਰਮਿਕ ਆਗੂ ਵੀ ਆਪਣੇ ਆਦਰਸ਼ ਤੋਂ ਡਿਗ ਚੁਕੇ ਸਨ। ਅਤੇ ਲੋਕਾਂ ਨੂੰ ਭਰਮਾਂ ਭੁਲੇਖਿਆਂ ਦੇ ਗੋਰਖ ਧੰਦਿਆਂ ਵਿਚ ਫਸਾਈ ਬੈਠੇ ਸਨ। ਧਰਮ ਨੂੰ ਸਿਰਫ ਸਵਾਰਥ ਸਿੱਧੀ ਲਈ ਹੀ ਵਰਤਿਆ ਜਾਂਦਾ ਸੀ। ਦਿਖਾਵੇ ਲਈ ਲੋਕ ਜ਼ਰੂਰ ਨਿਮਾਜ਼, ਰੋਜ਼ੇ, ਸੁੱਚ, ਭਿੱਟ ਆਦਿ ਦਾ ਖ਼ਿਆਲ ਰਖਦੇ ਸਨ ਤਾਕਿ ਲੋਕਾਂ ਦੀਆਂ ਨਜ਼ਰਾਂ ਵਿਚ ਧੂੜ ਪਾ ਕੇ ਉੱਚੇ ਬਣੇ ਰਹਿਣ। ਪ੍ਰਗਟ ਰੂਪ ਵਿਚ ਕਰੜੇ ਤਰੀਕੇ ਨਾਲ ਧਾਰਮਿਕ ਰਸਮੋਂ ਰਿਵਾਜ ਵਿੱਚ ਵਿਸ਼ਵਾਸ਼ ਰੱਖਣ ਦਾ ਭਰਮ ਪਾਂਦੇ ਸਨ, ਜਿਵੇਂ -

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ
ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ
ਨਾਨਕ ਕੂੜਿਆਰ ਕੂੜੇ ਕੂੜੀ ਪਾਇ ।।

(ਆਦਿ ਗ੍ਰੰਥ-ਪੰਨਾ 141)

ਇਸ ਤੋਂ ਪਤਾ ਲਗਦਾ ਹੈ ਕਿ ਮੁਸਲਮਾਨ ਦਿਨ ਵਿਚ ਪੰਜ ਵਾਰ ਨਿਮਾਜ਼ ਪੜ੍ਹਦੇ ਸਨ। ਧਰਮ ਦੇ ਠੇਕੇਦਾਰਾਂ ਦਾ ਬਿਆਨ ਕਰਦੇ ਹੋਏ ਆਪ ਨੇ ਉਨ੍ਹਾਂ ਉਤੇ ਵਿਅੰਗ ਨਾਲ ਚੋਟ ਵੀ ਮ ਮਾਰੀ ਹੈ ਜਿਵੇਂ -

"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ

ਅਵਲ ਅਉਦਿ ਦੀਨ ਕਰ ਮਿਠਾ,ਮੁਸਕਲਮਾਨਾ ਕਾਨੁ ਮੁਸਾਵੈ
ਹੋਇ ਮੁਸਲਿਮਾਣੁ ਦੀਨ ਮੁਹਾਵੈ,ਮਰਨ ਜੀਵਨ ਕਾ ਭਰਮੁ ਚੁਕਾਵੈ
ਰਬ ਦੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤਾਂ ਮੁਸਲਮਾਣ ਕਹਾਵੈ।"
(ਆਦਿ ਗ੍ਰੰਥ-ਪੰਨਾ 141)

"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਦੀ ਧੋਖ
ਮੁਕਾਮੁ ਤਾ ਪਰ ਜਾਣੀਐ ਜਾ ਰਹੈ ਨਿਹਚਲੁ ਲੋਕ
ਦੁਨੀਆ ਕੈਸਿ ਮੁਕਾਮਿ।ਕਰਿ ਸਿਦਕ ਕਰਣੀ ਖਰਚ
ਬਾਧਹੁ ਲਾਗਿ ਰਹੁ ਨਾ ।"
(ਆਦਿ ਗ੍ਰੰਥ-ਪੰਨਾ 62)

"ਮੁਸਲਮਾਣਾ ਸਿਫਤ ਸਰੀਅਤ ਪੜਿ ਪੜਿ ਕਰਹਿ ਬੀਚਾਰੁ
ਬੰਦੇ ਸਿ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ"
(ਆਦਿ ਗ੍ਰੰਥ-ਪੰਨਾ 465)

ਮੁਸਲਮਾਨ ਮੱਕਾ ਜਾਂ ਮਸੀਤ ਵਿਚ ਹੀ ਰੱਬ ਨੂੰ ਵਿਆਪਕ ਸਮਝਦੇ ਹਨ ਅਤੇ ਹਜ਼ਰਤ ਮੁਹੰਮਦ ਦੀ ਸ੍ਰੇਸ਼ਟਤਾ ਵਿਚ ਯਕੀਨ ਰਖਣ ਵਾਲਿਆਂ ਨੂੰ ਹੀ ਜੀਊਣ ਦਾ ਹੱਕ ਦਿੰਦੇ ਸਨ, ਆਪ ਨੇ ਵਕਤ ਦੇ ਨਿਆਂ ਕਰਨ ਵਾਲੇ ਮੁਲਾਂ ਤੇ ਕਾਜ਼ੀ ਨੂੰ ਅਜਿਹੇ ਸਰਬ-ਸ਼ਕਤੀਮਾਨ ਪਰਮਾਤਮਾ ਕੋਲੋਂ ਡਰਨ ਅਤੇ ਕੂੜ ਤੇ ਝੂਠ ਨੂੰ ਆਪਣੇ ਨਿਆਂ ਦਾ ਆਧਾਰ ਬਣਾਉਣ ਤੋਂ ਵਰਜਿਆ ਹੈ -

"ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰ "
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ
ਮਰਣਾ ਮੁਲਾ ਮਰਣਾ। ਭੀ ਕਰਤਾਰਹੁ ਡਰਣਾ
ਤਾ ਤੂੰ ਮੁਲਾਂ ਤਾਂ ਤੂੰ ਕਾਜ਼ੀ ਜਾਣਹਿ ਨਾਮ ਖੁਦਾਈ।"

ਹਿੰਦੂਆਂ ਦੇ ਕਰਮ ਕਾਂਡ ਦੇ ਵੱਖ ਵੱਖ ਅੰਗਾਂ ਦੀ ਅਸਲ ਸੰਸਕ੍ਰਿਤਕ ਤੇ ਸਦਾਚਾਰਕ ਵਿਆਖਿਆ ਵਾਂਗ ਹੀ ਗੁਰੂ ਜੀ ਨੇ ਮੁਸਲਮਾਨੀ ਸ਼ਰਾਹ ਦੇ ਵੱਖ ਵੱਖ ਅੰਗਾਂ ਦੀ ਅਸਲੀਅਤ ਨੂੰ ਵੀ ਉਘਾੜਿਆ ਹੈ। ਅਤੇ ਇਨ੍ਹਾਂ ਨੇ ਵੀ ,ਜੋ ਉਹ ਰੀਤਾਂ ਜੋ ਕੇਵਲ ਸਰੀਰਕ ਰੂਪ ਵਿਚ ਹੀ ਸ਼ਰ੍ਹਾ ਦੀਆਂ ਵੱਖ ਵੱਖ ਵਿਧੀਆਂ ਨੂੰ ਗ੍ਰਹਿਣ ਕਰੀ ਜਾਣਾ ਨੂੰ ਨਿਰਾਰਥਕ ਦਸ ਕੇ ਅਸਲੀਅਤ ਵਲ ਇਸ਼ਾਰਾ ਕੀਤਾ ਹੈ -

"ਮਿਹਰ ਮਸੀਤ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ

"ਸਰਮ ਸੁੰਨਤਿ ਸੀਲੁ ਰੋਜ਼ਾ ਹੋਹੁ ਮੁਸਲਮਾਣੁ
ਕਰਣੀ ਕਾਬਾ ਸਚ ਪੀਰ ਕਲਮਾ ਕਰਮ ਨਿਵਾਜ
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।"
(ਆਦਿ ਗ੍ਰੰਥ-ਪੰਨਾ 140)

ਧਾਰਮਿਕ ਤੇ ਸਦਾਚਾਰਕ ਆਗੂ ਜਿਹੜੇ ਮਨੁੱਖਾਂ ਵਿਚੋਂ ਅਗਿਆਨਤਾ ਦੂਰ ਕਰਕੇ ਸੱਚ ਦਾ ਪ੍ਰਕਾਸ਼ ਕਰਦੇ ਸਨ, ਪਰਉਪਕਾਰ ਅਤੇ ਪਰਸੁਆਰਥ ਦੀਆਂ ਭਾਵਨਾਵਾਂ ਦੇ ਪ੍ਰਗਟਾ ਰਾਹੀ ਇਨਸਾਨਾਂ ਨੂੰ ਮਹਾਨ ਤੇ ਸ੍ਰੇਸ਼ਟ ਬਣਾਉਂਦੇ ਹਨ, ਡਿਗਦੀ ਢਹਿੰਦੀ ਦੁਨੀਆਂ ਦਾ ਸਹਾਰਾ ਬਣਦੇ ਸਨ, ਪਿੰਗਲੀ ਮਨੁੱਖਤਾ ਨੂੰ ਤੁਰਨ ਦੀ ਜਾਚ ਦੱਸਦੇ ਹਨ, ਉਹ ਤਾਂ ਖੁਦ ਆਪ ਸਵੈ ਹਿਤਾਂ ਲਈ ਦੁਸ਼ਪ੍ਰਿਤੀਆਂ ਦਾ ਸ਼ਿਕਾਰ ਹੋਏ ਸਨ, ਜ਼ਰ ਤੇ ਜ਼ਮੀਨ ਲਈ ਆਪਸ ਵਿਚ ਲੜਾਈਆਂ ਕਰ ਰਹੇ ਸਨ, ਉਨ੍ਹਾਂ ਦੇ ਗ੍ਰਹਿਣ ਕੀਤੇ ਵਰਤਾਉ ਅਨੁਸਾਰ ਧਾਰਮਿਕਤਾ ਆਪਣੇ ਆਪ ਵਿਚ ਇਕ ਮਨੋਰਥ ਸੀ। ਉਹ ਧਾਰਮਿਕ ਆਗੂ ਅੰਤਰਿਕ ਤੌਰ ਤੇ ਆਪਣੇ ਜੀਵਨ ਨਾਲ ਸਬੰਧਿਤ ਮਹਾਨ ਸਦਾਚਾਰਕ ਪ੍ਰਤੀਕਾਂ ਤੋਂ ਨਾ ਸਿਰਫ ਖਾਲੀ ਹੋਣ ਕਰਕੇ ਸਗੋਂ ਨੀਚ ਤੇ ਮਲੀਨ ਰੁਚੀਆਂ ਦਾ ਸ਼ਿਕਾਰ ਹੋਣ ਕਰਕੇ ਸਮਾਜ ਵਿਚ ਦੁਸ਼ਪ੍ਰਿਤੀਆਂ ਤੇ ਕੁਰੀਤੀਆਂ ਨੂੰ ਨਾਸ਼ ਕਰਨ ਦੀ ਥਾਂ ਜਨਮ ਦੇ ਕੇ ਮਨੁਖਤਾ ਦੀ ਪੱਧਰ ਨੀਵੀਂ ਕਰ ਰਹੇ ਸਨ, ਇਸ ਲਗੀ ਅਵਸਥਾ ਬਾਰੇ ਗੁਰੂ ਨਾਨਕ ਦੇਵ ਜੀ ਲਿਖਦੇ ਹਨ -

"ਕਾਲੁ ਨਾਹੀ ਜੋਗੁ ਨਾਹੀ, ਨਾਹੀ ਸਤੁ ਕਾ ਢਬੁ॥
ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਹ ਜਗੁ॥
(ਆਦਿ ਗ੍ਰੰਥ, ਪੰਨਾ 602)

ਭਾਵ ਅੱਜਕਲ ਨਾ ਉਹ ਸਮਾਂ ਹੈ ਨਾ ਜੋਗ ਹੈ, ਨਾ ਹੀ ਸੱਚ ਵਾਲੇ ਜੀਵਨ ਦੀ ਜਾਚ ਆਉਂਦੀ ਹੈ, ਇਥੋਂ ਤਕ ਕਿ ਜਗਤ ਦੇ ਇਸ਼ਟ ਅਸਥਾਨ ਪੂਜਾ ਦੇ ਥਾਉਂ ਗੰਦੇ ਤੇ ਅਪਵਿੱਤਰ ਹੋ ਗਏ ਹਨ। ਇਸ ਤਰ੍ਹਾਂ ਲੋਕ ਅਗਿਆਨਤਾ ਤੇ ਅੰਧੇਰੇ ਅਤੇ ਪਾਪਾਂ ਦੀ ਭੱਠੀ ਵਿੱਚ ਝੁਲਸ ਰਹੇ ਹਨ। ਇਸ ਦਸ਼ਾ ਦਾ ਭਾਈ ਗੁਰਦਾਸ ਜੀ ਨੇ ਵੀ ਇਸ ਤਰ੍ਹਾਂ ਬਿਆਨ ਕੀਤਾ ਹੈ -

"ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ"
ਰਾਮ ਰਹੀਮ ਕਹਾਇਦੇ, ਇਕ ਨਾਮੁ ਦੋਇ ਰਾਹ ਭੁਲਾਣੇ
ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬ੍ਰਾਹਮਣ ਮੁਲਾਣੇ

ਥੰਮੀ ਕੋਈ ਨਾ ਸਾਧੁਬਿਨ,ਸਾਧ ਨਾ ਦਿਸੈ ਜਗੁ ਵਿਚ ਕੋਆ

ਧਰਮ ਧੌਲ ਪੁਕਾਰੇ ਤੱਲੈ ਖੜੋਆ। "

(ਭਾਈ ਗੁਰਦਾਸ, ਵਾਰ 1, ਪਉੜੀ 24)

ਗੁਰੂ ਨਾਨਕ ਵਰਗੇ ਚੇਤੰਨ ਕਲਾਕਾਰ ਤੇ ਕੋਮਲ ਚਿਤ ਸ਼ਖਸ਼ੀਅਤ ਦੀ ਰਚਨਾ ਵਿਚ ਉਸ ਸਮੇਂ ਦੇ ਸਮਾਜ ਦਾ ਹਰ ਪਹਿਲੂ ਤੇ ਪ੍ਰਗਟਾ ਹੋਣਾ ਬੜਾ ਸੰਭਵ ਸੀ। ਉਹ ਤਾਂ ਸਾਹਿਤ ਰਚਨਾ ਰਾਹੀ ਜਨਤਾ ਵਿਚ ਸੁਧਾਰ ਲਿਆਉਣਾ ਚਾਹੁੰਦੇ ਸਨ, ਜਨਤਾ ਦੇ ਕਲਿਆਣ ਲਈ ਉਨ੍ਹਾਂ ਨੂੰ ਕੁਝ ਨਵੇਂ ਤੇ ਉਸਾਰੂ ਰਸਤੇ ਦਸਣਾ ਚਾਹੁੰਦੇ ਸਨ। ਲੋਕਾਂ ਨੂੰ ਉਨ੍ਹਾਂ ਦੀ ਨਿਘਰੀ ਹੋਈ ਹਾਲਤ ਬਾਰੇ ਗਿਆਨ ਦੇਣਾ ਚਾਹੁੰਦੇ ਸਨ ਅਤੇ ਉਨ੍ਹਾਂ ਵਿਚ ਖ਼ਤਮ ਹੋ ਚੁੱਕੇ ਸਵੈਮਾਨ, ਅਣਖ, ਇਜ਼ਤ ਨੂੰ ਨਵੇਂ ਸਿਰਿਉਂ ਫਿਰ ਪਰਜਵਲਤ ਕਰਨਾ ਚਾਹੁੰਦੇ ਸਨ। 'ਗੁਰੂ ਜੀ ਦਾ ਉਦੇਸ਼ -ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਉਘਾੜਨਾ ਅਤੇ ਉਨ੍ਹਾਂ ਦੀ ਅਸਲੀਅਤ ਨੂੰ ਜਨਤਾ ਸਾਹਮਣੇ ਪੇਸ਼ ਕਰਨਾ ਸੀ। ਉਹ ਉਸ ਧਰਮ ਬਾਰੇ ਲੋਕਾਂ ਨੂੰ ਜਾਣਕਾਰੀ ਦੇਣਾ ਚਾਹੁੰਦੇ ਸਨ, ਜਿਹੜਾ ਕਿ ਗਊਆਂ ਬਣਕੇ ਉਨ੍ਹਾਂ ਦੇ ਜੀਵਨ ਨੂੰ ਦੁਰਬਲ ਤੇ ਕਮਜ਼ੋਰ ਕਰੀ ਜਾ ਰਹੇ ਸਨ।

ਗੁਰੂ ਨਾਨਕ ਨੇ ਕਿਸੇ ਭੀ ਧਰਮ, ਸੰਪ੍ਰਦਾਇ ਜਾਂ ਵਿਅਕਤੀ ਦੀ ਨਿਖੇਧੀ ਨਹੀਂ ਕੀਤੀ। ਇਸ ਦੇ ਉਲਟ ਉਨ੍ਹਾਂ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਵਿਚ ਵਿਆਪਕ ਬੁਰਾਈਆਂ ਉਤੇ ਆਲੋਚਨਾ ਕਰਕੇ ਧਰਮ ਦੇ ਅਸਲੀ ਰਹੱਸ ਨੂੰ ਸਮਝਾਇਆ, ਉਨ੍ਹਾਂ ਨੇ ਤੇ ਬਾਹਰਮੁਖੀ ਭੇਖਾਂ ਦਾ ਖੰਡਨ ਕਰਕੇ ਤੇ ਅਧਿਆਤਮਕ ਤੱਤ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ। ਧਰਮ ਤੇ ਸਮਾਜ ਆਪਸ ਵਿਚ ਇੰਨੇ ਘੁਲੇ ਮਿਲੇ ਹੋਏ ਹਨ ਕਿ ਇਨ੍ਹਾਂ ਵਿਚ ਲਕੀਰ ਨਹੀ ਪਾਈ ਜਾ ਸਕਦੀ। ਜਦੋਂ ਧਰਮ ਵਿਚ ਇਤਨੀ ਗਿਰਾਵਟ ਆ ਚੁੱਕੀ ਸੀ ਤਾਂ ਸਮਾਜ ਕਿਵੇਂ ਇਸ ਤੋਂ ਬਚ ਸਕਦਾ ਸੀ। ਧਰਮ ਤਾਂ ਸਮਾਜਿਕ ਅਸਲੀਅਤ ਦਾ ਸ਼ੀਸ਼ਾ ਹੁੰਦਾ ਹੈ। ਸੋ ਧਰਮ ਦੀ ਗਿਰਾਵਟ ਹਿੰਦੂ ਹਾਕਮ ਜਮਾਤਾਂ ਦੀ ਸਭਿਅਤਾ ਦੀ ਗਿਰਾਵਟ ਦਾ ਨਤੀਜਾ ਸੀ। ਇਸਲਾਮੀ ਹਾਕਮ ਹਿੰਦੂ ਮਜ਼ਹਬ ਨੂੰ ਬੇਇਜ਼ਤ ਕਰਦੇ ਸਨ ਤੇ ਕਾਜ਼ੀ, ਮੁਲਾਣੇ ਹਿੰਦੂ ਜਾਤੀ ਨੂੰ।

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਜੀਵਨ ਤਿਆਗ

ਇਸ ਸਮੇਂ ਸਮਾਜ ਵਿਚ ਤਿਆਗਵਾਦ ਤੇ ਨਿਜਵਾਦ ਦਾ ਬੜਾ ਬੋਲਬਾਲਾ ਸੀ। ਤਿਆਗਵਾਦੀਆਂ ਸਿਧਾਂ, ਨਾਥਾਂ ਤੇ ਜੋਗੀਆਂ, ਫਕੀਰਾਂ ਅਨੁਸਾਰ ਦੁਨੀਆਂ ਨੂੰ ਪਾਪਿ ਦਾ ਸਮੁੰਦਰ ਸਮਝਿਆ ਜਾਂਦਾ ਸੀ ਜਿਸ ਵਿਚ ਇਕ ਵਾਰ ਜਾਣ ਨਾਲ ਉਹ ਬਾਹਰ ਨਿਕਲ ਨਹੀਂ ਸਕਦੇ ਤੇ ਇਹ ਹੀ ਪ੍ਰਮਾਤਮਾ ਦੇ ਰਸਤੇ ਵਿਚ ਇਕ ਦੀਵਾਰ ਸਮਝੀ ਜਾਂਦੀ ਸੀ ਜੋ ਕਿ ਪ੍ਰਮਾਤਮਾ ਨੂੰ ਮਿਲਣ ਨਹੀਂ ਦਿੰਦੀ। ਇਹ ਧਾਰਮਿਕ ਆਗੂ ਰਾਜਨੀਤਕ ਉਪਦਰਾਂ ਵਿਰੁਧ ਆਵਾਜ਼ ਉਠਾ ਸਕਦੇ ਸੀ, ਇਨਸਾਨਾਂ ਨੂੰ ਦੁਖਾਂ ਤੇ ਕਸ਼ਟਾਂ ਦੀ ਚੱਕੀ ਵਿਚ ਪਸੀਦਿਆਂ ਵੇਖ ਕੇ ਆਹ ਦਾ ਨਾਹਰਾ ਲੈਗਾ ਸਕਦੇ ਸਨ। ਅਮੀਰ ਸ਼੍ਰੇਣੀ ਵਿਰੁਧ ਜਨਤਾ ਦੇ ਧਾਰਮਿਕ ਜਜ਼ਬਾਤ ਰਾਹੀਂ ਕ੍ਰਾਂਤੀ ਲਿਆ ਕਰਦੇ ਸਨ। ਪਰ ਇਨ੍ਹਾਂ ਚੋ ਲੋਕਾਂ ਨੂੰ ਬਚਾਉਣ ਦੀ ਨਹੀਂ ਸੋਚੀ ਸਗੋਂ ਖੁਦ ਆਪ ਜ਼ਾਲਮ ਬਾਦਸ਼ਾਹਾਂ ਦੇ ਅਨਿਆਈਆਂ ਤੇ ਜ਼ੁਲਮ ਤੋਂ ਡਰਦਿਆਂ ਦੂਰ ਪਹਾੜਾਂ ਦੀਆਂ ਕੰਦਰਾਂ ਤੇ ਜੰਗਲਾਂ ਤੇ ਇਕਾਂਤ ਥਾਵਾਂ ਉਤੇ ਟਿਕਾਣਾ ਬਣਾ ਲਿਆ। ਇਨ੍ਹਾਂ ਨੇ ਸਮੁੱਚੀ ਮਾਨਵਤਾ ਦੀ ਮੁਕਤੀ ਦਾ ਖ਼ਿਆਲ ਭੁੱਲਾ ਵਿਅੱਕਤੀਗਤ ਸਾਧਨਾ ਰਾਹੀਂ ਨਿਜੀ ਮੁਕਤੀ ਪ੍ਰਾਪਤ ਕਰਨ ਦੇ ਯਤਨ ਕਰ ਰਹੇ ਸਨ। ਭਾਈ ਗੁਰਦਾਸ ਨੇ ਇਨ੍ਹਾਂ ਧਾਰਮਿਕ ਆਗੂਆਂ ਦੀ ਦਸ਼ਾ ਇਸ ਤਰ੍ਹਾਂ ਬਿਆਨ ਕੀਤੀ ਹੈ।

"ਸਿਧ ਛਪ ਬੈਠੇ ਪਰਬਤੀ ਕਉਣ ਜਗਤ ਕਉ ਪਾਰ ਉਤਾਰਾ।
ਜੋਗੀ ਗਿਆਨ ਵਿਹੂਣੀਆਂ ਨਿਸ ਦਿਨ ਅੰਗ ਲਗਾਇਨ ਛਾਰਾ।
ਬਾਝੁ ਗੁਰੂ ਡੁਬਾ ਸੰਸਾਰਾ।"
(ਵਾਰ 1, ਪਉੜੀ 29)

ਜੋ ਸਾਧੂ ਜਾਂ ਜੋਗੀ ਜਿਹੜੇ ਵਿਅਕਤੀਗਤ ਸਾਧਨਾ ਦੇ ਆਧਾਰ ਤੇ ਮੁਕਤੀ ਪ੍ਰਾਪਤ ਕਰ ਵੀ ਲੈਂਦੇ, ਉਹ ਆਪਣੀ ਮਾਨਤਾ ਤੇ ਉਪਜੀਵਕਾ ਲਈ ਵਕਤ ਦੇ ਜ਼ਾਲਮ ਰਾਜਿਆਂ ਤੇ ਹੀ ਆਧਾਰਿਤ ਹੁੰਦੇ ਅਤੇ ਰਾਜ ਗੁਰੂ ਇਤਿਆਦਿ ਦੀਆਂ ਪਦਵੀਆਂ ਪ੍ਰਾਪਤ ਕਰਕੇ ਰਾਜਿਆਂ ਦੇ ਜ਼ੁਲਮ ਦੇ ਖਿਲਾਫ ਬੋਲਣ ਲਈ ਆਪਣੀ ਜ਼ੁਬਾਨ ਬਿਲਕੁਲ ਬੰਦ ਕਰ ਲੈਂਦੇ।

ਜੋਗੀਆਂ ਦੇ ਇਸ ਜੀਵਨ ਦ੍ਰਿਸ਼ਟੀਕੋਣ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ ਅਤੇ ਕਿਹਾ ਕਿ ਪਰਮਾਤਮਾ ਦੇ ਬੰਦਿਆਂ ਨੂੰ ਦੁੱਖਾਂ ਤੇ ਕਸ਼ਟਾਂ ਦੇ ਭਾਂਬੜ ਵਿਚ ਬਲਦਿਆਂ ਛੱਡ ਕੇ ਵਿਅਕਤੀਗਤ ਯਤਨਾਂ ਰਾਹੀਂ ਪਰਮਾਤਮਾ ਦੀ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ, ਇਸ ਲਈ ਤਾਂ ਪਰਮਾਤਮਾ ਦੇ ਬੇਟਿਆਂ ਦੀਆਂ ਸ਼ੁਭ ਇਛਾਵਾਂ ਤੇ

ਖੁਸ਼ੀਆਂ ਪ੍ਰਾਪਤ ਕਰਨੀਆਂ ਬਹੁਤ ਜ਼ਰੂਰੀ ਹਨ। ਇਨਸਾਨ ਨੂੰ ਆਪਣੇ ਆਪ ਤੋਂ ਉੱਚਾ ਉਠ ਕੇ ਸਮਾਜ ਵਿਚ ਸੁਖ ਅਮਨ ਤੇ ਚੈਨ ਪੈਦਾ ਕਰਨ ਦੀ ਅਤੇ ਨਿਜੀ ਮੁਕਤੀ ਤਕ ਹੀ ਸੀਮਤ ਨਾ ਰਹਿ ਕੇ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਯਤਨ ਕਰਨ ਦੀ ਜ਼ਰੂਰਤ ਹੈ -

"ਮੰਨੈ ਤਰੈ ਤਾਰੈ ਗੁਰਸਿਖ"

(ਜਪੁਜੀ ਪਉੜੀ 14, ਪੰਨਾ 3)

ਦੂਜੇ ਪਾਸੇ ਇਹ ਨਾਥ, ਜੋਗੀ ਤੇ ਸਿੱਧ ਦੁਨਿਆਵੀ ਪਦਾਰਥਾਂ ਅਤੇ ਦੁਨਿਆਵੀ ਰਿਸ਼ਤਿਆਂ ਨੂੰ ਪਰਮਾਤਮਾਈ ਪ੍ਰਾਪਤੀ ਦੇ ਰਸਤੇ ਦੀ ਨਾ ਤੋੜੀ ਜਾਣ ਵਾਲੀ ਦੀਵਾਰ ਸਮਝਦੇ ਸਨ ਅਤੇ ਇਨ੍ਹਾਂ ਨੂੰ ਤਿਆਗਣਾ ਪ੍ਰਮਾਤਮਾਈ ਪ੍ਰਾਪਤੀ ਦੀ ਪਹਿਲੀ ਜ਼ਰੂਰੀ ਸ਼ਰਤ ਸਮਝਦੇ ਹੋਏ, ਜੰਗਲਾਂ, ਬੀਆਬਾਨਾਂ, ਦਰਿਆਵਾਂ ਦੇ ਇਕਾਂਤ ਕੰਢਿਆਂ ਅਤੇ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਕੇ ਰਿੱਧੀਆਂ ਸਿਧੀਆਂ ਅਤੇ ਕਰਾਮਾਤਾਂ ਦੀ ਪ੍ਰਾਪਤੀ ਕਰ ਰਹੇ ਸਨ। ਗੁਰੂ ਸਾਹਿਬ ਨੇ ਇਸ ਅਤਿ ਦੇ ਤਿਆਗਵਾਦ ਦੀ ਨਿਖੇਧੀ ਕੀਤੀ ਤੇ ਦਸਿਆ ਕਿ ਇਨਸਾਨ ਦੁਨੀਆਂ ਵਿਚ ਰਹਿੰਦਿਆਂ, ਦੁਨਿਆਵੀ ਜ਼ਿੰਮੇਵਾਰੀਆਂ ਨਿਭਾਉਂਦਿਆਂ, ਪ੍ਰਮਾਤਮਾ ਦੀ ਯਾਦ ਨੂੰ ਹਰ ਵੇਲੇ ਦਿਲ ਵਿਚ ਰਖਦਿਆਂ, ਅਤੇ ਸ਼ੁਭ ਅਮਲ ਕਰਦਿਆਂ ਹੀ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ।

## ਗ੍ਰਿਹਸਤੀ ਧਰਮ

ਇਸਤਰੀ ਨੂੰ ਆਦਮੀ ਦੇ ਸਰੀਰ ਨੂੰ ਘੁਣ ਵਾਂਗ ਖਾ ਜਾਣ ਵਾਲੀ ਬਘਿਆੜਨੀ, ਪਾਪਾਂ ਦੀ ਖਾਣ ਅਤੇ ਪਰਮਾਤਮਾਈ ਰਸਤੇ ਦੀ ਦੀਵਾਰ ਕਹਿ ਕੇ ਲੋਕ ਇਸਤਰੀ ਤੋਂ ਦੂਰ ਰਹਿਣ ਦਾ ਯਤਨ ਕਰਦੇ ਹੋਏ ਗ੍ਰਿਹਸਤ-ਧਰਮ ਵਿੱਚ ਪ੍ਰਵੇਸ਼ ਕਰਨ ਤੋਂ ਇਨਕਾਰ ਕਰੀ ਜਾ ਰਹੇ ਸਨ। ਕਈ ਵਰਗਾਂ ਵਿੱਚ ਤਿਆਗੀਆਂ ਤੇ ਗ੍ਰਿਹਸਤੀਆਂ ਦੋਹਾਂ ਨੂੰ ਹੀ ਚੰਗਾ ਕਿਹਾ ਜਾਂਦਾ ਸੀ। ਗ੍ਰਿਹਸਤ ਧਰਮ ਧਾਰਨ ਕਰਨ ਤੋਂ ਬਗੈਰ ਆਮ ਲੋਕਾਂ ਵਿਚ ਪ੍ਰਵੇਸ਼ ਕਰ ਜਾਣ ਵਾਲੀਆਂ ਕੁਰੀਤੀਆਂ ਅਤੇ ਕਾਮ ਵਾਸ਼ਨਾਵਾਂ ਦੀ ਤ੍ਰਿਪਤੀ ਲਈ ਅਪਣਾਏ ਅਯੋਗ ਸਾਧਨਾ ਦੇ ਪ੍ਰਗਟਾ ਕਰਨ ਨਾਲ, ਇਸ ਧਰਮ ਨੂੰ ਸੰਸਾਰ ਦੀ ਹੋਂਦ ਬਰਕਰਾਰ ਰਖਣ ਲਈ ਜ਼ਰੂਰੀ ਦਸਿਆ, ਗੁਰੂ ਸਾਹਿਬ ਨੇ ਇਸ ਦੀ ਮਹਾਨਤਾ ਨੂੰ ਸਥਾਪਤ ਕੀਤਾ। ਭਾਈ ਗੁਰਦਾਸ ਦਾ ਵੀ ਵਿਚਾਰ ਹੈ -

"ਸਗਲ ਧਰਮ ਮਹਿ ਗ੍ਰਿਹਸਤ ਪਰਧਾਨਾ।"

ਗੁਰੂ ਸਾਹਿਬ ਦੇ ਵਿਚਾਰ ਅਨੁਸਾਰ ਤਿਆਗੀ ਬਣਨਾ ਹੀ ਇਨਸਾਨ ਦੀ ਉੱਚਤਾ ਤੇ ਮਹਾਨਤਾ ਦਾ ਸੂਚਕ ਨਹੀ, ਸਗੋਂ ਇਨਸਾਨੀ ਉੱਚਤਾ ਤਾਂ ਲੋਕਾਂ ਦੀ ਸੇਵਾ ਕਰਨ ਵਿਚ, ਉਪਕਾਰ ਅਤੇ ਪਰਸੁਆਰਥ ਦੀ ਭਾਵਨਾ ਨੂੰ ਮਨ ਵਿਚ ਵਸਾਉਣ ਵਿਚ ਅਤੇ ਦੂਸਰੇ ਲੋਕਾਂ ਦੇ ਕਸ਼ਟਾਂ ਨੂੰ ਦੂਰ ਕਰਨ ਲਈ ਆਪਣੇ ਆਪ ਨੂੰ ਕਸ਼ਟਾਂ ਵਿਚ ਪਾਉਣ ਵਿਚ ਹੈ। ਗੁਰੂ ਸਾਹਿਬ ਇਸ ਵਿਚਾਰਧਾਰਾ ਨੂੰ ਅਮਲੀ ਜਿੰਦਗੀ ਵਿਚ ਵਸਾਉਣ ਦੀ ਪ੍ਰੇਰਣਾ ਦਿੰਦੇ ਲਿਖਦੇ ਹਨ -

"ਘਾਲਿ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ "
(ਵਾਰ ਸਾਰੰਗ ਮ.੧, ਪੰਨਾ 1245)

## ਸਮਾਜਿਕ ਸਬੰਧ

ਜਦੋਂ ਪਦਾਰਥਕ ਪਿਆਰ ਨੂੰ ਪ੍ਰਮਾਤਮਾਈ ਪਿਆਰ ਨਾਲੋਂ ਤਰਜੀਹ ਦਿੱਤੀ ਜਾਣ ਲਗੀ, ਜਦੋਂ ਸਮਾਜ ਦਾ ਆਧਾਰ ਦੁਸ਼ਪ੍ਰਵ੍ਰਿਤੀਆਂ, ਕੁਰੀਤੀਆਂ ਅਤੇ ਭਰਮਾਂ ਭੁਲੇਖਿਆਂ ਉਤੇ ਹੀ ਰਹਿ ਗਿਆ ਤਾਂ ਉਸ ਵਕਤ ਸਚਾਈ ਤੇ ਸਚ ਗੁਣਾਂ ਦਾ ਚਾਨਣ ਦਿਸਣਾ ਬੰਦ ਹੋ ਗਿਆ -

"ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ
ਬੀਉ ਬੀਜ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ।"
(ਆਸਾ ਦੀ ਵਾਰ ਮ.੧ਪੰਨਾ 468)

ਅਸਲ ਵਿੱਚ ਜਦ 'ਸਚ ਗੁਣਾਂ ਦੇ ਉਪਜਣ ਲਈ ਵਾਤਾਵਰਣ ਹੀ ਅਨੁਕੂਲ ਨਾ ਰਿਹਾ, ਜਦੋਂ ਬੀਜ ਹੀ ਦੁਸ਼ਪ੍ਰਵ੍ਰਿਤੀਆਂ ਦੇ ਕੁਰੀਤੀਆਂ ਦਾ ਪਾਇਆ ਜਾਣ ਲਗਾ ਤਾਂ ਮਹਾਨ ਤੇ ਉਤਮ ਗੁਣਾਂ ਦੇ ਮਿਲਣ ਦਾ ਸੁਆਲ ਹੀ ਕਦ ਪੈਦਾ ਹੋ ਸਕਦਾ ਸੀ। ਦੁਨਿਆਵੀ ਪਦਾਰਥਾਂ ਪਿਛੇ ਮਾਂ, ਪੁਤਰ, ਬਾਪ, ਬੇਟੇ, ਭੈਣ, ਭਰਾ ਆਦਿ ਦੇ ਰਿਸ਼ਤੇ ਵੀ ਖਤਮ ਹੁੰਦੇ ਜਾ ਰਹੇ ਸਨ। ਇਨ੍ਹਾਂ ਰਿਸ਼ਤਿਆਂ ਨੂੰ ਵੀ ਪਦਾਰਥਿਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਸੀ। ਗੁਰੂ ਸਾਹਿਬ ਅਜਿਹੀ ਹਾਲਤ ਦਾ ਜ਼ਿਕਰ ਕਰਦੇ ਲਿਖਦੇ ਹਨ -

"ਨਾਨਕ ਦੁਨੀਆ ਕੈਸੀ ਹੋਈ ਸਾਲਕ ਮਿਤੁ ਨ ਰਹਿਓ ਕੋਈ
ਭਾਈ ਬੰਧੀ ਹੇਤੁ ਚੁਕਾਇਆ, ਦੁਨੀਆਂ ਕਾਰਨ ਦੀਨ ਗਵਾਇਆ।।"
(ਸਲੋਕ ਵਾਰਾਂ ਤੇ ਵਧੀਕ, ਪੰਨਾ 1420)

ਇਨਸਾਨ ਹਰ ਗਲ ਨੂੰ ਪੈਸੇ ਤੇ ਪਦਾਰਥਾਂ ਕੀ ਕਸਵਟੀ ਤੇ ਤੋਲਦੇ ਸਨ, ਜਿਸ ਦੇ ਸਿੱਟੇ ਵਜੋਂ ਖੂਟ ਚਿੱਟਾ ਹੋ ਗਿਆ ਸੀ ਅਤੇ ਦੁਨਿਆਂਵੀ ਰਿਸ਼ਤੇਦਾਰੀਆਂ ਵਲੋਂ ਅਣਗਹਿਲੀ ਕੀਤੀ ਜਾਣ ਲਗ ਪਈ ਸੀ, ਜੋ ਕਿ ਸਮਾਜਿਕ ਪਤਨ ਦੀ ਸੂਚਕ ਹੁੰਦੀ ਹੈ।

## ਸਮਕਾਲੀ ਵਿਦਿਅਕ ਵਾਤਾਵਰਣ

ਉਸ ਵਕਤ ਅਨਪੜ੍ਹ ਲੋਕ ਤਾਂ ਅਗਿਆਨਤਾ ਦੀਆਂ ਡੂੰਘੀਆਂ ਖੱਡਾਂ ਵਿੱਚ ਪਏ ਦੁਖੀ ਹੋ ਹੀ ਰਹੇ ਸਨ, ਪਰ ਪੰਡਤ ਤੇ ਗਿਆਨੀ ਲੋਕ ਜਿਹੜੇ ਵੇਦ ਸ਼ਾਸ਼ਤਰਾਂ ਦੀ ਸਮਝ ਰਖਦੇ ਸਨ,ਉਨ੍ਹਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀ ਸੀ, ਕਿਉਂਕਿ ਉਹ ਤਾਂ ਵੇਦਾਂ ਸ਼ਾਸ਼ਤਰਾਂ ਵਿਚ ਪ੍ਰਗਟਾਏ ਮਹਾਨ ਅਸੂਲਾਂ ਤੇ ਸਿਖਿਆਵਾਂ ਨੂੰ ਅਮਲੀ ਜੀਵਨ ਵਿਚ ਲਿਆਉਣ ਦੀ ਥਾਂ ਕੇਵਲ ਭੇਖ,ਦਿਖਾਵੇ ਤੇ ਫੋਕੀ ਢਲੀਲਬਾਜ਼ੀ ਤਕ ਹੀ ਸੀਮਤ ਰਖਦੇ ਸਨ। ਆਮ ਲੋਕਾਂ ਨੂੰ ਉਹ ਬ੍ਰਹਮ ਦੀ ਪ੍ਰਾਪਤੀ ਦਾ ਖਿਆਲ ਤਕ ਹੀ ਨਹੀ ਸੀ ਦਿੰਦੇ, ਅਤੇ ਦੂਜਾ ਆਮ ਇਨਸਾਨ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਕੁਲੀ,ਗੁਲੀ, ਤੇ ਜੁਲੀ ਦੀ ਸਮੱਸਿਆ ਨੂੰ ਹਲ ਕਰਨ ਲਈ ਸਾਰਾ ਦਿਨ ਮਸਰੂਫ ਰਹਿੰਦੇ, ਜਿਸ ਕਰਕੇ ਉਹ ਗੁਲਾਮੀ ਦੇ ਜੂਲੇ ਨੂੰ ਉਤਾਰਨ ਤੇ ਅਚਾਰੀਆਂ ਵਿਰੁਧ ਆਵਾਜ਼ ਉਠਾਉਣ ਦਾ ਕਦੀ ਖ਼ਿਆਲ ਹੀ ਨਾ ਕਰਦੇ। ਗੁਰੂ ਸਾਹਿਬ ਉਸ ਵਕਤ ਦੇ ਸਿਮਰਨ ਰਹਿਤ ਪੜ੍ਹਿਆਂ ਲਿਖਿਆਂ ਦੀ ਅਵਸਥਾ ਇਸ ਤਰ੍ਹਾਂ ਪ੍ਰਗਟਾਉਂਦੇ ਹਨ -

"ਨਾਨਕ ਸੋ ਪੜ੍ਹਿਆ ਸੋ ਪੰਡਤ ਬੀਨਾ॥
ਜਿਸ ਰਾਮ ਨਾਮੁ ਗਲਹਾਰ ॥"
(ਆਦਿ ਗ੍ਰੰਥ-ਪੰਨਾ 938)

ਗੁਰੂ ਸਾਹਿਬ ਨੇ ਜਿਥੇ ਅਸਲੀ ਵਿਦਵਾਨ ਦੀ ਪਰਿਭਾਸ਼ਾ ਦਸੀ ਹੈ,ਉਥੇ ਵਿਦਿਆ ਦੀ ਇਨਸਾਨਾ ਪ੍ਰਤੀ ਮਹੱਤਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ -

"ਮਨ ਕਾਹੇ ਭੂਲੇ ਮੂੜ ਮਨਾ ਜਬ ਲੇਖ ਦੇਵਹਿ ਬੀਰਾ ਤਉ ਪੜਿਆਂ,
ਲਿਖੈ ਗਿਆਨ ਬੂਝੇ ਜੋ ਕੋਈ ਪੜ੍ਹਿਆ ਪੰਡਤ ਸੋਈ॥"

ਗੁਰੂ ਸਾਹਿਬ ਵਿਦਿਆ ਨੂੰ ਅਸਲ ਗਿਆਨ ਪ੍ਰਾਪਤ ਕਰਨ ਦੇ ਸਾਧਨ ਦੇ ਰੂਪ ਵਿਚ ਪ੍ਰਗਟ ਹੋਏ ਇਹ ਵੀ ਦਸਦੇ ਹਨ ਕਿ ਗਿਆਨ ਹਾਸਲ ਕਰਨ ਨਾਲ ਮਨੁੱਖ ਅੰਦਰ

ਨਿਮਰਤਾ ਅਤੇ ਪਰਉਪਕਾਰ ਦੀ ਭਾਵਨਾ ਉਦੀਪਤ ਹੁੰਦੀ ਹੈ। ਬਾਕੀ ਸਭ ਕੁਛ ਤਾਂ 'ਹਉਮੈ' ਲਈ ਮਾਰੀ ਹੋਈ ਝੱਖ ਤੋਂ ਵੱਧ ਕੁਛ ਨਹੀਂ -

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹ ਸਾਥ
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ
ਪੜੀਐ ਜੇਤੇ ਬਰਸ ਬਰਸ ਪੜੀਐ ਜੇਤੇ ਮਾਸ
ਪੜੀਐ ਜੇਤੀ ਆਰਜਾ ਪੜੀਐ ਜੇਤੇ ਸਾਸ
ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਗ।"
(ਆਦਿ ਗ੍ਰੰਥ- ਪੰਨਾ 467.)

ਵਿਦਿਆ ਪ੍ਰਾਪਤੀ ਨਾਲ ਇਨਸਾਨ ਉੱਚਾ ਉਠ ਸਕਦਾ ਹੈ। ਆਪਣੇ ਤੇ ਪਰਾਏ ਦੇ ਹਿਤਾਂ ਨੂੰ ਪਛਾਣ ਕੇ ਕੋਈ ਚੰਗਾ ਤੇ ਉਤਮ ਕੰਮ ਕਰ ਸਕਦਾ ਹੈ। ਇਸੇ ਲਈ ਆਪ "ਵਿਦਿਆ ਵਿਚਾਰੀ ਤਾਂ ਪਰਉਪਕਾਰੀ" ਦੀ ਭਾਵਨਾ ਪ੍ਰਗਟ ਕਰਦੇ ਹਨ, ਭਾਵ ਵਿਦਿਆ ਵਿਚਾਰਨ ਨਾਲ, ਗਿਆਨ ਦੀ ਸੋਝੀ ਹੋਣ ਨਾਲ ਇਨਸਾਨ ਪਰਉਪਕਾਰੀ ਅਤੇ ਪੁਰਸ਼ਾਰਥੀ ਬਣ ਸਕਦਾ ਹੈ, ਦੂਜਿਆਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਆਪਣੇ ਆਪ ਨੂੰ ਕਸ਼ਟ ਤੇ ਦੁੱਖਾਂ ਵਿਚ ਪਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਉਸ ਵਕਤ ਦੀ ਲਿਖਣ ਸਾਮਗਰੀ ਅਤੇ ਲਿਖਣ ਦੀ ਪਿਰਤ ਅਤੇ ਉਤਸ਼ਾਹ ਦਾ ਵੀ ਪਤਾ ਲਗਦਾ ਹੈ -

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖ ਬੀਚਾਰੁ॥"

ਆਧੁਨਿਕ ਵਿਦਿਅਕ ਸੰਕਲਪ ਦਾ ਸੰਕੇਤ ਗੁਰੂ ਸਾਹਿਬ ਦੀ ਰਚਨਾ ਵਿਚੋਂ ਮਿਲਦਾ ਹੈ, ਜਿਸ ਅਨੁਸਾਰ ਮਨੁੱਖ ਅੰਦਰ ਸਾਰੇ ਹੀ ਗੁਣ ਮੌਜੂਦ ਹਨ, ਲੋੜ ਕੇਵਲ ਗੁਰੂ ਜਾਂ ਅਧਿਆਪਕ ਦੀ ਸਿਖਿਆ ਰਾਹੀ ਉਨ੍ਹਾਂ ਛੁਪੇ ਤੇ ਲੁਕੇ ਹੋਏ ਗੁਣਾਂ ਨੂੰ ਪ੍ਰਗਟਾਉਣ ਦੀ ਹੈ 'ਜਪੁ' ਵਿਚ ਗੁਰੂ ਸਾਹਿਬ ਲਿਖਦੇ ਹਨ -

"ਮਤਿ ਵਿਚ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ।"
(ਆਦਿ ਗ੍ਰੰਥ- ਪੰਨਾ 2)

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਅਮੀਰ ਸ੍ਰੇਣੀ ਦੀ ਐਸ਼ - ਇਸ਼ਰਤ ਬਾਰੇ

ਜਾਗੀਰਦਾਰੀ ਸਮਾਜ ਵਿਚ ਸਮਾਜਿਕ ਬਣਤਰ ਦੀ ਚੂਲ ਜਾਗੀਰਦਾਰ ਹੀ ਹੁੰਦੇ ਹਨ। ਉਹ ਆਮ ਲੋਕਾਂ ਵਾਸਤੇ ਆਦਰਸ਼ ਜਾਂ ਚਾਨਣ ਮੁਨਾਰੇ ਸਮਝੇ ਜਾਂਦੇ ਹਨ, ਪਰ ਗੁਰੂ ਸਾਹਿਬ ਦੇ ਸਮੇਂ ਇਹ ਰਾਹਨੁਮਾ ਜਾਂ ਆਗੂ ਐਸ਼ ਇਸ਼ਰਤ ਤੇ ਭੋਗ ਵਿਲ ਵਿਲਾਸਾਂ ਵਿਚ ਜ਼ਿੰਦਗੀ ਬਸਰ ਕਰ ਰਹੇ ਸਨ। ਦੁਨਿਆਵੀ ਸੁੱਖਾਂ ਲਈ ਆਪਣੇ ਆਦਰਸ਼ਾਂ ਨੂੰ ਕੁਰਬਾਨ ਕਰਦੇ ਹੋਏ, ਸਮਾਜਿਕ ਹਾਲਤ ਨੂੰ ਅਪਕਰਸ਼ਮਈ ਬਣਾ ਰਹੇ ਸਨ -

"ਕੁੰਗੂ ਕੀ ਕਾਇਆ, ਰਤਨਾ ਕੀ ਲਲਿਤਾ ਅਗਰ ਵਾਸੁ ਤਨਿ ਸਾਸੁ।
ਅਠਿਸਠਿ ਤੀਰਥ ਕਾ ਮੁਖਿ ਟਿੱਕਾ, ਤਿਤੁ ਘਟਿ ਮਤਿ ਵਿਗਾਸੁ॥"
(ਆਦਿ ਗ੍ਰੰਥ- ਪੰਨਾ 15)

ਬਾਹਰੀ ਧਾਰਮਿਕ ਕਿਰਿਆਵਾਂ ਕਰਦੇ ਹੋਏ ਇਹ ਲੋਕ ਮਾਨਸਿਕ ਤੇ ਸਦਾਚਾਰਕ ਤੌਰ ਤੇ ਬਹੁਤ ਨਿਘਰੇ ਹੋਏ ਸਨ। ਨਸ਼ਿਆਂ ਦਾ ਸੇਵਨ ਕਰਨਾ ਅਤੇ ਚੀਮ ਖੁਸ਼ੀਆਂ ਵਿਚ ਮਸਤ ਰਹਿਣਾ ਇਨ੍ਹਾਂ ਦੀ ਜ਼ਿੰਦਗੀ ਦੇ ਕੁਲ ਮਨੋਰਥ ਸਨ, ਜਿਵੇਂ -

"ਅਮਲੁ ਗਲੋਲਾ, ਕੂੜ ਕਾ ਦਿਤਾ ਦੇਵਣਹਾਰਿ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥
ਸਚੁ ਮਿਲਿਆ ਤਿਨ ਸੋਫੀਆ ਰਖਣ ਕਉ ਦਰਵਾਰੁ।"
(ਆਦਿ ਗ੍ਰੰਥ- ਪੰਨਾ 15)

ਦਾਨ, ਪਰਉਪਕਾਰ ਅਤੇ ਪਰਮਾਤਮਾ ਦਾ ਨਾਮ ਸਿਮਰਨ ਉਨ੍ਹਾਂ ਅੰਦਰ ਨਿਮਰਤਾ ਪੈਦਾ ਕਰਨ ਦੀ ਥਾਂ ਗਰਬ ਅਥਵਾ ਹੰਕਾਰ ਪੈਦਾ ਕਰ ਰਿਹਾ ਸੀ, ਇਸ ਦਾ ਕਾਰਨ ਇਹ ਸੀ ਕਿ ਉਹ ਸੱਚੇ ਦਿਲੋਂ ਇਕਾਗਰ ਚਿੱਤ ਹੋ ਕੇ ਪਰਮਾਤਮਾ ਦੀ ਬੰਦਗੀ ਨਾ ਕਰਦੇ ਹੋਏ, ਥੋੜੀ ਕੀਤੀ ਬੰਦਗੀ ਉਤੇ ਬਹੁਤਾ ਮਾਣ ਕਰ ਰਹੇ ਸਨ -

"ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆਂ ਘਣੀ ਭੀ ਅੰਤਰਿ ਗਰਬੁ ਗੁਮਾਨੁ॥
ਰਾਮਿ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ॥
ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥"
(ਆਦਿ ਗ੍ਰੰਥ- ਪੰਨਾ 62)

ਅਮੀਰ ਲੋਕ ਜ਼ਿੰਦਗੀ ਦੀ ਅਸਲੀਅਤ ਨੂੰ ਨਾ ਸਮਝਦੇ ਹੋਏ ਮਹਲਾਂ ਮਾੜੀਆਂ ਵਿੱਚ ਹੀ ਮਸਤ ਰਹਿੰਦੇ ਸਨ, ਮਰਜ਼ੀ ਦੇ ਭੋਜਨ ਖਾਂਦੇ, ਐਸ਼ ਆਰਾਮ ਦੀ ਜ਼ਿੰਦਗੀ ਨੂੰ ਸਥਾਈ ਸਮਝ ਕੇ ਮੌਤ ਦੀ ਆਵੱਸ਼ਕਤਾ ਨੂੰ ਭੁਲਾਈ ਬੈਠੇ ਸਨ। ਉਹ ਤਾਂ ਭੋਗ ਵਿਲਾਸ਼ ਵਿਚ ਸੋਨੇ ਵਰਗੀ ਦੇਹੀ ਨੂੰ ਗਾਲੀ ਜਾ ਰਹੇ ਸਨ -

"ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥
ਕੋਠੇ ਮੰਡਪ ਮਾੜੀਆਂ ਲਾਇਬੈਠੇ ਕਰ ਪਸਾਰਿਆ ॥
ਚੀਜ ਕਰਨਿ ਮਨ ਭਾਵਦੇ ਹਰਿ ਬੁਝਨਿ ਨਹੀ ਹਾਰਿਆ॥
ਕਰਿ ਫੁਰਮਾਇਸਿ ਖਾਇਆ ਵੇਖ ਮਹਿਲਤ ਮਰਣੁ ਵਿਸਾਰਿਆ॥
ਜਰੁ ਆਈ ਜੋਬਨਿ ਹਾਰਿਆ ॥"

(ਆਦਿ ਗ੍ਰੰਥ-ਪੰਨਾ 472)

ਅਮੀਰ ਲੋਕ ਜੋ ਵੀ ਧਰਮ ਕਰਮ ਕਰਦੇ ਸਨ, ਉਸ ਦੇ ਪਿਛੇ ਮਾਇਆ ਇਕੱਤਰ ਕਰਨੀ ਹੀ ਮਨੋਰਥ ਹੁੰਦਾ ਸੀ, ਜਾਂ ਦੂਜਾ ਕੰਮ ਪਾਪਾਂ ਤੇ ਕੁਕਰਮਾਂ ਦੁਆਰਾ ਇਕੱਠੀ ਕੀਤੀ ਹੋਈ ਮਾਇਆ ਤੇ ਪਰਦਾ ਪਾਉਣਾ ਹੁੰਦਾ ਸੀ। ਉਸ ਸਮੇਂ ਧਾਰਮਿਕ ਕਿਰਿਆਵਾਂ ਕੇਵਲ ਇਨ੍ਹਾਂ ਦੋਹਾਂ ਮਨੋਰਥਾਂ ਤਕਹੀ ਸੀਮਿਤ ਰਹਿ ਗਈਆਂ ਸਨ -

"ਤਾਲ ਮਦੀਰੇ ਘਟ ਕੇ ਘਾਟ ॥
ਦੋਲਕ ਦੁਨੀਆ ਵਾਜਹਿ ਵਾਜ॥
ਨਾਰਦ ਨਾਚੈ ਕਲਿ ਕਾ ਭਾਉ ॥
ਜਤੀ ਸਤੀ ਕਰਿ ਰਾਖਹਿ ਪਾਉ॥
ਨਾਨਕ ਨਾਮ ਵਿਟਹੁ ਕੁਰਬਾਣ ॥
ਅੰਧੀ ਦੁਨੀਆ ਸਾਹਿਬ ਜਾਣ ॥

(ਆਦਿ ਗ੍ਰੰਥ-ਪੰਨਾ 350)

ਜਿਥੇ ਅਮੀਰ ਲੋਕਾਂ ਅੰਦਰ ਐਸ਼ ਇਸ਼ਰਤ ਦੀ ਭਾਵਨਾ ਹਰ ਵੇਲੇ ਪ੍ਰਜਵਲਤ ਰਹਿੰਦੀ ਸੀ ਅਤੇ ਹਰ ਕੰਮ ਵਿਚੋਂ ਉਹ ਆਨੰਦ ਸੁਖ ਤੇ ਚੈਨ ਲੈਣਾ ਚਾਹੁੰਦੇ ਸਨ, ਉਥੇ ਇਨਸਾਨੀ ਉਚਤਾ ਦਾ ਜੋ ਮਾਨ ਦੰਡ ਉਸ ਵੇਲੇ ਕਾਇਮ ਹੋ ਚੁਕਾ ਸੀ, ਉਹ ਰਹਿਣ ਸਹਿਣ ਦੇ ਉਚੇ ਤੌਰ ਤਰੀਕਿਆਂ ਅਤੇ ਖਾਣ ਪੀਣ ਦੀਆਂ ਉਤਮ ਤੇ ਚੰਗੀਆਂ ਵਸਤਾਂ ਤੇ ਹੀ

ਆਧਾਰਤ ਸੀ। ਆਪ ਦਾ ਮੋਤੀ ਦੇ ਮੰਦਿਰ ਉਸਰੇ ਵਾਲਾ ਸ਼ਬਦ ਇਨਸਾਨੀ ਉਚਤਾ ਦੇ ਇਸ ਸੰਕਲਪ ਨੂੰ ਪ੍ਰਗਟਾਉਂਦਾ ਹੈ -

"ਮੋਤੀ ਤੇ ਮੰਦਿਰ ਊਸਰਹਿ ਰਤਨੀ ਤ ਹੋਇ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਹਰ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੂ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਓ॥
ਧਰਤੀ ਤੇ ਹੀਰੇ ਨਾਲ ਜੜਤੀ ਪਲੰਘ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗ ਪਸਾਉ ॥
ਮਤੁ ਦੇਖਿ ਭੂਲਾ ਵੀਸਰੇ ਤੇਰਾ ਚਿਤਿ ਨ ਆਵੈ ਨਾਉ॥
ਸਿਧੁ ਹੋਵਾਂ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਸੁਲਤਾਨੁ ਹੋਵਾ ਮੇਲਿ ਲਸੁਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲ ਕਰੀ ਬੈਠਾ ਨਾਨਕਾ ਸਭੁਵਾਉ ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥

(ਆਦਿ ਗ੍ਰੰਥ-ਪੰਨਾ 14)

ਗੁਰੂ ਸਾਹਿਬ ਨੇ ਇਨਸਾਨਾਂ ਦੇ ਇਸ ਪਦਾਰਥਵਾਦੀ ਸੰਕਲਪ ਉਤੇ ਭਾਰੀ ਚੋਟ ਲਾਂਦਿਆਂ ਦਸਿਆ ਹੈ ਕਿ ਇਨ੍ਹਾਂ ਪਦਾਰਥਾਂ ਦਾ ਪਰਮਾਤਮਾ ਦੀ ਦਰਗਾਹ ਵਿਚ ਕੋਈ ਸਤਿਕਾਰ ਤੇ ਮਾਣ ਨਹੀਂ - ਕੇਵਲ ਨਾਮ ਸਿਮਰਨ ਜਾਂ ਬੰਦਗੀ ਹੀ ਹੈ ਜਿਸ ਨੂੰ ਪਰਮਾਤਮਾ ਦੇ ਦਰਬਾਰ ਵਿਚ ਉਚਤਾ ਤੇ ਮਹਾਨਤਾ ਪ੍ਰਾਪਤ ਹੋ ਸਕਦੀ ਹੈ।

ਇਸਤਰੀਆਂ ਦੇ ਸ਼ਿੰਗਾਰ ਲਈ ਵਰਤੇ ਜਾਂਦੇ ਸਾਜ਼ੋ ਸਮਾਨ ਦਾ ਜ਼ਿਕਰ ਗੁਰੂ ਜੀ ਨੇ ਇਸ ਪ੍ਰਕਾਰ ਕੀਤਾ ਹੈ -

"ਚੰਦਨ ਮੋਲ ਅਣਾਇਆ ਕੁੰਗੂ ਮਾਂਗ ਸੰਧੂਰ
ਜੇ ਧੰਨ ਕੰਤਿ ਨ ਭਾਵਈ ਤਾਂ ਸਭ ਅਡੰਬਰ ਕੂੜ॥

(ਆਦਿ ਗ੍ਰੰਥ-ਪੰਨਾ 19)

ਇਸਤਰੀਆਂ ਨਾਲ ਬਸਤਰ ਪਾ ਕੇ ਖੁਸ਼ਬੂਦਾਰ ਵਸਤੂਆਂ ਦਾ ਪ੍ਰਯੋਗ ਕਰਦੀਆਂ ਸਨ। ਮਾਂਗ ਵਿਚ ਪਾਇਆ ਸੰਧੂਰ ਸੁਹਾਗ ਦਾ ਪ੍ਰਤੀਕ ਹੁੰਦਾ, ਵੰਗਾਂ ਤੇ ਹੋਰ ਗਹਿਣੇ ਇਸਤਰੀਆਂ ਦੇ ਸ਼ਿੰਗਾਰ ਦਾ ਇਕ ਜ਼ਰੂਰੀ ਅੰਗ ਸਮਝੇ ਜਾਂਦੇ ਸਨ -

"ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥
ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ
ਹਰਿ ਜੀਉ ਇਉ ਪਿਰੁ ਭਾਵੈ ਨਾਰ ॥
ਤੁਧੁ ਭਾਵਨ ਸੁਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ॥"

(ਆਦਿ ਗ੍ਰੰਥ-ਪੰਨਾ 54)

ਗੁਰੂ ਸਾਹਿਬ ਦੀ ਰਚਨਾ ਵਿਚ ਉਸ ਵਕਤ ਦੀਆਂ ਵਿਆਹ ਤੋਂ ਬਾਅਦ ਦੀਆਂ ਕੀਤੀਆਂ ਜਾਂਦੀਆਂ ਕਈ ਰਸਮਾਂ - ਜਿਵੇਂ ਲੜਕੀ ਦਾ ਡੋਲੀ ਵਿਚ ਬੈਠ ਕੇ ਸਹੁਰੇ ਘਰ ਜਾਣਾ, ਦੰਦ ਖੰਡ ਦੇ ਚੂੜੇ ਪਹਿਨਣਾ, ਸੱਸਾਂ ਦਾ ਨੂੰਹਾਂ ਦੇ ਸਿਰਾਂ ਤੋਂ ਪਾਣੀ ਵਾਰ ਕੇ ਪੀਣਾ, ਨਵੀਂ ਆਈ ਵਹੁਟੀ ਨੂੰ ਖਾਣ ਪੀਣ ਦਾ ਚੰਗਾ ਸਾਮਾਨ ਦੇਣਾ, ਰੇਸ਼ਮ ਆਦਿ ਦੇ ਕੀਮਤੀ ਕਪੜੇ ਪਹਿਨਕੇ ਅਤੇ ਮੋਤੀਆਂ ਦੀਆਂ ਮਾਲਾਂ ਪਹਿਨਣਾ ਆਦਿ ਦਾ ਪਤਾ ਲਗਦਾ ਹੈ। ਗੁਰੂ ਜੀ ਲਿਖਦੇ ਹਨ -

"ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨ ਪਾਸਿ ॥
ਇਕੁ ਲਖੁ ਲਹਿਨ ਬਹਿਠੀਆ ਇਕ ਲਖੁ ਲਹਿਨ ਖੜੀਆ॥
ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ॥
ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ ॥"

(ਆਦਿ ਗ੍ਰੰਥ-ਪੰਨਾ 417)

ਪਲੰਘ ਨੂੰ ਰਹਿਣ ਸਹਿਣ ਤੇ ਭੋਗ ਵਿਲਾਸ ਦਾ ਇਕ ਜ਼ਰੂਰੀ ਚਿੰਨ੍ਹ ਸਮਝਿਆ ਜਾਂਦਾ ਸੀ, ਜਿਵੇਂ -

"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥"

( ਆਦਿ ਗ੍ਰੰਥ-ਪੰਨਾ 557)

ਦੁਨਿਆਵੀ ਸੁਖਾਂ ਦੀ ਪ੍ਰਾਪਤੀ ਲਈ ਜਿਹੜੇ ਲੋਕ ਲੋਭ,ਮੋਹ ਤੇ ਹੰਕਾਰ ਆਦਿ ਕਰਦੇ ਸਨ, ਉਹ ਗੁਰੂ ਜੀ ਅਨੁਸਾਰ ਆਪਣੇ ਸਿਰ ਪਾਪਾਂ ਦਾ ਭਾਰ ਚਾੜ੍ਹੀ ਜਾ ਰਹੇ ਸਨ ਜਿਵੇਂ -

"ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੁ
ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੁ "
(ਆਦਿ ਗ੍ਰੰਥ- ਪੰਨਾ 225)

ਜਨ ਸਧਾਰਨ ਦੀ ਹਾਲਤ

ਅਮੀਰ ਸ਼੍ਰੇਣੀ ਤੇ ਧਾਰਮਿਕ ਆਗੂਆਂ ਦੇ ਅਮਲੀ ਜੀਵਨ ਵਿਚ ਆਈ ਗਿਰਾਵਟ ਤੇ ਕਮਜ਼ੋਰੀ ਨੇ ਜਦ ਸਾਧਾਰਨ ਰੂਪ ਵਿਚ ਉਚੇ ਤੇ ਮਹਾਨ ਗੁਣਾਂ ਦਾ ਸੰਚਾਰ ਕਰਨ ਦੀ ਥਾਂ ਲੋਭ,ਮੋਹ, ਠੱਗੀ, ਹੰਕਾਰ ,ਅਗਿਆਨ ਤੇ ਅਡੰਬਰ ਆਦਿ ਲੈ ਆਂਦਾ ਅਤੇ ਇਹ ਵਿਚਾਰਧਾਰਾ ਹੀ ਸਮਾਜ ਦੀ ਸੰਚਾਲਕ ਸ਼ਕਤੀ ਬਣ ਗਈ ਸੀ। ਧਾਰਮਿਕ ਪੱਖ ਤੋਂ ਇਨ੍ਹਾਂ ਆਗੂਆਂ ਵਿਚ ਹਿੰਦੂ ਅਤੇ ਮੁਸਲਮਾਨ ਨਾਂ ਦੇ ਫਿਰਕੇ ਬਣ ਗਏ ਅਤੇ ਇਹ ਲੋਕ ਆਪਸ ਵਿਚ ਇਕ ਦੂਜੇ ਦੀ ਹੋਂਦ ਨੂੰ ਖਤਮ ਕਰਨ ਤੇ ਤੁਲੇ ਪਏ ਸਨ। ਉਸ ਸਮੇਂ ਦੀ ਅਵਸਥਾ ਬਾਰੇ ਪ੍ਰੋ. ਸਤਬੀਰ ਸਿੰਘ ਲਿਖਦੇ ਹਨ -

"ਮੁਸਲਮਾਨ ਹਿੰਦੂਆਂ ਨੂੰ ਧਰਤੀ ਨਿਆਈ ਸਮਝਦੇ ਸਨ। ਜੇਕਰ ਹਿੰਦੂਆਂ ਕੋਲੋਂ ਚਾਂਦੀ ਮੰਗੀ ਜਾਏ ਤਾਂ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਸੋਨਾ ਪੇਸ਼ ਕਰਨਾ ਚਾਹੀਦਾ ਹੈ। ਜੇ ਕੋਈ ਮੋਮਨ ਹਿੰਦੂ ਦੇ ਮੂੰਹ ਵਿਚ ਥੁਕਣਾ ਚਾਹੇ, ਹਿੰਦੂ ਨੂੰ ਆਪਣਾ ਮੂੰਹ ਅਡ ਦੇਣਾ ਚਾਹੀਦਾ ਹੈ ਤਾਂ ਕਿ ਥੁਕਣ ਵਿਚ ਮੁਸਲਮਾਨ ਨੂੰ ਤਕਲੀਫ਼ ਨਾ ਹੋਵੇ ।" [1]

ਜਿਥੇ ਮੁਸਲਮਾਨਾਂ ਨੇ ਹਿੰਦੂਆਂ ਦਾ ਇਹ ਹਾਲ ਕੀਤਾ ਹੋਇਆ ਸੀ,ਉਥੇ ਬ੍ਰਾਹਮਣਾਂ ਨੇ ਸ਼ੂਦਰਾਂ ਨੂੰ ਜੀਣ ਤਕ ਦਾ ਅਧਿਕਾਰ ਨਹੀ ਸੀ ਦਿੱਤਾ ਹੋਇਆ। ਆਮ ਜਨਤਾ ਦਾ ਜੀਉਣਾ ਹਰਾਮ ਹੋਇਆ ਪਿਆ ਸੀ। ਸਭ ਪਾਸੇ ਅਗਿਆਨਤਾ ਦਾ ਹਨੇਰਾ ਸੀ। ਜਿਸ ਕਰਕੇ ਗਰੀਬ ਜਨਤਾ ਆਪਣੇ ਹੱਕਾਂ ਤੇ ਅਧਿਕਾਰਾਂ ਦੇ ਗਿਆਨ ਤੋਂ ਖ਼ਾਲੀ ਹੋਈ

---

1. ਪ੍ਰੋ. ਸਤਬੀਰ ਸਿੰਘ, 'ਸਾਡਾ ਇਤਿਹਾਸ' 1469-1708, ਪੰਨਾ -21.

ਦੁਖੀ ਹੋ ਰਹੀ ਸੀ, ਜਿਵੇਂ -

ਅੰਧੀ ਰਯਤ ਗਿਆਨ ਵਿਹੂਣੀ ਭਾਇ ਭਰੇ ਮੁਰਦਾਰ।"

ਭਾਈ ਗੁਰਦਾਸ ਵੀ ਉਸ ਸਮਾਜਿਕ ਅਵਸਥਾ ਬਾਰੇ ਗੁਰੂ ਨਾਨਕ ਦੇਵ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹਨ -

"ਕਲਿ ਆਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤ ਮੁਖਹੁ ਅਲਾਈ॥

(ਵਾਰ ਪਹਿਲੀ - ਪਉੜੀ 30)

ਭਾਈ ਸਾਹਿਬ ਉਸ ਵੇਲੇ ਦੀਆਂ ਦੁਸ਼੍ਰਵ੍ਰਿਤੀਆਂ ਦੇ ਸਮੁੱਚੇ ਪਰਸਾਰ ਨੂੰ 'ਵਰਤਿਆ ਪਾਪ ਸਭਸ ਜਗ ਮਾਹੀ' ਕਹਿੰਦੇ ਹਨ, ਭਾਵ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਪਾਪ, ਝੂਠ ਇਤਿਆਦਿ ਦਾਖ਼ਲ ਹੋ ਗਏ ਸਨ, ਜਿਸ ਨਾਲ ਮਨੁੱਖਤਾ ਦੀ ਪੱਧਰ ਨੀਵੀਂ ਹੋ ਰਹੀ ਸੀ।

## ਆਵਾਜਾਈ ਦੇ ਸਾਧਨ

ਗੁਰੂ ਜੀ ਨੇ ਉਸ ਸਮੇਂ ਦਾ ਚਿੱਤਰ ਉਲੀਕਦੇ ਹੋਏ ਉਸ ਸਮੇਂ ਦੇ ਸੰਚਾਰ ਸਾਧਨਾਂ ਦਾ ਵੀ ਪ੍ਰਗਟਾਵਾ ਕੀਤਾ ਹੈ। ਆਵਾਜਾਈ ਦੇ ਸਾਧਨ ਕੀ ਹਨ? ਲੋਕ ਵਪਾਰ ਕਿਨਾਂ ਤਰੀਕਿਆਂ ਤੇ ਸਾਧਨਾਂ ਨਾਲ ਕਰਦੇ ਸਨ? ਇਹ ਸਭ ਗੁਰੂ ਸਾਹਿਬ ਦੀ ਰਚਨਾ ਵਿਚੋਂ ਪ੍ਰਤੀਬਿੰਬਿਤ ਹੁੰਦਾ ਹੈ, ਜਿਵੇਂ -

"ਨਾ ਤਰ ਨਾ ਤੁਲਹਾ ਹਮਿ ਬੂਡਸ,
ਤਾਰ ਲੇਹੁ ਤਾਰਣ ਰਾਇਆ ॥"

ਨਦੀਆਂ ਉਤੇ ਪੁਲ ਨਾ ਹੋਣ ਕਰਕੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਣ ਲਈ ਬੇੜੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਤੇਜ਼ ਲਹਿਰਾਂ ਦੇ ਵਹਾ ਅਤੇ ਪੁਰਾਣੇ ਚੱਪੂਆਂ ਦਾ ਸਦਕਾ

ਇਹ ਡੁੱਬ ਜਾਂਦੀਆਂ ਸਨ। ਇਸ ਵਿਚਾਰਧਾਰਾ ਨੂੰ ਅਧਿਆਤਮਕ ਰੰਗਣ ਦੇ ਕੇ ਗੁਰੂ ਸਾਹਿਬ ਨੇ ਪ੍ਰਗਟਾਇਆ ਹੈ -

"ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰ ॥
ਇਕ ਆਵਹਿ ਇਕ ਜਾਵਹੀ ਪੂਰ ਭਰੇ ਅਹੰਕਾਰ॥
ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰ॥
ਆਗੈ ਦੇਖਉ ਡਉਜ ਲੈ ਪਾਛੈ ਹਰਿਓ ਅੰਗਾਰ॥
(ਆਦਿ ਗ੍ਰੰਥ-ਪੰਨਾ 20)

ਉਸ ਵਕਤ ਦੇ ਬਣਦੇ ਮਿੱਟੀ ਦੇ ਭਾਂਡਿਆਂ ਤੇ ਜੂਏ ਖੇਡਣ ਦੇ ਰਿਵਾਜ ਵੀ ਗੁਰੂ ਸਾਹਿਬ ਦੀ ਰਚਨਾ ਵਿਚੋਂ ਮਿਲਦਾ ਹੈ -

"ਚਾਰੇ ਗੋਇ ਗਾਇ ਜਿਨਿ ਛੋਡੀ, ਗਲੀ ਗੋਬਿੰਦੁ ਗਰਬਿ ਭਇਆ॥
ਘੜਿ ਭਾਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤੁਈ ਕੀਆ॥"
(ਆਦਿ ਗ੍ਰੰਥ-ਪੰਨਾ 433)

ਜਾਗੀਰਦਾਰੀ ਯੁਗ ਹੋਣ ਦੇ ਕਾਰਨ ਜੰਜੀਰਾਂ ਜਾਂ ਸੰਗਲਾਂ ਨਾਲ ਬੰਨ੍ਹ ਕੇ ਸਜ਼ਾ ਵੀ ਦਿੱਤੀ ਜਾਂਦੀ ਸੀ, ਜਿਵੇਂ -

"ਕਕੈ ਕੇਸ ਪੁੰਡਰ ਜਬ ਹੂਏ, ਵਿਣੁ ਸਾਬੂਣੈ ਉਜਲਿਆ॥
ਜਮ ਰਾਜੇ ਕੇ ਹੇਰੂ ਆਏ, ਮਾਇਆ ਕੈ ਸੰਗਲਿ ਬੰਧਿ ਲਇਆ॥"
(ਆਦਿ ਗ੍ਰੰਥ-ਪੰਨਾ 432)

"ਫਫੈ ਫਾਹੀ ਸਭੁ ਜਗੁ ਫਾਸਾ, ਜਮ ਕੈ ਸੰਗਲਿ ਬੰਧਿ ਲਇਆ॥"
(ਆਦਿ ਗ੍ਰੰਥ-ਪੰਨਾ 433)

ਚੋਪੜ ਵੀ ਉਸ ਸਮੇਂ ਦੇ ਦਿਲ ਪਰਚਾਵੇ ਦਾ ਇਕ ਮਨ ਭਾਉਂਦਾ ਸਾਧਨ ਮੰਨਿਆ ਜਾਂਦਾ ਸੀ, ਇਸੇ ਲਈ ਗੁਰੂ ਸਾਹਿਬ ਸੰਸਾਰ ਨੂੰ ਚੋਪੜ ਨਾਲ ਤੁਲਨਾ ਦਿੰਦੇ ਹਨ, ਇਸ ਨੂੰ ਪਰਮਾਤਮਾ ਦੀ ਸਿਰਜਨਾ ਮੰਨਦੇ ਹਨ -

"ਬਬੈ ਬਾਜੀ ਖੇਲਣ ਲਗਾ, ਚਉਪੜਿ ਕੀਤੇ ਚਾਰਿ ਜੁਗਾ।
ਜੀਅ ਜੰਤ ਸਭ ਸਾਰੀ ਕੀਤੇ, ਪਾਸਾ ਢਾਲਣ ਆਪਿ ਲਗਾ।"
(ਆਦਿ ਗ੍ਰੰਥ-ਪੰਨਾ 433-34)

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਸਮਕਾਲੀ ਰਸਮ - ਰਿਵਾਜ

ਪੰਡਤ ਸ਼੍ਰੇਣੀ ਆਪਣੀ ਮਹਾਨਤਾ ਤੇ ਉਚਤਾ ਨੂੰ ਕਾਇਮ ਰੱਖਣ ਲਈ ਆਪਣੇ ਗਿਆਨ ਨੂੰ ਆਪਣੇ ਤਕ ਹੀ ਸੀਮਤ ਰਖ ਕੇ ਜਨਤਾ ਵਿਚ ਅਗਿਆਨਤਾ ਦਾ ਪ੍ਰਚਾਰ, ਵਾਧੂ ਵਹਿਮਾਂ ਭਰਮਾਂ ਦੇ ਰੂਪ ਵਿਚ ਕਰ ਰਹੀ ਸੀ। ਗੁਰੂ ਨਾਨਕ ਸਾਹਿਬ ਉਸ ਵੇਲੇ ਦੇ ਰਸਮਾਂ ਰਿਵਾਜਾਂ ਦਾ ਵਰਣਨ ਆਪਣੀ ਰਚਨਾ ਵਿਚ ਇਸ ਤਰ੍ਹਾਂ ਕਰਦੇ ਹਨ -

"ਸਾਹਾ ਗਣਹਿ ਨ ਕਰਹਿ ਬੀਚਾਰੁ ।
ਸਾਹੇ ਊਪਰਿ ਏਕੰਕਾਰੁ ।
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ।
ਗੁਰਮਤਿ ਹੋਇ ਤ ਹੁਕਮੁ ਪਛਾਣੈ ।
ਝੂਠ ਨ ਬੋਲਿ ਪਾਂਡੇ ਸਚੁ ਕਹੀਐ ।
ਹਉਮੈ ਜਾਇ ਸਬਦਿ ਘਰੁ ਲਹੀਐ ॥ ੧ ॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ।
ਪੜੈ ਸੁਣਾਵੈ ਤਤੁ ਨ ਚੀਨੀ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ।
ਹੋਰ ਕਥਨੀ ਬਦਉ ਨ ਸਗਲੀ ਛਾਰੁ ॥"

(ਆਦਿ ਗ੍ਰੰਥ- ਪੰਨਾ 904)

ਗੁਰੂ ਜੀ ਨੇ ਉਸ ਸਮੇਂ ਦੀ ਸਮੁੱਚੀ ਅਵਸਥਾ ਦਾ ਜਿਥੇ ਵੱਖ ਵੱਖ ਚਿੱਤਰ ਉਲੀਕਿਆ ਹੈ, ਉਸ ਨੂੰ ਸਮੁੱਚੇ ਰੂਪ ਵਿਚ ਹੇਠਲੀਆਂ ਸਤਰਾਂ ਵਿਚ ਅੰਕਿਤ ਕੀਤਾ ਹੈ -

"ਜੋਗੁ ਬੰਦੀ ਮੁਕਤੇ ਹਉ ਮਾਰੀ॥
ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤ ਵਿਰਲਾ ਵੀਚਾਰੀ॥
ਬਿਨੁ ਸਤਿਗੁਰ ਭੇਟੇ ਸਭ ਫਿਰੈ ਅਹੰਕਾਰੀ॥
ਜਗੁ ਦੁਖੀਆ ਸੁਖੀਆ ਜਨੁ ਕੋਇ॥
ਜਗੁ ਰੋਗੀ ਭੋਗੀ ਗੁਣ ਰੋਇ॥
ਜਗੁ ਉਪਜੈ ਬਿਨਸੈ ਪਤਿ ਖੋਇ॥
ਗੁਰਮੁਖਿ ਹੋਵੈ ਬੂਝੈ ਸੋਇ॥ " (ਆਦਿ ਗ੍ਰੰਥ- ਪੰਨਾ 413)

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

## ਰਾਜਨੀਤਕ ਦਸ਼ਾ

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਦੇਸ਼ ਦੀ ਰਾਜਨੀਤਕ ਹਾਲਤ ਬਹੁਤ ਨਿੱਘਰੀ ਹੋਈ ਸੀ। ਕੇਂਦਰ ਮਜ਼ਬੂਤ ਨਾ ਹੋਣ ਕਰਕੇ ਵੱਖ ਵੱਖ ਇਲਾਕਿਆਂ ਵਿੱਚ ਵੱਖ ਵੱਖ ਰਾਜ ਸਥਾਪਤ ਹੋ ਚੁੱਕੇ ਸਨ। ਜਨਤਾ ਆਪਣੇ ਨੇੜੇ ਦੇ ਹਾਕਮਾਂ ਨੂੰ ਹੀ ਆਪਣਾ ਬਾਦਸ਼ਾਹ ਸਮਝਦੀ ਸੀ। ਭਾਰਤ ਦੀ ਗਲ ਤਾਂ ਕਿਤੇ ਰਹੀ, ਇਕੱਲਾ ਪੰਜਾਬ ਹੀ ਲਾਹੌਰ, ਮੁਲਤਾਨ,ਸਰਹੰਦ ਅਤੇ ਸੁਲਤਾਨਪੁਰ ਆਦਿ ਵਖਰੇ ਵਖਰੇ ਰਾਜਾਂ ਵਿਚ ਵੰਡਿਆ ਹੋਇਆ ਸੀ। ਹਰ ਹਾਕਮ ਦੂਜੇ ਦੇ ਰਾਜ ਉੱਤੇ ਕਬਜ਼ਾ ਕਰਨ ਲਈ,ਉਸ ਦੀ ਹੋਂਦ ਖਤਮ ਕਰਨ ਲਈ ਸਾਜ਼ਸ਼ਾਂ ਕਰ ਰਿਹਾ ਸੀ। ਲੋਕ ਭਲਾਈ ਅਤੇ ਜਨਤਾ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੱਲੋਂ ਪੂਰੀ ਤਰ੍ਹਾਂ ਅਣਗਹਿਲੀ ਕੀਤੀ ਜਾ ਰਹੀ ਸੀ। ਕੇਂਦਰ ਅਤੇ ਸੂਬੇ ਦੇ ਹਾਕਮਾਂ ਦੀ ਸਥਾਨਿਕ ਚੌਧਰੀਆਂ ਉੱਤੇ ਪਕੜ ਕਮਜ਼ੋਰ ਹੋ ਗਈ ਸੀ। ਇਥੋਂ ਤਕ ਕਿ ਦੌਲਤ ਖਾਂ ਲੋਧੀ ਨੇ ਆਲਮ ਖਾਂ ਲੋਧੀ ਨਾਲ ਮਿਲਕੇ ਬਾਬਰ ਨੂੰ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਸੱਦਾ ਭੇਜਿਆ ਸੀ। ਉਸ ਦਾ ਖ਼ਿਆਲ ਸੀ ਕਿ ਉਹ ਬਾਬਰ ਨਾਲ ਮਿਲਕੇ ਇਬਰਾਹੀਮ ਲੋਧੀ ਨੂੰ ਹਾਰ ਸੌਖੀ ਤਰ੍ਹਾਂ ਦੇ ਲਵੇਗਾ ਅਤੇ ਬਾਬਰ ਦਾ ਲੁੱਟ ਦੇ ਮਾਲ ਨੂੰ ਵਾਪਸ ਲੈ ਜਾਣ ਦੇ ਬਾਅਦ ਹਿੰਦੁਸਤਾਨ ਦੇ ਤਖਤ ਉੱਤੇ ਆਸਾਨੀ ਨਾਲ ਕਬਜ਼ਾ ਕਰ ਲਵੇਗਾ। ਦੌਲਤ ਖਾਂ ਦਾ ਖ਼ਿਆਲ ਗ਼ਲਤ ਨਿਕਲਿਆ। ਪੰਜਾਬ ਵਿੱਚ ਤਿੰਨ ਪਾਸੜ ਲੜਾਈ ਸ਼ੁਰੂ ਹੋ ਗਈ। 1526 ਈਸਵੀ ਵਿਚ ਇਕ ਪਾਸੇ ਲੋਧੀ ਅਤੇ ਦੂਜੇ ਪਾਸੇ ਪਠਾਣ ਅਤੇ ਤੀਜੇ ਪਾਸੇ ਮੁਗ਼ਲ ਇਸ ਦੇਸ਼ ਉੱਤੇ ਕਬਜ਼ਾ ਕਰਨ ਲਈ ਆਪਣੀ ਆਪਣੀ ਸ਼ਕਤੀ ਲਾਉਣ ਲਗ ਪਏ। ਗੁਰੂ ਨਾਨਕ ਦੇਵ ਨੇ ਆਪਣੀ ਰਚਨਾ ਵਿਚ ਇਸ ਖਿਚੋਤਾਣ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ -

"ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥
ਜਿਨ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕ ਨਾ ਪੇਰਣ ਸਿਰ ਖੁਰ ਪਾਟੇ ਇਕ ਨਾ ਵਾਸੁ ਮਸਾਣੀ॥
ਜਿਨ ਕੇ ਬੰਕੇ ਘਰੀ ਨ ਆਇਆ,ਤਿਨ ਕਿਉ ਰੈਣ ਵਿਹਾਣੀ।"
(ਆਸਾ ਮ.੧,ਪੰਨਾ 418)

ਉਸ ਵੇਲੇ ਦੀ ਰਾਜਸੀ ਦਸ਼ਾ ਦਾ ਚਿੱਤਰ ਡਾ. ਮੁਹੰਮਤ ਲਤੀਫ ਆਪਣੇ ਸ਼ਬਦਾਂ ਵਿਚ ਇੰਜ ਚਿਤਰਦਾ ਹੈ -

"ਉਸ ਵੇਲੇ ਧੋਖਾ, ਫਰੇਬ, ਠੱਗੀ ਤੇ ਚਲਾਕੀ ਦਾ ਹੀ ਸਾਰੇ ਹਿੰਦੁਸਤਾਨ ਵਿਚ ਬੋਲਬਾਲਾ ਸੀ। ਹਿੰਦੁਸਤਾਨ ਦੀ ਹਰ ਨੁਕਰੇ ਬੇਚੈਨੀ, ਘਬਰਾਹਟ, ਪਾਪ, ਜ਼ੁਲਮ ਤੇ ਐਸ਼ ਇਸ਼ਰਤ ਹੀ ਮਿਲ ਸਕਦੇ ਸਨ।"[1]

ਗੁਰੂ ਨਾਨਕ ਦੇਵ ਜੀ ਪੰਜਾਬ ਦੇ ਪਹਿਲੇ ਭਗਤ, ਲੋਕ ਨੇਤਾ, ਸਨ, ਜਿਨ੍ਹਾਂ ਦੀ ਸਰਦਾਰੀ ਨੂੰ ਪਹਿਲੀ ਵਾਰ ਪੰਜਾਬ ਦੇ ਹਿੰਦੂਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਜੋਗੀਆਂ, ਸਿਧਾਂ, ਨਾਥਾਂ ਸੰਤਾਂ, ਭਟਾਂ ਦੇ ਸੂਫੀ ਦਰਵੇਸ਼ਾਂ ਨੇ ਹੀ ਨਹੀਂ ਮੰਨਿਆ ਸਗੋਂ ਵਿਸ਼ਵ ਦੇ ਬਹੁਤੇ ਹਿਸੇ ਨੇ ਸਾਂਝੇ ਤੌਰ ਤੇ ਬੜੀ ਸੁਹਿਰਦਤਾ ਨਾਲ ਮੰਨਿਆ ਤੇ ਸਤਿਕਾਰਿਆ। ਬਾਬਰ ਵੀ ਪਹਿਲਾ ਬਾਦਸ਼ਾਹ ਸੀ ਜਿਸ ਦੀ ਤਾਕਤ ਦੀ ਧਾਕ ਹਿੰਦੁਸਤਾਨ ਦੇ ਕਾਫੀ ਹਿੱਸੇ ਉਤੇ ਪੈ ਗਈ। ਬਾਬਰ ਤੋਂ ਪਹਿਲਾਂ ਵੀ ਪੰਜਾਬ ਸਦਾ ਆਰੀਆ, ਯੂਨਾਨੀ, ਮੰਗੋਲਾਂ, ਹੂਨਾਂ, ਕਾਸਮਾਂ, ਗਜ਼ਨਵੀਆਂ, ਗੋਰੀਆਂ, ਖਿਲਜੀਆਂ, ਤੈਮੂਰਾਂ, ਲੋਧੀਆਂ, ਪਠਾਣਾ ਆਦਿ ਦੀ ਜ਼ੋਰ ਸ਼ਕਤੀ ਨਾਲ ਲਿਤੜੀਂਦਾ ਰਿਹਾ, ਕਿਉਂਕਿ ਬਾਬਰ ਤੋਂ ਪੂਰਵ ਵਰਤੀ ਰਾਜਿਆਂ ਵਿਚੋਂ ਕੋਈ ਨਿਪੁੰਨ ਹਾਕਮ ਅਤੇ ਸ਼ਕਤੀਸ਼ਾਲੀ ਸਥਿਰ ਰਾਜ ਨਹੀਂ ਸੀ। ਇਸ ਤੋਂ ਵੱਧ ਕੇ ਇਨ੍ਹਾਂ ਛੋਟੇ ਛੋਟੇ ਰਾਜਿਆਂ ਵਿਚ ਪਰਸਪਰ ਏਕਤਾ ਨਹੀਂ ਸੀ। ਇਸ ਲਈ ਹਮਲਾਵਰ ਬਹੁਤ ਥੋੜੀ ਸ਼ਕਤੀ ਨਾਲ ਮਾਰੋ ਮਾਰ ਕਰਦੇ ਇਸ ਦੇਸ਼ ਦੀ ਇਜ਼ਤ ਆਬਰੂ ਨੂੰ ਲੁਟ ਕੇ ਬੜੀ ਆਸਾਨੀ ਨਾਲ ਵਾਪਸ ਚਲੇ ਜਾਂਦੇ। ਦੂਜਾ ਇਹ ਰਾਜੇ ਵਿਅੱਕਤੀਗਤ ਹਿੱਤਾਂ ਤੋਂ ਉਚੇ ਉਠ ਕੇ ਕਦੇ ਵੀ ਸਮਸ਼ਟੀਗਤ ਹਿੱਤਾਂ ਤਕ ਨਹੀਂ ਸਨ ਗਏ। ਆਗੂ ਵੀ ਮਨੁੱਖਤਾ ਦੀ ਰਖਿਆ ਕਰਨ ਦੀ ਥਾਂ ਹਾਕਮਾਂ ਦੇ ਹੱਥ ਠੋਕੇ ਬਣ ਕੇ ਜਨਤਾ ਨੂੰ ਨਸ਼ਟ ਕਰਨ ਤੇ ਲਗੇ ਹੋਏ ਸਨ, ਜਿਵੇਂ -

"ਕੂੜ ਬੋਲਿ ਮੁਰਦਾਰਿ ਖਾਇ, ਅਵਰੀ ਨੂੰ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ, ਨਾਨਕ ਐਸਾ ਆਗੂ ਜਾਪੈ॥"
(ਆਦਿ ਗ੍ਰੰਥ- ਪੰਨਾ 140)

---

1. ਡਾ. ਮੁਹੰਮਤ ਲਤੀਫ 'ਪੰਜਾਬ ਦਾ ਇਤਿਹਾਸ '

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਹਿੰਦੂਆਂ ਵਿਚ ਆਈ ਜ਼ਾਤ ਪਾਤ ਨੇ ਭਾਰਤ ਵਾਸੀਆਂ ਵਿਚ ਸਵੈ-ਹੀਣਤਾ ਭਰ ਦਿੱਤਾ ਸੀ ਅਤੇ ਬਾਹਰਲੇ ਦਬਾ ਅਤੇ ਰਾਜਿਆਂ ਦੇ ਜ਼ੁਲਮਾਂ ਨੇ ਤਾਂ ਉਸ ਹੀਣਤਾ ਭਾਵ ਨੂੰ ਹੋਰ ਵੀ ਪ੍ਰਬਲ ਕਰਕੇ ਭਾਰਤਵਾਸੀਆਂ ਨੂੰ ਗਊ ਮੂਰਤ ਤੇ ਨਿਰਬਲ ਬਣਾ ਦਿੱਤਾ ਸੀ। ਕੂੜ, ਪਖੰਡ,ਧੋਖਾ,ਮੱਕਰ ਫਰੇਬ ਆਦਿ ਔਗੁਣਾਂ ਦੀ ਉਸ ਵਕਤ ਪ੍ਰਧਾਨਤਾ ਸੀ। ਹਰ ਪਾਸੇ ਅਗਿਆਨਤਾ ਦੀ ਕਾਲੀ ਬੋਲੀ ਰਾਤ ਦਾ ਹੀ ਪਸਾਰਾ ਸੀ। ਇਸ ਸਮੇਂ ਬਾਬਰ ਪਹਿਲੀ ਸ਼ਕਤੀਸ਼ਾਲੀ ਬਾਦਸ਼ਾਹ ਸੀ, ਜਿਸ ਕੋਲ ਉਚੀ ਸ਼ਖਸ਼ੀਅਤ ਦੇ ਨਾਲ ਨਾਲ ਤਲਵਾਰ ਦੀ ਤਾਕਤ ਵੀ ਸੀ। ਉਹ ਬਹੁਤ ਸਾਹਸ ਤੇ ਦ੍ਰਿੜ੍ਹਤਾ ਦਾ ਸੁਆਮੀ ਸੀ। ਸਚਾਈ ਤਾਂ ਇਹ ਹੈ ਕਿ ਗੁਰੂ ਨਾਨਕ ਦੇਵ ਜਾਂ ਬਾਬਰ ਤੋਂ ਪਹਿਲਾਂ ਭਾਰਤ ਦੇਸ਼ ਨੇਤਾ ਹੀਣ ਸੀ। ਰਾਜ ਅਧਿਕਾਰੀ ਤੇ ਧਾਰਮਿਕ ਨੇਤਾ ਤਾ ਹਮੇਸ਼ਾ ਸਵਾਰਥੀ ਤੇ ਛਿੰਨ ਭੰਗਰ ਖੁਸ਼ੀਆਂ ਵਿਚ ਗਲਤਾਨ ਰਹਿੰਦੇ ਸਨ। ਜਨਤਾ ਨੂੰ ਹਰ ਵੇਲੇ ਆਪਣੇ ਰਾਜਿਆਂ ਜਾਂ ਆਗੂਆਂ ਦੇ ਸਰੀਰਕ ਅਤੇ ਆਤਮਿਕ ਧੱਕੇ ਜਾਂ ਗਲਤ ਫਹਿਮੀਆਂ ਦਾ ਸ਼ਿਕਾਰ ਬਣਨਾ ਪੈਂਦਾ ਸੀ।

"ਰਤ ਪੀਣੇ ਰਾਣੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ॥"

(ਆਦਿ ਗ੍ਰੰਥ-ਪੰਨਾ 142)

ਰਾਜ ਅਧਿਕਾਰੀ ਤੋਂ ਭੋਗ ਵਿਲਾਸ ਅਤੇ ਐਸ਼ ਇਸ਼ਰਤ ਦਾ ਜੀਵਨ ਬਸਰ ਕਰਨਾ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਸਮਝਦੇ ਸਨ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਫਿਰ ਪਤਾ ਨਹੀਂ ਇਨ੍ਹਾਂ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਹੋਣੀ ਹੈ ਜਾਂ ਨਹੀਂ। ਇਸ ਲਈ ਜਿਤਨਾ ਸੁਆਦ,ਆਨੰਦ ਤੇ ਰਸ ਇਸ ਜ਼ਿੰਦਗੀ ਵਿਚ ਰਹਿੰਦਿਆਂ ਪ੍ਰਾਪਤ ਕੀਤਾ ਜਾ ਸਕਦਾ ਸੀ - ਕਰ ਲੈਣਾ ਹੀ ਇਨਸਾਨੀ ਮਨੋਰਥ ਹੋਣਾ ਚਾਹੀਦਾ ਹੈ। ਬਾਬਰ ਵੀ ਆਪਣੇ ਸਮੇਂ ਵਿਚ ਇਹ ਖਿਆਲ ਕਰਦਾ ਸੀ -

"ਬਾਬਰ ਨਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ।"

ਮਨੁੱਖੀ ਚਰਿੱਤਰ ਵਿੱਚ ਉਚਤਾ ਲਿਆਉਣ ਵਾਲੇ ਸ਼ਰਮ,ਸੰਜਮ,ਸੰਤੋਖ ਆਦਿ ਸੱਦ ਗੁਣ ਤਾਂ ਉਡਾਰੀ ਹੀ ਲਾ ਚੁਕੇ ਸਨ। ਲੋਕਾਂ ਨੂੰ ਆਤਮਿਕ ਉਚਤਾ ਦੇ

ਸਾਧਨ ਪਰਦਾਨ ਕਰਨ ਵਾਲੇ ਧਾਰਮਿਕ ਨੇਤਾ ਤਾਂ ਮਨੁੱਖਤਾ ਦੇ ਉਜਾੜੇ ਦਾ ਸਮਾਨ ਤਿਆਰ ਕਰ ਰਹੇ ਸਨ, ਜਿਵੇਂ -

"ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥
(ਆਦਿ ਗ੍ਰੰਥ-ਪੰਨਾ 662)

ਮੰਦਰਾਂ,ਮਸੀਤਾਂ ਦੇ ਰਖਿਅਕਾਂ ਅਤੇ ਅਧਿਆਤਮਕ ਅਧਿਆਪਕਾਂ ਦੀ ਅਪਕਰਸ਼ਮਈ ਹਾਲਤ ਦੇ ਪ੍ਰਤੀ ਕਰਮ ਵਜੋਂ ਧਾਰਮਿਕ ਸਥਾਨਾਂ ਦੀ ਉਚਤਾ ਤੇ ਪਵਿੱਤਰਤਾ ਨਸ਼ਟ ਹੋ ਚੁੱਕੀ ਸੀ -

"ਥਾਨਸਟ ਜਗ ਭਰਿਸਟ ਹੋਇ,
ਡੂਬਤ; ਇਵ ਜਗੁ ॥"
(ਆਦਿ ਗ੍ਰੰਥ-ਪੰਨਾ 662)

ਬ੍ਰਾਹਮਣ ਤੇ ਪੰਡਤ ਤਾਂ ਸਪੱਸ਼ਟ ਰੂਪ ਵਿਚ ਪਾਖੰਡਾਂ ਤੇ ਭੇਖਾਂ ਵਿਚ ਵਿਸ਼ਵਾਸ਼ ਰਖਦੇ ਹੋਏ ਆਪਣੀ ਆਤਮਿਕ ਉਚਤਾ ਦੀਆਂ ਡੀਗਾਂ ਮਾਰਦੇ ਸਨ -

"ਅਖੀ ਤ ਮੀਟਹਿ ਨਾਕ ਪਕੜਹਿ
ਠਗਣ ਕਉ ਸੰਸਾਰ ।"
(ਆਦਿ ਗ੍ਰੰਥ-ਪੰਨਾ 662)

ਗਿਆਨ ਧਿਆਨ ਕਛੁ ਸੂਝੈ ਨਾਹੀ
ਚਤੁਰੁ ਕਹਾਵੈ ਪਾਂਡੇ ॥"
(ਆਦਿ ਗ੍ਰੰਥ-ਪੰਨਾ 1290)

ਬ੍ਰਾਹਮਣ ਸ਼੍ਰੇਣੀ ਜਦੋਂ ਆਪਣੀ ਐਸ਼ ਇਸ਼ਰਤ ਦੇ ਸਾਧਨ ਆਪਣੇ ਹੱਥੋ ਜਾਂਦੇ ਵੇਖੇ ਅਤੇ ਇਸਲਾਮ ਧਰਮ ਆਪਣੀ ਸਵਾਰਥੀ ਰੁਚੀਆਂ ਦੀ ਪੂਰਤੀ ਹੁੰਦੀ ਵੇਖੀ ਤਾਂ ਉਸ ਨੇ ਇਸਲਾਮੀ ਰਹਿਤ ਮਰਯਾਦਾ ਅਨੁਸਾਰ ਜ਼ਿੰਦਗੀ ਚਲਾਉਣੀ ਹੀ ਉਚਿਤ ਸਮਝੀ -

"ਨੀਲ ਬਸਤਰ ਲੈ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ ॥"
(ਆਦਿ ਗ੍ਰੰਥ-ਪੰਨਾ 472)

ਇਹ ਲੋਕ ਮੁਗਲਾਂ ਵਾਲੇ ਨੀਲੇ ਬਸਤਰ ਪਹਿਨ ਕੇ ਰਾਜ ਦਰਬਾਰ ਵਿੱਚ ਮਾਨ ਤੇ ਵਡਿਆਈ ਪ੍ਰਾਪਤ ਕਰਦੇ ਸਨ। ਆਪਣੇ ਧਰਮ ਨੂੰ ਤਿਆਗਣ ਨਾਲ ਇਨ੍ਹਾਂ ਵਿਚੋਂ ਸਵੈਮਾਨ, ਸਵੈ-ਸਤਿਕਾਰ ਅਤੇ ਸਵੈ-ਸਭਿਆਚਾਰ ਦਾ ਖਾਤਮਾ ਹੋ ਗਿਆ ਸੀ। ਇਹ ਆਪਣੇ ਧਰਮ ਤੇ ਬੋਲੀ ਨੂੰ ਮੁਸਲਮਾਨੀ ਧਰਮ ਤੇ ਬੋਲੀ ਵਿਚ ਪਰਵਰਤਿਤ ਕਰਨ ਵਿਚ ਹੀ ਆਪਣਾ ਮਾਨ ਤੇ ਗੌਰਵ ਅਨੁਭਵ ਕਰਦੇ ਸਨ -

"ਅੰਤਰਿ ਪੂਜਾ ਪੜਹਿ ਕਤੇਬਾਂ,
ਸੰਜਮੁ ਤੁਰਕਾਂ ਭਾਈ॥"
(ਆਦਿ ਗ੍ਰੰਥ-ਪੰਨਾ 470 )

ਵੇਦਾਂ ਸ਼ਾਸ਼ਤਰਾਂ ਆਦਿ ਉਚਤਮ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਨੂੰ ਤਿਆਗ ਕੇ ਇਸਲਾਮੀ ਭਾਸ਼ਾ ਫਾਰਸੀ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਸਾਧਨ ਬਣਾ ਰਹੇ ਸਨ -

"ਘਰਿ ਘਰਿ ਮੀਆਂ ਸਭਨ ਜੀਆਂ
ਬੋਲੀ ਅਵਰ ਤੁਮਾਰੀ ॥"
(ਆਦਿ ਗ੍ਰੰਥ-ਪੰਨਾ 1191)

ਧਾਰਮਿਕ ਆਗੂਆਂ ਨੇ ਸਿਰਫ ਧਰਮ, ਗ੍ਰੰਥ ਤੇ ਬੋਲੀ ਦਾ ਹੀ ਨਿਜੀ ਤੇ ਵਿਅੱਕਤੀ ਸੁਖਾਂ ਲਈ ਤਿਆਗ ਨਹੀਂ ਸੀ ਕੀਤਾ, ਸਗੋਂ ਆਪਣੇ ਬਾਹਰਲੇ ਰੂਪ ਨੂੰ ਵੀ ਬਦਲ ਕੇ ਮੁਸਲਮਾਨੀ ਲਿਬਾਸ ਪਹਿਨ ਲਿਆ ਸੀ ਅਤੇ ਜਨਤਾ ਦਾ ਖ਼ੂਨ ਪੀਣ ਵਾਲਿਆਂ ਕੋਲੋਂ ਪੈਸੇ ਲੈ ਕੇ ਆਪਣੀ ਜ਼ਿੰਦਗੀ ਨੂੰ ਚਲਾਉਣਾ ਸ਼ੁਰੂ ਕਰ ਦਿੱਤਾ ਸੀ -

"ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੈ ਪੂਜਹਿ ਪੁਰਾਣੁ ॥"
(ਆਦਿ ਗ੍ਰੰਥ-ਪੰਨਾ 472)

ਬ੍ਰਾਹਮਣ ਧਾਰਮਿਕ ਆਗੂਆਂ ਨੇ ਅਸਥਾਈ ਸਵੈ-ਹਿਤਾਂ ਲਈ ਕੇਵਲ ਆਪਣੀ ਸਰੀਰਕ ਅਤੇ ਆਤਮਿਕ ਰਹਿਤ ਮਰਯਾਦਾ ਨੂੰ ਬਦਲਿਆ ਹੀ ਨਹੀਂ ਸੀ ਸਗੋਂ ਆਪਣੀ ਅਸੂਲਾਂ/ਨੂੰ ਹਿੰਦੂ ਧਰਮ ਦੇ ਬੁਨਿਆਦੀ ਸਿਧਾਂਤਾਂ ਦਾ ਗਲਾ ਘੁੱਟ ਕੇ ਆਪਣੀ ਆਤਮਾ ਨੂੰ ਕੁਚਲ ਦਿੱਤਾ ਸੀ, ਆਪਣੇ ਸਵੈ-ਅਣਖ ਤੇ ਸਵੈ-ਸਤਿਕਾਰ ਨੂੰ ਡੂੰਘੀਆਂ ਖੱਡਾਂ ਵਿਚ ਸੁੱਟ ਦਿੱਤਾ ਸੀ -

"ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥"

(ਆਦਿ ਗ੍ਰੰਥ-ਪੰਨਾ 472)

ਇਹ ਸਮੁੱਚਾ ਪਰਿਵਰਤਨ ਮੁਗਲ ਦਰਬਾਰ ਵਿਚ ਪਰਵਾਨ ਚੜ੍ਹਨ ਲਈ ਹੀ ਸੀ। ਹਿੰਦੂ ਧਾਰਮਿਕ ਆਗੂ ਮਾਣ ਨੂੰ ਬਰਕਰਾਰ ਰਖਣ ਲਈ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਦੋਹਾਂ ਪੱਖਾਂ ਤੋ ਖਤਮ ਕਰ ਰਹੇ ਸਨ। ਗੁਰੂ ਨਾਨਕ ਦੇਵ ਨੂੰ ਇਹ ਸਭ ਕੁਝ ਮਸਨੂਈਪਨ ਤੇ ਪਖੰਡ ਤੋਂ ਵੱਧ ਹੋਰ ਕੁਝ ਨਾ ਲਗਾ। ਗੁਰੂ ਨਾਨਕ ਦੇਵ ਦਾ ਮੰਤਵ ਕਿਸੇ ਧਰਮ ਨੂੰ ਬਚਾਉਣਾ ਜਾਂ ਕਿਸੇ ਧਰਮ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣਾ ਨਹੀਂ ਸੀ, ਉਹ ਤਾਂ ਲੋਕਾਂ ਨੂੰ ਉਨ੍ਹਾਂ ਦੀ ਆਤਮਿਕ ਤੇ ਮਾਨਸਿਕ ਗੁਲਾਮੀ ਤੋਂ ਬਚਾਉਣਾ ਚਾਹੁੰਦੇ ਸਨ। ਇਹ ਡਿਗਦੀ ਹੋਈ ਕੌਮੀ ਸਭਿਅਤਾ ਨੂੰ ਠਲ੍ਹਣਾ ਚਾਹੁੰਦੇ ਸਨ।

ਇਸ ਅਪਕਰਸ਼ਮਈ ਸਥਿੱਤੀ ਸਮੇਂ ਭਾਰਤਵਾਸੀ ਸਰੀਰਕ ਤੇ ਆਤਮਿਕ ਤੌਰ ਤੇ ਗੁਲਾਮ ਬਣ ਰਹੇ ਸਨ, ਅਤੇ ਬਾਬਰ ਆਪਣੀ ਤਾਕਤ ਨਾਲ ਉਨ੍ਹਾਂ ਦੀ ਗੁਲਾਮੀ ਵਿਚ ਹੋਰ ਵੀ ਵਾਧਾ ਕਰ ਰਿਹਾ ਸੀ। ਬਾਬਰ ਨੇ ਹਿੰਦੁਸਤਾਨ ਨੂੰ ਜਿੱਤਣ ਲਈ 1519 ਤੋਂ 15 1526 ਈਸਵੀ ਦੇ ਦਰਮਿਆਨ ਹਿੰਦੁਸਤਾਨੀਆਂ ਉਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ। ਜਿਥੇ ਹਿੰਦੁਸਤਾਨ ਵਿਚ ਕੁਝ ਚੰਗੀ ਕਾਰਨਾਮਿਆਂ ਕਰਕੇ ਬਾਬਰ ਦਾ ਨਾਂ ਸੁਨਹਿਰੀ ਪੰਨਿਆਂ ਤੇ ਚਮਕਦਾ ਹੈ, ਉਥੇ ਉਸ ਦਾ ਭਾਰਤ ਵਾਸੀਆਂ ਲਈ ਕੀਤਾ ਜ਼ੁਲਮ ਤੇ ਅਨਿਆ ਉਸ ਦੇ ਚਮਕਦੇ ਨਾਂ ਉਤੇ ਇਕ ਕਾਲਖ ਦਾ ਨਾ ਮਿਟਾਇਆ ਜਾਣ ਵਾਲਾ

ਟਿੱਕਾ ਹੈ। ਗੁਰੂ ਸਾਹਿਬ ਨੇ ਬਾਬਰ ਵਲੋਂ ਢਾਹੇ ਜ਼ੁਲਮਾਂ ਨੂੰ ਅਤਿ ਦੁੱਖੀ ਰੂਪ ਵਿਚ ਮਹਿਸੂਸ ਕੀਤਾ ਅਤੇ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ ਪਰਮਾਤਮਾ ਨੂੰ ਉਲਾਂਭਾ ਦੇਣ ਤੇ ਮਜਬੂਰ ਹੋ ਗਏ -

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰ ਮੁਗਲ ਚੜ੍ਹਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ॥"
(ਆਦਿ ਗ੍ਰੰਥ- ਪੰਨਾ 360)

ਬਾਬਰ ਵਰਗੇ ਜਾਬਰ ਦੀ ਫੌਜ ਨੂੰ 'ਪਾਪ ਕੀ ਜੰਞ' ਅਤੇ 'ਰਤਨ ਵਿਗਾੜ ਵਿਗੋਏ ਕੁਤੀ' ਕਹਿਣਾ ਗੁਰੂ ਨਾਨਕ ਦੇਵ ਦੀ ਮਨੁੱਖਤਾ ਪ੍ਰਤੀ ਹਮਦਰਦੀ ਅਤੇ ਨਿਡਰ ਸ਼ਖਸੀਅਤ ਹੋਣ ਦੀ ਸਾਖੀ ਭਰਦਾ ਹੈ। ਗੁਰੂ ਸਾਹਿਬ ਨੂੰ ਇਸ ਦੁਨੀਆਂ ਉਤੇ ਬਾਬਰ ਨਾਲੋਂ ਵਡਾ ਸ਼ਕਤੀਸ਼ਾਲੀ ਰਾਜਾ ਨਜ਼ਰ ਨਹੀ ਸੀ ਆਉਂਦਾ, ਜਿਸ ਅਗੇ ਉਹ ਬਾਬਰ ਦੀ ਧਕੇਸ਼ਾਹੀ ਅਤੇ ਜ਼ਾਲਮਾਨਾ ਵਤੀਰੇ ਦੀ ਦਾਸਤਾਨ ਕਹਿ ਸਕਦੇ। ਉਨ੍ਹਾਂ ਨੂੰ ਸਰਵ ਸ਼ਕਤੀਮਾਨ ਪਰਮਾਤਮਾ ਹੀ ਨਜ਼ਰ ਆਇਆ ਅਤੇ ਉਸ ਨੂੰ ਗੁਰੂ ਸਾਹਿਬ ਨੇ ਬੜੇ ਸ਼ਕਤੀ ਭਰੇ ਵਤੀਰੇ ਨਾਲ ਤਾਕਤਵਰਾਂ ਦੀ ਨਿਤਾਣਿਆਂ ਉਤੇ ਕੀਤੀ ਚੜ੍ਹਾਈ ਦਾ ਬਿਆਨ ਕੀਤਾ, ਜਿਵੇਂ -

ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥"
(ਆਦਿ ਗ੍ਰੰਥ- ਪੰਨਾ 360)

ਇਸ ਤਰ੍ਹਾਂ ਗੁਰੂ ਸਾਹਿਬ ਨੇ ਬਿਨਾਂ ਕਿਸੇ ਝਿਜਕ ਦੇ ਜਾਬਰ ਬਾਦਸ਼ਾਹ ਦਾ ਗਿਲਾ ਉਸ ਦੇ ਸਾਹਮਣੇ ਹੀ ਕਰ ਦਿੱਤਾ। ਇਹ ਉਨ੍ਹਾਂ ਦੀ ਸਚਾਈ ਨੂੰ ਜ਼ੋਰਦਾਰ ਸ਼ਬਦਾਂ ਵਿਚ ਕਹਿਣ ਦੀ ਰੁਚੀ ਦਾ ਲਖਾਇਕ ਹੈ। ਉਨ੍ਹਾਂ ਨੇ ਬਾਬਰ ਨੂੰ ਜਮਰੂਪ ਤਕ ਕਹਿਣ ਦੀ ਦਲੇਰੀ ਕਰ ਲਈ। ਇਹ ਨਿਡਰਤਾ ਉਸ ਸਮੇਂ ਜਾਂ ਉਸ ਤੋਂ ਪਹਿਲੇ ਦੇ ਕਿਸੇ ਸਾਹਿੱਤਕਾਰ ਦੀ ਰਚਨਾ ਵਿਚੋਂ ਨਹੀਂ ਮਿਲਦੀ। ਉਸ ਸਮੇਂ ਕਿਸੇ ਵੀ ਸਾਹਿਤਕਾਰ ਨੇ ਵਕਤ ਦੇ ਜਾਬਰ ਦੇ ਖਿਲਾਫ ਇਤਨੀ ਬਗਾਵਤ ਤੇ ਦ੍ਰਿੜ੍ਹਤਾ ਨਾਲ ਆਵਾਜ਼ ਨਹੀ ਉਠਾਈ।

ਗੁਰੂ ਸਾਹਿਬ ਨੇ ਜਿਥੇ ਬਾਬਰ ਦੇ ਕਤਲਾਮ ਨਾਲ ਹਿੰਦੂਆਂ ਅਤੇ ਉਨ੍ਹਾਂ ਦੀਆਂ ਇਸਤਰੀਆਂ ਦੀ ਹੋਈ ਭੈੜੀ ਹਾਲਤ ਦਾ ਬਿਆਨ ਕੀਤਾ ਹੈ,ਖ਼ੂਨ ਦੇ ਸੋਹਿਲੇ ਗਾਏ ਹਨ, ਅਤੇ ਆਪਣੇ ਦਿਲੀ ਦੁੱਖ ਦਰਦ ਭਰੇ ਸ਼ਬਦਾਂ ਨੂੰ ਅੰਕਿਤ ਕੀਤਾ ਹੈ, ਉਥੇ ਮੁਸਲਮਾਨ ਬਾਦਸ਼ਾਹ ਬਾਬਰ ਦੇ ਹਮਲੇ ਕਾਰਨ ਮੁਸਲਮਾਨਾਂ ਤੇ ਮੁਸਲਮਾਨੀਆਂ ਦੀ ਜੋ ਦੁਰਗਤੀ ਹੋਈ, ਜੋ ਇਜ਼ਤ ਖਰਾਬ ਹੋਈ ਉਸ ਦਾ ਚਿੱਤਰ ਵੀ ਵਡੀ ਪਰਬੀਨਤਾ ਨਾਲ ਖਿਚਿਆ ਹੈ -

"ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ
ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ॥"

ਜਾਂ

"ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ॥
ਸੇ ਸਿਰ ਕਾਤੀ ਮੁੰਨੀਅਨ ਗਲ ਵਿਚ ਆਵੈ ਧੂੜਿ ॥
ਮਹਲਾ ਅੰਦਰ ਹੋਦੀਆਂ ਹੁਣ ਬਹਿਣ ਨ ਮਿਲਨ ਹਦੂਰਿ ॥"

(ਅਸਟਪਦੀਆਂ ਘਰ 3, ਪੰਨਾ 417)

ਮੁਸਲਮਾਨ ਹਮਲਾਵਰਾਂ ਨੇ ਧਨ ਪਦਾਰਥ ਅਤੇ ਇਜ਼ਤ ਲੁਟਣ ਵਿਚ ਕੇਵਲ ਹਿੰਦੂਆਂ ਨੂੰ ਹੀ ਆਪਣਾ ਸ਼ਿਕਾਰ ਨਾ ਬਣਾਇਆ ਸਗੋਂ ਉਹ ਤਾਂ ਲੁਟੇਰੇ ਸਨ। ਕੋਈ ਧਾਰਮਿਕ ਆਦਰਸ਼ ਲੈ ਕੇ ਨਹੀ ਆਏ ਸਨ ਕੇਵਲ ਲੁਟਣ ਦੇ ਖ਼ਿਆਲ ਨਾਲ ਹੀ ਆਏ ਸਨ। ਇਸ ਲਈ ਉਨ੍ਹਾਂ ਨੇ ਮੁਸਲਮਾਨੀਆਂ ਦੇ ਬੁਰਕਿਆਂ ਨੂੰ ਪਾੜ ਕੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕੀਤੀ ਅਤੇ ਇਸੇ ਤਰ੍ਹਾਂ ਹੀ ਹਿੰਦਵਾਣੀਆਂ ਅਤੇ ਹੋਰ ਜਾਤੀਆਂ ਦੀਆਂ ਇਸਤਰੀਆਂ ਨਾਲ ਦੁਰ ਵਿਹਾਰ ਕੀਤਾ ਗਿਆ, ਜਿਵੇਂ -

"ਕਾਜੀਆਂ ਬਾਮਣਾਂ ਕੀ ਗਲ ਥਕੀ ਅਗਦੁ ਪੜੈ ਸੈਤਾਨ ਵੇ ਲਾਲੋ ॥
ਮੁਸਲਮਾਨੀਆਂ ਪੜਹਿ ਕਤੇਬਾਂ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰ ਹਿਦਵਾਣੀਆਂ ਇਹ ਭੀ ਲੇਖੇ ਲਾਇ ਵੇ ਲਾਲੋ ॥

( ਆਦਿਗ੍ਰੰਥ- ਪੰਨਾ 722)

ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਰਾਜਸੀ ਦਸ਼ਾ ਨੂੰ ਹੋਰ ਕਈ ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਬਿਆਨ ਕੀਤਾ ਹੈ। ਪਰ ਉਨ੍ਹਾਂ ਵਰਗੀ

ਕਲੈਰੀ ਅਤੇ ਦਰਦ ਭਰਿਆ ਬਿਆਨ ਉਸ ਸਮੇਂ ਦੀ ਜਾਂ ਪਹਿਲਾਂ ਦੀ ਕਿਸੇ ਵੀ ਇਤਿਹਾਸਕ ਜਾਂ ਸਾਹਿੱਤਕ ਕ੍ਰਿਤ ਵਿਚ ਨਹੀ ਮਿਲਦਾ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਦਲੈਰੀ ਦਾ ਅੰਸ਼ ਹੈ, ਜਿਸ ਨਾਲ ਉਨ੍ਹਾਂ ਨੇ ਸਾਰੇ ਸਮਾਜ ਨੂੰ ਝੰਜੋੜਿਆ, ਜਾਬਰਾਂ ਨੂੰ ਵੰਗਾਰਿਆ, ਅਤਿਆਚਾਰਾਂ ਵਿਰੁਧ ਰੋਸ ਪ੍ਰਗਟ ਕੀਤਾ ਅਤੇ ਹਰ ਸੱਚੀ ਗਲ ਨੂੰ ਦੁਸ਼ਟਾਂ ਦੇ ਮੂੰਹ ਤੇ ਹੀ ਕਹਿ ਦਿੱਤਾ। ਗੁਰੂ ਨਾਨਕ ਦੇਵ ਨੂੰ ਇਸ ਇਤਿਹਾਸਕ ਨਿਰਣੇ ਸਮੇਂ ਦੀ ਯਥਾਰਥਕ ਚਿੱਤਰ ਦੇ ਰਾਜਨੀਤਕ ਜ਼ੁਲਮ ਨੂੰ ਆਪਣੀ ਰਚਨਾ ਵਿਚ ਸਦਾ ਲਈ ਸੰਭਾਲ ਰਕਰਕੇ ਹੀ ਬਾਬਰ ਦੀ ਜੇਲ ਕਟਣੀ ਅਤੇ ਚੱਕੀ ਪੀਹਣੀ ਪਈ।

ਗੁਰੂ ਨਾਨਕ ਦੇਵ ਭਾਰਤ ਵਾਸੀਆਂ ਦਾ ਬਾਬਰ ਦੇ ਮੁਕਾਬਲੇ ਉਤੇ ਹਾਰਨ ਦਾ ਕਾਰਨ ਇਉਂ ਦਸਦੇ ਹਨ -

"ਜਿਸ ਨੋ ਆਪਿ ਖੁਆਏ ਕਰਤਾ ਖਸਿ ਲਏ ਚੰਗਿਆਈ।"
(ਆਦਿ ਗ੍ਰੰਥ-ਪੰਨਾ 417)

ਭਾਵ ਪਰਮਾਤਮਾ ਜਿਨ੍ਹਾਂ ਬੰਦਿਆਂ ਨੂੰ ਖਰਾਬ ਕਰਨਾ ਚਾਹੁੰਦਾ ਹੈ, ਉਨ੍ਹਾਂ ਕੋਲੋਂ ਉਹ ਨੇਕੀ ਪਵਿੱਤਰਤਾ, ਸੰਜਮ,ਸਾਦਗੀ,ਨਾਮ ਸਿਮਰਨ ਦੀ ਦਾਤ ਅਤੇ ਕੁਰਬਾਨੀ ਆਦਿ ਦੈਵੀ ਗੁਣ ਖੋਹ ਕੇ ਉਨ੍ਹਾਂ ਦੀ ਥਾਂ ਹੰਕਾਰ,ਭੋਗ-ਵਿਲਾਸ ਅਤੇ ਦੁਨਿਆਵੀ ਪਦਾਰਥਾਂ ਦੀ ਮਸਤੀ ਆਦਿ ਔਗੁਣ ਦੇ ਦਿੰਦਾ ਹੈ। ਭਾਰਤ ਦੇ ਛੋਟੇ ਛੋਟੇ ਇਲਾਕਿਆਂ ਦੇ ਰਾਜੇ ਰੰਗ ਰਲੀਆਂ ਮਨਾ ਰਹੇ ਸਨ - ਦੁਨਿਆਵੀ ਤ੍ਰਿਸ਼ਨਾਵਾਂ ਦੀ ਪੂਰਤੀ ਕਰ ਰਹੇ ਸਨ, ਜਿਸ ਲਈ ਉਹ ਬਾਬਰ ਦਾ ਮੁਕਾਬਲਾ ਨਾ ਕਰ ਸਕੇ -

"ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ।।
ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ।।
(ਆਦਿ ਗ੍ਰੰਥ-ਪੰਨਾ 58 )

ਰਾਜੇ ਜਿਨ੍ਹਾਂ ਦਾ ਕੰਮ ਜਨਤਾ ਦੇ ਹਿਤਾਂ ਦੀ ਰਖਵਾਲੀ ਕਰਨੀ,ਜਨਤਾ ਨੂੰ ਅੰਦਰੂਨੀ ਤੇ ਬੈਰੂਨੀ ਦੁਖਾਂ ਤੇ ਕਸ਼ਟਾਂ ਤੋਂ ਮੁਕਤ ਕਰਨਾ, ਲੋਕਾਂ ਵਿਚ ਪਰਸਪਰ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਕਰਨੀ ਅਤੇ ਉਨ੍ਹਾਂ ਦੀਆਂ ਜ਼ਿੰਦਗੀ ਦੀਆਂ ਬੁਨਿਆਦੀ

ਲੋੜਾਂ ਕੁਲੀ, ਗੁਲੀ ਅਤੇ ਜੁਲੀ ਆਦਿ ਨੂੰ ਪੂਰਾ ਕਰਨਾ ਹੁੰਦਾ ਹੈ, ਖੁਦ ਆਪ ਜਨਤਾ ਦਾ ਉਜਾੜਾ ਕਰ ਰਹੇ ਸਨ। ਜਨਤਾ ਦਾ ਖੂਨ ਪੀ ਰਹੇ ਸਨ, ਉਨ੍ਹਾਂ ਦੇ ਹੱਕਾਂ ਉਤੇ ਛਾਪੇ ਮਾਰ ਰਹੇ ਸਨ, ਜਨਤਾ ਨੂੰ ਕਸਾਈਆਂ ਵਾਂਗ ਕੋਹ ਰਹੇ ਸਨ। ਨੌਕਰ ਚਾਕਰ ਉਸ ਰਾਜੇ ਸ਼ੇਰ ਦੀਆਂ ਨਹੁੰਦਰਾਂ ਜਿਨ੍ਹਾਂ ਦੇ ਕਲੇਜੇ ਘਾਉ ਕਰਕੇ ਸਦਾ ਆਪਣੇ ਮੂੰਹ ਖੂਨ ਜਨਤਾ ਦੇ ਖੂਨ ਨਾਲ ਲਿਬੜੀ ਰਖਣਾ ਰਾਜਿਆਂ ਦਾ ਇਕ ਸੁਭਾਵਕ ਕਰਮ ਸੀ। ਰਾਜੇ ਸ਼ੇਰ ਤਾਂ ਮਾਸ ਦੀਆਂ ਬੋਟੀਆਂ ਹੀ ਖਾਂਦੇ ਸਨ, ਪਰ ਅਮੀਰ ਅਹਿਲਕਾਰ ਤਾਂ ਕੋਹੇ ਹੋਏ ਇਨਸਾਨ ਨੂੰ ਹੋਰ ਵੀ ਜ਼ਿਆਦਾ ਕੋਹਦੇ ਤੇ ਦੁਖੀ ਕਰਦੇ ਸਨ -

"ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।"

( ਵਾਰ ਆਸਾ ਕੀ ਮ. ੧, ਪੰਨਾ 145)

" ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।।

(ਆਦਿ ਗ੍ਰੰਥ- ਪੰਨਾ 1288)

ਚਾਰੇ ਪਾਸੇ ਝੂਠ ਦੇ ਪੈਰ ਸਨ। ਸੱਚ ਤਾਂ ਕਿਧਰੇ ਨਜ਼ਰ ਨਹੀ ਸੀ ਆਉਂਦਾ। ਪਰਜਾ ਰਾਜਿਆਂ ਦੇ ਜ਼ੁਲਮ ਤੋਂ ਤੰਗ ਆ ਚੁੱਕੀ ਸੀ -

ਲਬ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ
ਕਾਮੁ ਨੇਬੁ ਸਦਿ ਪੁਛੀਐ। ਬਹਿ ਬਹਿ ਕਰੇ ਬੀਚਾਰੁ।।
ਅੰਧੀ ਰਯਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।।

ਇਨ੍ਹਾਂ ਰਾਜਿਆਂ ਦੇ ਕਠੋਰ ਦਿਲ ਬਾਰੇ ਗੁਰੂ ਸਾਹਿਬ ਲਿਖਦੇ ਹਨ -

"ਦਰਸਨਿ ਦੇਖਿਐ ਦਇਆ ਨ ਹੋਇ।"

ਇਹ ਰਾਜੇ ਬੜੇ ਸਜ ਧਜ ਕੇ ਤਖ਼ਤ ਉਪਰ ਬਿਰਾਜਮਾਨ ਹੋਇਆ ਕਰਦੇ ਸਨ ਜਿਵੇ -

"ਤਖ਼ਤ ਬਹੈ ਤਖਤੈ ਕੀ ਲਾਇਕ "

ਇਨ੍ਹਾਂ ਰਾਜਿਆਂ ਕੋਲ ਬਹੁਤ ਹੀ ਫੌਜ ਹੁੰਦੀ ਸੀ ਜੋ ਕਿ ਰਾਜਿਆਂ ਦਾ ਬਹੁਤ ਆਦਰ ਮਾਨ ਕਰਦੀ ਜਿਵੇਂ -

"ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ।
ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ॥"
(ਆਦਿ ਗ੍ਰੰਥ-ਪੰਨਾ 357)

ਇਹ ਵੱਡੇ ਵੱਡੇ ਰਾਜੇ ਹਕੂਮਤ ਕਰਦੇ ਸੀ, ਜਿਵੇਂ -

"ਮਹਰ ਮਲੂਕ ਕਹਾਈਐ ਰਾਜਾ ਰਾਓ ਕਿ ਖਾਨ
ਚਉਧਰੀ ਰਾਓ ਸਦਾਈਐ ਜਲਿ ਬਲੀਐ ਅਭਿਮਾਨ।"

ਲੜਾਈ ਸਮੇਂ ਜੋ ਹਥਿਆਰ ਤੇ ਜਾਨਵਰ ਕੰਮ ਆਉਂਦੇ ਸੀ, ਉਨ੍ਹਾਂ ਦਾ ਜ਼ਿਕਰ ਵੀ ਗੁਰੂ ਸਾਹਿਬ ਦੀ ਬਾਣੀ ਵਿਚੋਂ ਮਿਲਦਾ ਹੈ, ਜਿਵੇਂ ਘੋੜਿਆਂ ਦਾ ਜ਼ਿਕਰ -

"ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ।"

ਯੁੱਧ ਦੇ ਮੈਦਾਨ ਵਿਚ ਤੇਗ ਚਲਾਈ ਜਾਂਦੀ ਸੀ ਜਿਵੇਂ -

"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।
ਓਨੀ ਤੁਪਕ ਤਾਣਿ ਚਲਾਈ ਓਨੀ ਹਸਤ ਚਿੜਾਈ ॥"

ਪਰ ਗੁਰੂ ਜੀ ਨੇ ਇਸ ਐਸ਼ ਇਸ਼ਰਤ, ਰਾਜੇ ਮਹਿਲ ਮਾੜੀਆਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ -

"ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰ
ਕੂੜੁ ਮੰਡਪ ਕੂੜੁ ਮਾੜੀ, ਕੂੜੁ ਬੈਸਣ ਹਾਰ।"

ਕਾਜ਼ੀ ਜੋ ਲੜਾਈ ਝਗੜਿਆਂ ਦਾ ਨਿਆਂ ਜਾਂ ਫੈਸਲਾ ਕਰਦਾ ਸੀ, ਖੁਦ ਆਪ ਗਲਤ ਤੇ ਨੀਵੀਆਂ ਰੁਚੀਆਂ ਦਾ ਧਾਰਨੀ ਬਣ ਚੁੱਕਾ ਸੀ। ਰਿਸ਼ਵਤ ਨੂੰ ਫੈਸਲੇ ਦੇਸ ਆਧਾਰ ਬਣਾਇਆ ਜਾਂਦਾ ਸੀ ਜਿਸ ਨਾਲ ਸੱਚੇ ਕੋਹੇ ਜਾਂਦੇ ਅਤੇ ਝੂਠੇ ਜ਼ਿੰਦਗੀ ਦਾ ਆਨੰਦ ਮਾਣਦੇ ਤੇਰਗੇ ਆਦਮੀਆਂ ਦਾ ਜੀਊਣਾਂ ਹੋਰ ਵੀ ਹਰਾਮ ਕਰ ਰਹੇ ਸਨ -

"ਕਾਜ਼ੀ ਹੋਇਕੈ ਬਹੈ ਨਿਆਇ, ਫੇਰੇ ਤਸਬੀ ਕਰੈ ਖੁਦਾਇ
ਵਢੀ ਲੈ ਕੇ ਹਕੁ ਗਵਾਏ, ਜੇ ਕੋ ਪੁਛੇ ਤਾਂ ਪੜਿ ਸੁਣਾਏ।"

(ਆਦਿ ਗ੍ਰੰਥ-ਪੰਨਾ 952)

"ਲੈ ਕੇ ਵਢੀ ਦੇਨਿ ਉਗਾਹੀ
ਦੁਰਮਤਿ ਕਾ ਗਲ ਫਾਹਾ ਹੇ ।"
(ਆਦਿ ਗ੍ਰੰਥ-ਪੰਨਾ 1032)

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭਾਰਤ ਵਿਚਲੇ ਛੋਟੇ ਛੋਟੇ ਇਲਾਕਿਆਂ ਦੇ ਰਾਜਿਆਂ ਵਿਚ ਜ਼ੋਰ ਤੇ ਜ਼ਮੀਨ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ਾਂ ਅਤੇ ਇਕ ਦੂਜੇ ਦੀ ਹੋਂਦ ਨੂੰ ਖਤਮ ਕਰਨ ਵਾਲੇ ਪਲੀਤ ਤੇ ਸਭਿਆਹੀਣ ਘਟਨਾਂ ਦਾ ਜਿਥੇ ਪ੍ਰਗਟਾ ਕੀਤਾ ਹੈ, ਉਥੇ ਭਾਰਤੀ ਰਾਜਿਆਂ ਦੀ ਮਲੀਨ ਪ੍ਰਵਿਰਤੀ ਅਤੇ ਜਨਤਾ ਦੀ ਅਗਿਆਨਮਈ ਅਵਸਥਾ ਦੇ ਪ੍ਰਤੀਕਰਮ ਵਜੋਂ ਬਾਬਰ ਦੇ ਹਿੰਦੁਸਤਾਨ ਉਤੇ ਹੋਏ ਹਮਲੇ ਦੇ ਸਿੱਟੇ ਵਜੋਂ ਭਾਰਤਵਾਸੀਆਂ ਦੀ ਜਾਬਰ,ਜ਼ੁਲਮ ਤੇ ਅਨਿਆਂ ਕਾਰਨ ਹੋਈ ਭੈੜੀ ਹਾਲਤ ਨੂੰ ਬੜੇ ਯਥਾਰਥਿਕ ਪ੍ਰਭਾਵਸ਼ਾਲੀ ਅਤੇ ਦਰਦ ਭਰੇ ਤਰੀਕੇ ਨਾਲ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਇਸ ਨੂੰ ਅਮਰ ਪਦਵੀ ਪ੍ਰਾਪਤ ਹੋ ਗਈ ਹੈ ।

## ਆਰਥਿਕ ਦਸ਼ਾ

ਕਿਸੇ ਵੀ ਯੁੱਗ ਦੇ ਲੋਕਾਂ ਦੀ ਆਰਥਿਕ ਦਸ਼ਾ ਦਾ ਅੰਦਾਜ਼ਾ ਉਸ ਯੁੱਗ ਦੇ ਲੋਕਾਂ ਦੇ ਰਹਿਣ ਸਹਿਣ ਦੇ ਢੰਗ,ਰਸਮੋ ਰਿਵਾਜਾਂ ਤੇ ਦੇਸ਼ ਦੀ ਸੁਚੱਜੀ ਜਾਂ ਕੁਚੱਜੀ ਹਾਲਤ ਤੋਂ ਲਗਾਇਆ ਜਾਂਦਾ ਹੈ। ਅਰਥਾਤ ਦੇਸ਼ ਦੀ ਮਾਇਕ ਹਾਲਤ ਕਿਹੋ ਜਿਹੀ ਹੈ। ਆਰਥਿਕ ਪੱਖੋਂ ਪਛੜਿਆ ਦੇਸ਼ ਕਮਜ਼ੋਰ ਹੁੰਦਾ ਹੈ ਤੇ ਉਸ ਦੀਆਂ ਕੀਮਤਾਂ ਤੇ ਰਿਸ਼ਤੇ ਵੀ ਨੀਵੀ ਪੱਧਰ ਦੇ ਹੋ ਜਾਂਦੇ ਹਨ। ਗੁਰੂ ਨਾਨਕ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਯੁੱਗ ਆਰਥਿਕ ਪੱਖੋਂ ਮੰਦਾ ਸੀ। ਮੁਸਲਮਾਨਾਂ ਦੇ ਬਾਰ ਬਾਰ ਹਮਲੇ ਕਰਕੇ ਦੇਸ਼ ਦੀ ਆਰਥਿਕ ਹਾਲਤ ਨੂੰ ਖੋਖਲਾ ਕਰ ਦਿੱਤਾ ਸੀ। ਬ੍ਰਾਹਮਣ,ਮੁੱਲਾਂ ਤੇ ਪੰਡਤ ਭੋਲੀ ਭਾਲੀ ਜਨਤਾ ਨੂੰ ਲੁੱਟ ਰਹੇ ਸਨ। ਜਨਤਾ ਦੀ ਹਾਲਤ ਇਤਨੀ ਮਾੜੀ ਸੀ ਕਿ ਰੁਪਿਆ ਕਰ ਦੇਣ ਬਦਲੇ ਆਪਣੇ ਮਜ਼੍ਹਬ ਬਦਲ ਰਹੀ ਸੀ।

ਸਾਰੀ ਜਨਤਾ ਆਸਾਨੀ ਨਾਲ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਸੀ। ਇਕ ਅਮੀਰ ਅਤੇ ਦੂਜੇ ਗਰੀਬ। ਦਰਮਿਆਨਾ ਤਬਕਾ ਬਹੁਤ ਘੱਟ ਸੀ। ਮੁਸਲਮਾਨ ਹਾਕਮ ਹੋਣ ਕਰਕੇ ਗਰੀਬ ਜਨਤਾ ਨੂੰ ਲੁਟਦਾ ਸੀ। ਉਹ ਭੈੜੀ ਆਰਥਿਕ ਹਾਲਤ ਦੀ ਮਾਰੀ ਹਾਕਮ ਦਾ ਹਰ ਰੁਹਬ ਸਹਾਰਦੀ ਸੀ। ਹਿੰਦੂ ਜੋ ਅਮੀਰ ਸੀ ਉਸ ਵਿਚ ਤੇ ਮੁਸਲਮਾਨ ਹਾਕਮ ਵਿਚ ਕੋਈ ਫਰਕ ਨਹੀ ਸੀ। ਸਾਫ਼ ਲਫ਼ਜ਼ਾਂ ਵਿਚ ਕੋਈ ਭਾਗੋ ਸੀ ਜੋ ਜੋਕਾਂ ਬਣ ਕੇ ਲੋਕਾਂ ਦਾਖ਼ੂਨ ਚੂਸ ਰਹੇ ਸੀ ਤੇ ਕੋਈ ਗਰੀਬ ਲਾਲੋ ਸੀ ਜੋ ਕਿਰਤ ਕਰਕੇ ਕਿੱਲੇ ਘੜ ਕੇ ਗੁਜ਼ਾਰਾ ਕਰਦਾ ਸੀ। ਬਹੁਤੇ ਵਾਹਕ ਸਨ, ਜ਼ਮੀਨ ਤੋਂ ਹੀ ਰੋਟੀ ਦਾ ਨਿਰਬਾਹ ਕਰਦੇ ਸਨ, ਭਾਵੇਂ ਵੱਡੇ ਵੱਡੇ ਜ਼ਿਮੀਂਦਾਰ ਵਾਹਕਾਂ ਦਾ ਰਤੀ ਭਰ ਖ਼ਿਆਲ ਨਹੀ ਕਰਦੇ ਸਨ। ਇਸ ਕਿਰਸਾਨੀ ਦਾ ਜ਼ਿਕਰ ਗੁਰੂ ਸਾਹਿਬ ਇਸ ਤਰ੍ਹਾਂ ਕਰਦੇ ਹਨ -

"ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ
ਨਾਮੁ ਬੀਜੁ ਸੰਤੋਖੁ ਸੁਹਾਗਾ
ਰਖ ਗਰੀਬੀ ਵੇਸੁ ॥"

ਉਸ ਸਮੇਂ ਦੇ ਜੋ ਵਪਾਰ ਹੁੰਦੇ ਸਨ ਉਸ ਬਾਰੇ ਵੀ ਗੁਰੂ ਜੀ ਨੇ ਸਾਫ਼ ਸ਼ਬਦਾਂ ਵਿਚ ਸੰਕੇਤ ਕੀਤਾ ਹੈ ਜਿਵੇਂ ਲੋਹਾਰ ਤੇ ਸੁਨਿਆਰੇ -

"ਜਤੁ ਪਾਹਾਰਾ ਧੀਰਜੁ ਸੁਨਿਆਰੁ,ਅਹਰਣਿ ਮਤਿ ਵੇਦੁ ਹਥਿਆਰੁ॥
ਭਉ ਖਲਾ ਅਗਨਿ ਤਪਤਾਉ ।ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥"

"ਅਗਨੀ ਰੰਡੁ ਪਾਏ ਲੋਹਾਰੁ "

ਮਧ ਸ੍ਰੇਣੀ ਬੇਸ਼ਕ ਉਸ ਸਮੇਂ ਸ਼ਕਤੀਸ਼ਾਲੀ ਨਹੀ ਸੀ ਪਰ ਤਾਂ ਵੀ ਸ਼ਾਹੂਕਾਰ ਤੇ ਵਣਜ ਸ਼ਹਿਰਾਂ ਪਿੰਡਾਂ ਦੋਹਾਂ ਵਿਚ ਬਹੁਤ ਸੀ। ਗੁਰੂ ਜੀ ਵਪਾਰ ਬਾਰੇ ਕਹਿੰਦੇ ਹਨ -

"ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ"

ਕੁਮ੍ਹਿਆਰਾਂ ਵਲ ਆਪ ਜੀ ਇਸ ਤਰ੍ਹਾਂ ਸੰਕੇਤ ਕਰਦੇ ਹਨ -

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ
ਘੜਿ ਭਾਂਡੇ ਇਟਾਂ ਕੀਆਂ ਜਲਦੀ ਕਰੈ ਪੁਕਾਰ।"

ਨੌਕਰ ਚਾਕਰ ਦਾ ਜੀਵਨ ਵੀ ਆਪ ਦੀ ਰਚਨਾ ਵਿਚ ਆਉਣ ਤੋਂ ਨਾ ਰਹਿ ਸਕਿਆ ਜਿਵੇਂ -

"ਦੂਤੁ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ॥"

"ਚਾਕਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ
ਹੁਰਮਤਿ ਤਿਸ ਨੋ ਅਗਲੀ ਉਹ ਵਜਹੁ ਭਿ ਦੂਣਾ ਖਾਹਿ
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ
ਵਜਹੁ ਗਵਾਇ ਅਗਲਾ ਮੁਹੇ ਮੁਹਿ ਪਾਣਾ ਖਾਇ॥"

ਇਥੇ ਹੀ ਬਸ ਨਹੀਂ - ਆਪ ਨੇ ਤਾਂ ਉਸ ਸਮੇਂ ਦੀ ਗੁਲਾਮ ਨੌਕਾਂ ਨੂੰ ਵੀ ਆਪਣੀ ਦ੍ਰਿਸ਼ਟੀ ਵਿਚ ਲਿਆਂਦਾ -

"ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥"

"ਲਾਲੈ ਗਾਰਬੁ ਛੋਡਿਆ ਗੁਰ ਕੈ ਭੈ ਸਹਿਜਿ ਸੁਭਾਈ
ਲਾਲੈ ਖਸਮੁ ਪਛਾਣਿਆ ਵਡੀ ਵਡਿਆਈ ॥"

ਭਿਖਿਆ ਮੰਗਣਾ ਇਕ ਪ੍ਰਕਾਰ ਦਾ ਸਮਾਜਿਕ ਅਪਰਾਧ ਅਤੇ ਅਨਿਆਂ ਹੈ। ਗੁਰੂ ਜੀ ਤਾਂ ਧਰਮ ਪ੍ਰਚਾਰਕ ਨੂੰ ਵੀ ਕਿਰਤ ਕਮਾਉਣ ਦੀ ਪ੍ਰੇਰਣਾ ਦਿੰਦੇ ਹਨ ਤੇ ਭਿਖਿਆ ਮੰਗਣ ਵਾਲਿਆਂ ਸਬੰਧੀ ਇਸ ਤਰ੍ਹਾਂ ਦਸਿਆ ਹੈ -

"ਗੁਰੂ ਪੀਰੁ ਸਦਾਏ ਮੰਗਣ ਜਾਇ, ਤਾ ਕੈ ਮੂਲਿ ਨ ਲਗੀਐ ਪਾਇ।"
(ਆਦਿ ਗ੍ਰੰਥ-ਪੰਨਾ 1245)

"ਨਿਰੰਕਾਰ ਜੋ ਰਹੈ ਸਮਾਇ ਕਾਹੇ ਭੀਖਿਆ ਮੰਗਣ ਜਾਇ "
(ਆਦਿ ਗ੍ਰੰਥ-ਪੰਨਾ 953)

"ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ
ਘਰਿ ਘਰਿ ਮਾਗਤ ਲਾਜ ਨ ਲਾਗੈ ।"
(ਆਦਿ ਗ੍ਰੰਥ-ਪੰਨਾ 903)

ਵੈਸ੍ਨਵ ਨੱਚ ਕੁੱਦ ਕੇ ਫੋਕਟ ਪਖੰਡਾਂ ਰਾਹੀਂ ਧਨ ਕਮਾਂਦੇ ਸਨ, ਜਿਵੇਂ -

"ਵਾਇਨਿ ਚੇਲੇ ਨਚਨਿ ਗੁਰ
ਪੈਰ ਹਲਾਇਨਿ ਫੇਰਨਿ ਸਿਰ
ਉਡਿ ਉਡਿ ਰਾਵਾ ਝਾਟੈ ਪਾਇ
ਵੇਖੈ ਲੋਕ ਹਸੈ ਘਰਿ ਜਾਇ
ਰੋਟੀਆ ਕਾਰਣਿ ਪੂਰਹਿ ਤਾਲ
ਆਪ ਪਛਾੜਹਿ ਧਰਤੀ ਨਾਲਿ ॥"

ਇਸ ਤਰ੍ਹਾਂ ਲੋਕਾਂ ਨੂੰ ਆਪਣਾ ਪੇਟ ਭਰਨ ਦੀ ਖਾਤਰ ਕਈ ਦਾਓ ਪੇਚ ਅਤੇ ਪਖੰਡ ਪੂਰਣ ਕੁਕਰਮ ਕਰਨੇ ਪੈਂਦੇ ਸਨ। ਲੋਕਾਂ ਨੂੰ ਰੋਟੀ ਅਸਾਨੀ ਨਾਲ ਨਹੀਂ ਲਭਦੀ ਸੀ। ਕਈਆਂ ਦੀਆਂ ਖੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ।

ਉਸ ਸਮੇਂ ਘੋਲ ਵੀ ਹੁੰਦੇ ਸਨ, ਜਿਵੇਂ -

"ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ ॥"

ਲੋਭ ਤੇ ਪਾਪ ਦੀ ਕਮਾਈ ਵਿਚ ਲੋਕੀ ਰੁਝੇ ਹੋਏ ਸਨ, ਹਰ ਪੇਸ਼ੇ ਵਿਚ ਧੋਖੇਬਾਜ਼ੀ, ਛਲ ਕੱਪਟ ਦੀ ਪ੍ਰਧਾਨਤਾ ਸੀ। ਕਰਮ ਕਾਂਡਾਂ ਦਾ ਜਾਲ ਵਿਛਾਇਆ ਹੋਣ ਕਰਕੇ ਲੋਕ ਕਸਾਈ ਬਣੇ ਹੋਏ ਸਨ। ਕਿਸੇ ਵਪਾਰ ਵਿਚ ਜਾਂ ਅਹਾਰ ਵਿਚ ਸਚਾਈ ਨਹੀਂ ਦਿਸਦੀ ਸੀ। ਕੂੜ ਦੀ ਹਰ ਥਾਂ ਪ੍ਰਧਾਨਤਾ ਸੀ -

"ਕੂੜੀ ਰਾਸਿ ਕੂੜਾ ਵਾਪਾਰੁ
ਕੂੜੁ ਬੋਲਿ ਕਰਹਿ ਆਹਾਰੁ "

ਸਾਰੀ ਦੁਨੀਆਂ ਕੂੜ ਦੀ ਕਮਾਈ ਕਰ ਰਹੀ ਸੀ, ਜਿਵੇਂ -

"ਦੁਨੀਆ ਖੋਟੀ ਰਾਸਿ ਕੂੜੁ ਮਕਾਈਐ।"

"ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ"

ਗੁਰੂ ਜੀ ਨੇ ਦਸਿਆ ਕਿ ਆਡੰਬਰ, ਭੇਖ ਅਤੇ ਪਾਖੰਡ ਭਗਤੀ ਨਾਲ ਮੁਕਤੀ ਨਹੀਂ ਹੋ ਸਕਦੀ ਤੇ ਇਨ੍ਹਾਂ ਪਾਖੰਡਾਂ ਨੂੰ ਵਿਅਰਥ ਦਸਿਆ -

"ਪਾਖੰਡੀ ਕੀਨੈ ਮੁਕਤਿ ਨ ਹੋਇ "

(ਆਦਿ ਗ੍ਰੰਥ- ਪੰਨਾ 939)

ਲੋਕ ਫੋਕੀਆਂ ਰਸੁ-ਰੀਤਾਂ ਵਿਚ ਫਸ ਚੁਕੇ ਸਨ ਤੇ ਹਿੰਦੂ ਧਰਮ ਜ਼ਿੰਦਗੀ ਦੀ ਉਸਾਰੀ ਵਲ ਕੋਈ ਨਵੀ ਅਗਵਾਈ ਦੇਣ ਤੋ ਅਸਮਰਥ ਸੀ। ਇਸ ਹਾਲਤ ਬਾਰੇ ਸਰ ਗੋਕਲ ਚੰਦ ਨਾਰੰਗ ਲਿਖਦੇ ਹਨ -

"The Popular religion about the time of Nanak's birth was confined to peculiar forms of eating and drinking, peculiar ways of bathing and painting of face-head and other such mechanical observances! The warship of idols where were permitted to exist, pilgrimages to Ganges and other sacred places when ever they were allowed the observance of certain ceremonies like the martial and funeral rites, the obedience to the mandates of the Brahmines and lavishing charitable gifts upon the constituted almost the whole of Hinduism at its was current among the masses."

ਹਰ ਯੁੱਗ ਦੇ ਸਮਾਜ ਦਾ ਆਪਣਾ ਇਕ ਨਵੇਕਲਾ ਸੁਭਾਅ ਹੁੰਦਾ ਹੈ। ਇਸ ਲਈ ਇਕ ਸਫਲ ਸਾਹਿੱਤਕਾਰ ਸਮਾਜ ਦੇ ਇਸ ਵਿਸ਼ੇਸ਼ ਸੁਭਾਅ ਦੀ ਚੇਤਨਾ ਰੂਪ ਵਿਚ ਪਛਾਣ ਕਰਨਾ ਆਪਣਾ ਧਰਮ ਸਮਝਦਾ ਹੈ। ਚੰਗਾ ਸਾਹਿੱਤਕਾਰ ਸਮਾਜ ਦੀ ਹਰ ਸਮੱਸਿਆ ਨੂੰ ਆਪਣੀ ਨਿੱਜੀ ਸਮੱਸਿਆ ਸਮਝਦਾ ਹੈ ਅਤੇ ਪੂਰੀ ਜ਼ਿੰਮੇਵਾਰੀ ਨਾਲ ਉਸ ਦੇ ਕਾਰਨਾਂ ਨੂੰ ਜਾਣਨਾ, ਹੱਲ ਲਭਣ ਵਿਚ ਲਗਿਆ ਰਹਿੰਦਾ ਹੈ। ਇਹੋ ਕਾਰਨ ਹੈ ਕਿ ਉਸ ਦੀ ਸੁਖਸ਼ੀਅਤ ਸਮੂਹਕ ਸੁਖਸ਼ੀਅਤ ਨਾਲ ਇਕਸੁਰ ਹੋ ਜਾਂਦੀ ਹੈ। ਉਹ ਸਾਰੇ ਸਮਾਜ ਦਾ ਪ੍ਰਤੀਕ ਬਣ ਜਾਂਦਾ ਹੈ ਅਤੇ ਉਸ ਦੀਆਂ ਰਚਨਾਵਾਂ ਸਮਾਜ

ਦਾ ਸ੍ਰੋਤ ਮੰਨੀਆਂ ਜਾਂਦੀਆਂ ਹਨ। ਹਰ ਚੰਗਾ ਸਾਹਿੱਤਕਾਰ ਸੁਭਾਅ ਵਜੋਂ ਇਕ ਨਿਡਰ ਵਿਅੱਕਤੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਡਰ ਹੋ ਕੇ ਜਿਉਂਦੇ ਯਥਾਰਥ ਦੀ ਗਲ ਕੀਤੀ ਹੈ। ਆਪਣੀ ਰਚਨਾ ਵਿਚ ਜ਼ਿੰਦਗੀ ਦਾ ਮੌਘਦਾ ਸੱਚ ਪ੍ਰਸਤੁਤ ਕੀਤਾ ਹੈ। ਜੋ ਵੀ ਲਿਖਿਆ ਪੂਰੀ ਜ਼ਿੰਮੇਵਾਰੀ ਅਤੇ ਇਮਾਨਦਾਰੀ ਨਾਲ ਝੂਠ-ਸੱਚ ਦੀ ਛਾਣ -ਬੀਣ ਕੀਤੀ ਹੈ ਤੇ ਆਪ ਦੀ ਕਲਮ ਸੱਚ ਦੇ ਪੱਖ ਵਿਚ ਸ਼ਕਤੀਸ਼ਾਲੀ ਜਵਾਲਾ ਦਾ ਰੂਪ ਧਾਰ ਗਈ। ਫੇਰ ਨਾ ਕਿਸੇ ਰਾਜੇ ਦੀ ਅਥਾਹ ਸ਼ਕਤੀ ਤੇ ਫੌਜ ਆਪ ਦੀ ਕਲਮ ਨੂੰ ਡਰਾ ਸਕੀ ਤੇ ਨਾ ਕਿਸੇ ਪ੍ਰਕਾਰ ਦਾ ਸੰਸਾਰੀ ਲਾਲਚ ਰਾਹ ਤੋਂ ਹਟਾ ਸਕਿਆ। ਆਪ ਆਪਣੇ ਸਮਾਜ ਦੇ ਕੁਚਲੇ ਜਾਣ ਵਾਲੇ ਲੋਕਾਂ ਲਈ ਸਾਹਿੱਤਕਾਰੀ ਢਾਲ ਅਤੇ ਜ਼ੁਲਮ ਕਰਨ ਵਾਲਿਆਂ ਲਈ ਤਿੱਖੀ ਤਲਵਾਰ ਬਣ ਕੇ ਆਏ। ਇਉਂ ਗੁਰੂ ਸਾਹਿਬ ਇਕ ਆਦਰਸ਼ਕ ਮਨੁੱਖ, ਅਮਰ ਸਾਹਿੱਤਕਾਰ, ਉੱਘੇ ਵਿਦਵਾਨ ਤੇ ਲੋਕ ਸੰਗਰਾਮੀਏ ਸਨ। ਇਸੇ ਲਈ ਪੰਜਾਬ ਦੇ ਇਕ ਪ੍ਰਸਿੱਧ ਉਰਦੂ ਸ਼ਾਇਰ ਡਾ. ਸਰ ਮੁਹੰਮਦ ਇਕਬਾਲ ਨੇ ਕਿਹਾ ਹੈ -

"ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਾਬ ਸੇ।"

-=:0:=-

# ਕਾਂਡ ਛੇਵਾਂ

"
"
"
"
"
"
"
"
"

## ਗੁਰੂ ਨਾਨਕ ਦੇਵ
## ਜੀ
## ਦੀ ਕਾਵਿ ਸ਼ੈਲੀ।।

## ਗੁਰੂ ਨਾਨਕ ਜੀ ਦੀ ਕਾਵਿ ਸ਼ੈਲੀ

ਗੁਰੂ ਨਾਨਕ ਦੇਵ ਦੀ ਕਾਵਿ ਸ਼ੈਲੀ ਉਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਦਸਣਾ ਬੇਲੋੜਾ ਨਹੀਂ ਕਿ ਸ਼ੈਲੀ ਤੋਂ ਕੀ ਭਾਵ ਹੈ? ਇਹ ਇਕ ਪ੍ਰਸਿੱਧ ਕਥਨ ਹੈ - "ਸ਼ੈਲੀ ਹੀ ਮਨੁੱਖ ਹੈ"। ਜਿਸ ਤਰ੍ਹਾਂ ਹਰ ਮਨੁੱਖ ਦੀ ਆਪਣੀ ਇਕ ਵੱਖਰੀ ਨੁਹਾਰ ਹੁੰਦੀ ਹੈ, ਇਸੇ ਤਰ੍ਹਾਂ ਸਾਹਿੱਤ ਵਿਚ ਵੀ ਸਾਹਿੱਤਕਾਰ ਦੀ ਲਿਖਤ ਇਕ ਦੂਜੇ ਨਾਲੋਂ ਕੁਝ ਭਿੰਨ ਹੁੰਦੀ ਹੈ। ਸੋ ਇਸ ਤਰ੍ਹਾਂ ਸ਼ੈਲੀ ਤੋਂ ਭਾਵ ਕਿਸੇ ਵਿਅਕਤੀ ਦਾ ਲਿਖਣ ਢੰਗ ਹੈ।

ਕਾਵਿ ਸ਼ੈਲੀ ਦੇ ਪ੍ਰਮੁੱਖ ਤੱਤ - ਕਾਵਿ ਰੂਪ, ਛੰਦਾ ਬੰਦੀ, ਅਲੰਕਾਰ, ਬਿੰਬਾਵਲੀ, ਬੋਲੀ, ਰਸ ਤੇ ਸੰਗੀਤ ਆਦਿ ਹਨ। ਗੁਰੂ ਨਾਨਕ ਦੇਵ ਜੀ ਦੀ ਕਾਵਿ ਸ਼ੈਲੀ ਦੇ ਕਾਵਿ ਤੱਤਾਂ ਨੂੰ ਮੁਖ ਰਖਦਿਆਂ ਅਸੀਂ ਵਿਚਾਰ ਕਰਦੇ ਹਾਂ।

### ਕਾਵਿ ਰੂਪ

ਕਾਵਿ ਰੂਪ ਕਵਿਤਾ ਵਿਚ ਵਿਚਾਰਾਂ ਅਤੇ ਭਾਵਾਂ ਦਾ ਮਾਧਿਅਮ ਬਣ ਕੇ ਆਉਂਦੇ ਹਨ। ਇਨ੍ਹਾਂ ਦੀ ਚੋਣ ਕਵੀ ਦੀ ਕਵਿਤਾ ਦੇ ਉਦੇਸ਼ ਉਪਰ ਨਿਰਭਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਾਵਿ ਉਦੇਸ਼, ਉਨ੍ਹਾਂ ਦੇਜੀਵਨ ਉਦੇਸ਼ ਦੇ ਅਨੁਕੂਲ ਸੀ। ਉਨ੍ਹਾਂ ਨੇ ਸਾਰਾ ਸਹਿੱਤ ਸਮੇਂ ਦੀਆਂ ਜੀਵਨ ਮਈ ਲੋੜਾਂ ਨੂੰ ਮੁਖ ਰਖਕੇ ਅਤੇ ਸਮਾਜ ਲਈ ਰਚਿਆ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਵਿ ਦੀ ਰਚਨਾ ਪ੍ਰਸਿੱਧ ਲੋਕ ਕਾਵਿ ਰੂਪਾਂ ਦੇ ਮਾਧਿਅਮ ਰਾਹੀਂ ਕੀਤੀ।

### ਵਾਰ

ਵਾਰ ਪੰਜਾਬੀ ਸਾਹਿੱਤ ਦਾ ਪ੍ਰਸਿੱਧ ਕਾਵਿ ਰੂਪ ਹੈ। ਇਸ ਕਾਵਿ ਬਾਰੇ ਡਾ. ਕਰਨੈਲ ਸਿੰਘ ਥਿੰਦ ਇਸ ਤਰ੍ਹਾਂ ਲਿਖਦੇ ਹਨ -

"ਮਧ ਕਾਲੀਨ ਪੰਜਾਬੀ ਕਵੀਆਂ ਨੂੰ ਜਿਸ ਲੋਕ ਕਾਵਿ ਸ਼ੈਲੀ ਨੇ ਸਭ ਤੋਂ ਵਧੇਰੇ ਪ੍ਰਭਾਵਤ ਕੀਤਾ, ਉਹ ਵਾਰ ਹੈ। ਸ਼ੁਰੂ ਵਿਚ ਵਾਰ ਤੋਂ ਭਾਵ ਅਜਿਹੀ ਵਾਰਤਾ ਤੋਂ ਲਿਆ ਜਾਂਦਾ ਸੀ, ਜਿਸ ਵਿਚ ਸੂਰਮਿਆਂ ਦੇ ਯੁੱਧਾਂ ਤੇ ਲੜਾਈਆਂ ਵਿਚ

ਬੀਰਤਾ ਭਰੇ ਕਾਰਨਾਮੇ ਵਿਸ਼ੇਸ਼ ਢੰਗ ਨਾਲ ਗਾਇਨ ਕੀਤੇ ਗਏ ਹੋਣ। ਇਸ ਰੂਪ ਦੀ ਲੋਕ-ਪ੍ਰਿਯਤਾ ਤੋਂ ਪ੍ਰੇਰਤ ਹੋ ਕੇ ਅਧਿਆਤਮਕ, ਅਥਵਾ ਧਾਰਮਿਕ ਵਿਸ਼ਿਆਂ ਲਈ ਵੀ ਵਾਰ ਨੂੰ ਅਪਣਾ ਲਿਆ ਗਿਆ ।"[1]

ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ - ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ ਆਦਿ ਰਚੀਆਂ। ਇਹ ਵਾਰਾਂ ਅਧਿਆਤਮਕ ਹਨ। ਇਸ ਲਈ ਇਨ੍ਹਾਂ ਵਿਚ ਟੱਕਰ ਗੁਰਮੁਖ ਤੇ ਮਨਮੁਖ, ਸੰਗਤ ਤੇ ਕੁਸੰਗਤ, ਸੁਕਰਮ ਤੇ ਕੁਕਰਮ, ਨੇਕੀ ਤੇ ਬਦੀ ਦੀ ਦਸੀ ਹੈ। ਗੁਰੂ ਜੀ ਨੇ ਇਨ੍ਹਾਂ ਵਾਰਾਂ ਰਾਹੀ ਮਨੁੱਖੀ ਆਤਮਾ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਦਾ ਡੱਟ ਕੇ ਮੁਕਾਬਲਾ ਕਰਨ ਲਈ ਵੰਗਾਰਿਆ ਹੈ। ਇਨ੍ਹਾਂ ਵਾਰਾਂ ਵਿਚ ਸਤਿਗੁਰ ਦੀ ਮਹਿਮਾ ਗਾਈ ਹੈ। ਇਨ੍ਹਾਂ ਵਾਰਾਂ ਦੇ ਨਾਲ ਲਗਦੇ ਸਲੋਕਾਂ ਰਾਹੀ ਗੁਰੂ ਜੀ ਨੇ ਸਮਕਾਲੀਨ ਸਮਾਜ ਦੀ ਤਸਵੀਰ ਖਿੱਚੀ ਹੈ।

ਪਰੰਪਰਾ ਅਨੁਸਾਰ ਗੁਰੂ ਜੀ ਨੇ ਆਪਣੀਆਂ ਵਾਰਾਂ ਦੇ ਆਰੰਭ ਵਿਚ ਮੰਗਲਾਚਰਣ ਰਖਿਆ ਹੈ। ਇਹ ਵਾਰਾਂ ਪਉੜੀਆਂ ਵਿਚ ਹਨ। ਇਨ੍ਹਾਂ ਵਾਰਾਂ ਨੂੰ ਪੁਰਾਤਨ ਵਾਰਾਂ ਦੀ ਧੁਨੀ ਉਤੇ ਗਾਉਂਣ ਦੀ ਹਦਾਇਤ ਵੀ ਹੈ। ਸੋ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਕ ਲੋਕ ਕਾਵਿ ਰੂਪ ਨੂੰ ਪਹਿਲੀ ਵਾਰ ਅਧਿਆਤਮਕ ਅਨੁਭਵ ਤੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਲਈ ਅਪਣਾਇਆ।

## ਗੋਸ਼ਟ

ਗੋਸ਼ਟ ਸੰਸਕ੍ਰਿਤ ਦੇ ਸ਼ਬਦ 'ਗੋਸ਼ਠ' ਤੋਂ ਬਣਿਆ ਕਿਹਾ ਜਾਂਦਾ ਹੈ। ਜਿਸ ਦਾ ਅਰਥ ਹੈ, ਇਕੱਠਾ ਕਰਨਾ, ਗੋਸ਼ਟ ਤੋਂ ਭਾਵ ਵਿਚਾਰ ਵਟਾਂਦਰਾ ਲਿਆ ਜਾਂਦਾ ਹੈ। ਸੰਬਾਦ ਜਾਂ ਵਾਰਤਾਲਾਪ ਅਤੇ ਗੋਸ਼ਟ ਵਿਚ ਵੀ ਫਰਕ ਹੈ। ਗੋਸ਼ਟ ਸਾਧਾਰਣ ਵਾਰਤਾਲਾਪ ਨਹੀ। ਇਹ ਕਿਸੇ ਅਧਿਆਤਮਕ ਵਿਸ਼ੇ ਬਾਰੇ ਵਿਚਾਰ ਵਟਾਂਦਰਾ ਹੈ। ਪਹਿਲਾਂ ਇਨ੍ਹਾਂ ਵਿਸ਼ਿਆਂ ਬਾਰੇ ਗੋਸ਼ਟਾਂ ਕੀਤੀਆਂ ਜਾਂਦੀਆਂ ਸਨ। ਗੁਰੂ ਨਾਨਕ ਦੇਵ ਜੀ ਦੀ ਸਿਧ ਗੋਸ਼ਟ ਗੁਰੂ ਸਾਹਿਬ ਅਤੇ ਯੋਗ ਮੱਤ ਦਾ ਇਕ ਸੁੰਦਰ ਵਿਚਾਰ ਵਟਾਂਦਰਾ ਹੈ। ਪੰਜਾਬੀ ਸਾਹਿੱਤ ਵਿਚ ਅਜਿਹੀ ਸੁੰਦਰ ਗੋਸ਼ਟ ਨਹੀ ਲਿਖੀ ਗਈ।

---

1. ਡਾ. ਕਰਨੈਲ ਸਿੰਘ ਥਿੰਦ, 'ਲੋਕ ਧਾਨ ਅਤੇ ਮਧਕਾਲੀਨ ਪੰਜਾਬੀ ਸਾਹਿੱਤ'।

ਡਾ. ਤਾਰਨ ਸਿੰਘ ਇਸ ਬਾਰੇ ਲਿਖਦੇ ਹਨ -

'ਨਾਟਕੀ ਸੰਬਾਦ ਇਸ ਰਚਨਾ ਦੇ ਬੜੇ ਬਲਵਾਨ ਤੇ ਸਮਰਥ ਹਨ ਅਤੇ ਆਪਣੇ ਆਪ ਵਿਚ ਇਹ ਰਚਨਾ ਨਾਟਕ ਦੇ ਸਾਰੇ ਤੱਤ ਵੀ ਆਪਣੇ ਵਿਚ ਸਮਾਈ ਬੈਠੀ ਹੈ ।' *

ਬਾਰਾਮਾਂਹ

ਬਾਰਾਮਾਂਹ ਵਿਚ ਬਾਰਾਂ ਮਹੀਨਿਆਂ ਦਾ ਜ਼ਿਕਰ ਹੁੰਦਾ ਹੈ ਤੇ ਮਹੀਨਿਆਂ ਦੇ ਆਧਾਰ ਉਤੇ ਜੀਵਨ ਦੀਆਂ ਖੁਸ਼ੀਆਂ ਗ਼ਮੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ। ਇਹ 'ਖਟ ਰਿਤੂ ਵਰਣਨ' ਦਾ ਹੀ ਵਿਕਸਤ ਰੂਪ ਹੈ। ਇਸ ਕਾਵਿ ਰੂਪ ਵਿਚ ਬਿਰਹਨ ਦੀ ਮਾਨਸਿਕ ਪੀੜਾਂ ਦਾ ਦਰਦ ਭਰਿਆ ਵਰਣਨ ਪ੍ਰਾਕਿਰਤੀ ਦੇ ਭਿੰਨ ਭਿੰਨ ਚਿਤਰਾਂ ਦੀ ਪਿਠ ਭੂਮੀ ਵਿਚ ਕੀਤਾ ਜਾਂਦਾ ਹੈ। ਬਾਰਾਮਾਂਹ ਕੋਈ ਗਾਣ ਸ਼ੈਲੀ ਨਹੀ ਤੇ ਨਾ ਹੀ ਇਸ ਦੇ ਲਈ ਕੋਈ ਵਿਸ਼ੇਸ਼ ਛੰਦ ਨਿਸਚਿਤ ਹੈ। ਵਿਸ਼ੇ ਪੱਖ ਤੋਂ ਵੀ ਇਸ ਕਾਵਿ ਰੂਪ ਲਈ ਕੋਈ ਬੰਦਸ਼ ਨਹੀਂ। ਸ਼ਿੰਗਾਰ ਰਸੀ ਕਿੱਸੇ ਸੂਰਮਗਤੀ ਦੇ ਪ੍ਰਸੰਗ ਅਧਿਆਤਮਕ ਅਥਵਾ ਰਹੱਸਮਈ ਸਿਧਾਂਤ ਆਦਿ ਇਸ ਰੂਪ ਰਾਹੀ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦਾ ਬਾਰਾਮਾਂਹ ਤੁਖਾਰੀ ਅਧਿਆਤਮਕ ਰੁਮਾਂਸ, ਕਲਾਤਮਕ ਹੁਸਨ ਤੇ ਕੁਦਰਤ ਸੋਚ ਦਾ ਸੰਗਮ ਹੈ। ਬਾਵਜੂਦ ਅਸਹਿ ਵਿਛੋੜੇ ਦੇ ਹਰ ਮਹੀਨਾ ਆਸ਼ਾ ਭਰਪੂਰ ਵਾਤਾਵਰਣ ਨਾਲ ਆਰੰਭ ਹੁੰਦਾ ਹੈ, ਜਿਵੇਂ -

"ਚੇਤ ਬਸੰਤ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝਬਾਰ ਮੈ ਪਿਰ ਘਰਿ ਬਾਹੁੜੈ॥"

ਹਰ ਬਦਲੀ ਰੁੱਤ ਨਵਾਂ ਵਾਯੂਮੰਡਲ ਉਸਾਰਦੀ ਹੈ। ਡਾ. ਕਰਨੈਲ ਸਿੰਘ ਥਿੰਦ ਇਸ ਬਾਰਾਮਾਂਹ ਬਾਰੇ ਲਿਖਦੇ ਹਨ -

"ਗੁਰੂ ਨਾਨਕ ਦੇਵ ਜੀ ਦਾ ਤੁਖਾਰੀ ਰਾਗ ਵਿਚ ਲਿਖਿਆ ਬਾਰਾਂਮਾਹ ਹਰ ਪੱਖ ਤੋਂ ਸ਼੍ਰੋਮਣੀ ਰਚਨਾ ਹੈ। ਇਸ ਵਿਚ ਜੀਵ ਆਤਮਾ ਰੂਪ ਬ੍ਰਿਹਨ ਰੂਪ ਪਤੀ

---

* ਡਾ. ਤਾਰਨ ਸਿੰਘ 'ਚਿੰਤਨ ਤੇ ਕਲਾ' ਐਡੀਸ਼ਨ - 1963, ਪੰਨਾ-111.

ਰੂਪ ਪਰਮਾਤਮਾ ਨੂੰ ਮਿਲਣ ਲਈ ਜਿਸ ਤੀਬਰਤਾ ਨਾਲ ਲੋਚਾ ਕਰਦੀ ਹੈ, ਉਸ ਦੀ ਮਾਨਸਿਕ ਦਸ਼ਾ ਨੂੰ ਪ੍ਰਾਕਿਰਤਕ ਵਾਤਾਵਰਣ ਰਾਹੀ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ।"[1]

ਪ੍ਰਿੰ. ਪ੍ਰੀਤਮ ਸਿੰਘ - ਗੁਰੂ ਨਾਨਕ ਦੇ ਇਸ ਬਾਰਾਂਮਾਂਹ ਬਾਰੇ ਲਿਖਦੇ ਹਨ -

"ਇਸ ਬਾਰਾਮਾਂਹ ਵਿਚ ਸੋਹਣੇ ਭਵਰਿਆਂ, ਬਾਰ ਦੇ ਵਣਾ, ਅੰਬਾਂ ਉਤੇ ਬੈਠੀਆਂ ਕੋਇਲਾਂ, ਤਪਦੇ ਥੱਲਾਂ, ਭਖਦੀਆਂ ਅਗਨੀਆਂ, ਚਮਕਦੀਆਂ ਬਿਜਲੀਆਂ, ਲਉਂਦੇ ਟੀਡਿਆਂ, ਮੋਰਾਂ ਤੇ ਡੱਡੂਆਂ, ਪ੍ਰਿਉ ਪ੍ਰਿਉ ਕਰਦੇ ਪਪੀਹਿਆਂ, ਡਸਦੇ ਸੱਪਾਂ ਤੇ ਡੰਗਦੇ ਮੱਛਰਾਂ, ਜਗਦੇ ਦੀਵਿਆਂ, ਹਰੀਆਂ ਹਰਿਆਵਲਾਂ, ਸੁਕਿਆਂ ਸਕੋੜਿਆਂ ਤੇ ਤੁਖਰਾਈਆਂ ਸਰਦੀਆਂ ਦਾ ਆਪ ਵੇਖਿਆ ਜਾਣਿਆ ਤੇ ਮਹਿਸੂਸਿਆ ਵਰਣਨ ਹੈ।"

## ਪਹਰੇ

ਪਹਰ ਦਿਨ ਜਾਂ ਰਾਤ ਦੇ ਚੌਥੇ ਹਿੱਸੇ ਨੂੰ ਕਹਿੰਦੇ ਹਨ। ਗੁਰੂ ਜੀ ਨੇ ਮਨੁੱਖ ਦੀ ਆਯੂ ਨੂੰ ਦਿਨ ਜਾਂ ਰਾਤ ਨਾਲ ਉਪਮਾਇਆ ਹੈ। ਪਹਿਲੇ ਪਹਿਰ ਨੂੰ ਬਚਪਨ ਦੂਜੇ ਨੂੰ ਜਵਾਨੀ ਤੇ ਤੀਜੇ ਨੂੰ ਅਧਖੜ ਭਾਵ ਵਿਚਕਾਰਲੀ ਅਤੇ ਬੁਢੇਪੇ ਨੂੰ ਚੌਥੇ ਪਹਿਰ ਨਾਲ ਤੁਲਨਾ ਦਿੱਤੀ ਹੈ। ਗੁਰੂ ਨਾਨਕ ਨੇ ਦਸਿਆ ਹੈ ਕਿ ਜੀਵਨ ਕੀਮਤੀ ਹੈ। ਇਸ ਨੂੰ ਵਿਅਰਥ ਨਹੀ ਕਰਨਾ ਚਾਹੀਦਾ -

"ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਾਇਆ ਗਰਭਾਸਿ,
ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ"
... ... ... ...
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

---

2. ਆਲੋਚਨਾ ਜੂਨ, 1955, ਪੰਨਾ 83.

ਥਿਤੀ

ਇਸ ਪ੍ਰਸਿੱਧ ਲੋਕ ਕਾਵਿ ਰੂਪ ਰਚਨਾ ਦਾ ਆਧਾਰ ਚੰਦਰਮਾਂ ਦੀਆਂ ਥਿਤਾਂ ਹਨ। ਜਿਹੜੀ ਕਵਿਤਾ ਚੰਦਰਮਾ ਦੇ ਵਧਣ ਘਟਣ ਨਾਲ ਥਿਤਾਂ ਅਨੁਸਾਰ ਉਚਾਰੀ ਜਾਂਦੀ ਹੈ, ਉਸ ਕਾਵਿ ਰੂਪ ਥਿਤੀ ਕਿਹਾ ਜਾਂਦਾ ਹੈ । ਪਰ ਸਮੇਂ ਦੇ ਲੰਘਣ ਨਾਲ , ਥਿਤਾਂ ਨਾਲ ਲੋਕਾਂ ਦੇ ਅਨੇਕ ਵਿਸ਼ਵਾਸ਼ ਵੀ ਜੁੜ ਗਏ ਹਨ। ਇਸ ਤਰ੍ਹਾਂ ਇਹ ਇਕ ਲੋਕ ਕਾਵਿ ਰੂਪ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਸਾਦੇ ਤੇ ਸਰਲ ਸ਼ਬਦਾਂ ਦੁਆਰਾ ਆਪਣੇ ਭਾਵਾਂ ਨੂੰ ਪ੍ਰਸਤੁਤ ਕੀਤਾ ਹੈ। ਇਸ ਵਿਚ ਪਰਮਾਤਮਾ ਦੀ ਪਛਾਣ ਤੇ ਅਸਲ ਸਾਧਨਾਂ ਦਾ ਬਿਆਨ ਹੈ। ਥਿਤ ਨੂੰ ਆਧਾਰ ਬਣਾ ਕੇ ਪਉੜੀਆਂ ਦੀ ਰਚਨਾ ਕੀਤੀ ਗਈ ਹੈ।

ਪੱਟੀ

ਪੱਟੀ ਕਾਵਿ ਰੂਪ ਫਾਰਸੀ ਦੀ ਸੀਹਰਫੀ ਅਤੇ ਸੰਸਕ੍ਰਿਤ ਦੀ ਬਾਵਨ ਅਖਰੀ ਵਾਂਗ ਇਕ ਅਜਿਹਾ ਕਾਵਿ ਰੂਪ ਹੈ, ਜਿਸ ਦਾ ਹਰੇਕ ਪਦ ਕਿਸੇ ਅਖਰ ਨਾਲ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਪੱਟੀ ਰਾਗ ਆਸਾ ਵਿਚ ਉਚਾਰੀ ਗਈ ਹੈ। ਇਸ ਨੂੰ ਪੈਂਤੀ ਅਖਰੀ ਵੀ ਕਿਹਾ ਜਾਂਦਾ ਹੈ। ਜਨਮਸਾਖੀਆਂ ਦੀ ਲਿਖਤ ਅਨੁਸਾਰ ਇਹ ਬਾਣੀ ਗੁਰੂ ਨਾਨਕ ਦੇਵ ਜੀ ਨੇ ਸਤ ਸਾਲ ਦੀ ਉਮਰ ਵਿਚ ਉਦੋਂ ਉਚਾਰੀ, ਜਦ ਪਾਂਧੇ ਪਾਸ ਪੜ੍ਹਨ ਗਏ। ਪੱਟੀ ਵਿਚ ਦਾਰਸ਼ਨਿਕ ਅਤੇ ਧਾਰਮਿਕ ਵਿਚਾਰਾਂ ਦੀ ਭਾਵੁਕ ਤੇ ਸੁਹਜਵਾਦੀ ਅਭਿਵਿਅਕਤੀ ਕੀਤੀ ਗਈ ਹੈ ਜਿਵੇ -

"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ,ਸਭਨਾ ਸਾਹਿਬੁ ਏਕੁ ਭਇਆ।।

... ... ... ...

ਬਬੈ ਬਾਜੀ ਖੇਡਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।।

ਓਅੰਕਾਰ

ਕਾਵਿ ਰੂਪਾਂ ਦੀ ਵਰਣ ਮਾਲਾ ਦੀ ਸ਼੍ਰੇਣੀ ਵਿਚ ਰਾਮਕਲੀ ਰਾਗ ਦੀ ਦਖਣੀ ਤਰਜ਼ ਵਿਚ ਗੁਰੂ ਨਾਨਕ ਦੁਆਰਾ ਰਚਿਤ 'ਓਅੰਕਾਰ' ਨਾਂ ਦੀ ਬਾਣੀ ਵੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਨੇ 52 ਅੱਖਰ ਲੈ ਕੇ ਪੱਟੀ ਵਾਂਗ ਇਹ ਰਚਨਾ ਕੀਤੀ ਹੈ। ਇਸ ਬਾਣੀ ਬਾਰੇ ਇਹ ਧਾਰਨਾ ਆਮ ਹੈ ਕਿ ਬਨਾਰਸ ਵਿਚ ਪਾਂਧਿਆਂ

ਨੂੰ ਸੁਮੱਤ ਦੇਣ ਲਈ ਲਿਖੀ ਗਈ ਸੀ।

## ਪਦੇ

ਪਦੇ ਇਕ ਪ੍ਰਕਾਰ ਦੀ ਸਰੋਦੀ ਕਵਿਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਦਾ ਬੰਦ ਲਈ ਵਰਤਿਆ ਗਿਆ ਹੈ। ਦੋ ਬੰਦਾਂ ਵਾਲੇ ਸ਼ਬਦ ਨੂੰ ਦੁਪਦਾ, ਤਿੰਨ ਬੰਦਾਂ ਵਾਲੇ ਨੂੰ ਤਿਪਦਾ, ਚਾਰ ਬੰਦਾਂ ਵਾਲੇ ਨੂੰ ਚੌਪਦਾ ਆਦਿ ਕਹਿੰਦੇ ਹਨ। ਬੰਦਾਂ ਦੀ ਗਿਣਤੀ ਅਨੁਸਾਰ ਰੂਪ ਨਿਸ਼ਚਿਤ ਹੁੰਦਾ ਹੈ। ਗੁਰੂ ਨਾਨਕ ਨੇ ਸਮਾਜਿਕ ਕਮਜ਼ੋਰੀਆਂ ਦਾ ਬਿਆਨ ਕਰਦੇ ਹੋਏ ਪਦਿਆਂ ਨੂੰ ਵਰਤਿਆ ਹੈ। ( ਜਿਸ ਦਾ ਬਿਆਨ 'ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ ' ਦੇ ਕਾਂਡ ਵਿਚ ਦਿੱਤਾ ਹੈ)

ਜਿਵੇਂ - "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥"

## ਅਸਟਪਦੀਆਂ

ਅਸ਼ਟਪਦੀਆਂ ਸ਼ਬਦ ਤੋਂ ਭਾਵ ਸਪੱਸ਼ਟ ਹੈ ਕਿ ਅੱਠ ਪਦਿਆਂ ਦਾ ਸੰਗ੍ਰਹਿ ਹੈ। ਗੁਰੂ ਨਾਨਕ ਦੇਵ ਜੀ ਦੀਆਂ ਸ਼ਟਪਦੀਆਂ ਵਿਚ ਗੰਭੀਰ ਭਾਵਾਂ ਤੇ ਵਾਯੂਮੰਡਲ ਦਾ ਪ੍ਰਗਟਾਅ ਹੈ। ਵਧੇਰੇ ਜ਼ੋਰ ਧਰਮ ਦੀ ਵਿਆਖਿਆ ਉਪਰ ਹੈ। ਪ੍ਰਭੂ ਮਿਲਾਪ ਦੇ ਸਾਧਨਾ ਦਾ ਪ੍ਰਚਾਰ ਹੈ।

## ਅਲਾਹੁਣੀ

ਅਲਾਹੁਣੀ ਇਕ ਸੋਗਮਈ ਗੀਤ ਹੈ। ਜਿਸ ਦਾ ਮ੍ਰਿਤੂਕ ਸੰਸਕਾਰ ਨਾਲ ਸਬੰਧ ਹੈ। ਇਹ ਇਕ ਲੋਕ ਕਾਵਿ ਦੀ ਨਿਵੇਕਲੀ ਗਾਨ ਸ਼ੈਲੀ ਹੈ। ਇਸ ਸ਼ੈਲੀ ਦੇ ਗੀਤਾਂ ਨੂੰ 'ਕੀਰਨੇ' ਜਾਂ ਵੈਣ ਵੀ ਆਖਿਆ ਜਾਂਦਾ ਹੈ। ਗੁਰੂ ਜੀ ਦਾ ਇਸ ਨੂੰ ਲਿਖਣ ਦਾ ਮੁੱਖ ਉਦੇਸ਼ ਪ੍ਰਾਣੀ ਨੂੰ ਮੌਤ ਦੀ ਅਸਲੀਅਤ ਤੋਂ ਜਾਣੂ ਕਰਕੇ ਫਜ਼ੂਲ ਰੋਣ ਪਿਟਣ ਦੀ ਥਾਂ ਪਤੀ ਪਰਮੇਸ਼ੁਵਰ ਦੇ ਗੁਣਾਂ ਦੀ ਅਰਾਧਨਾ ਕਰਨੀ ਦਸੀ ਹੈ।

## ਛੰਤ

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਲਿਖਿਆ ਹੈ -

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

"ਛੰਤ ਨੂੰ ਸੰਗੀਤ ਵਿਦਿਆ ਅਨੁਸਾਰ ਇਕ ਪ੍ਰਬੰਧ ਦਾ ਨਾਂ ਦਿੱਤਾ ਹੈ। ਜਿਸ ਨੂੰ ਛੰਦ ਕਿਹਾ ਜਾਂਦਾ ਹੈ।" ਡਾ. ਤਾਰਨ ਸਿੰਘ ਦਾ ਇਹ ਮੱਤ ਜ਼ਿਆਦਾ ਠੀਕ ਲਗਦਾ ਹੈ ਕਿ - " ਛੰਦ ਪੰਜਾਬੀ ਵਿਚ ਵਿਆਹ ਸ਼ਾਦੀ ਸਮੇਂ ਗਾਏ ਜਾਣ ਵਾਲੇ ਟੱਪੇ ਜਾਂ ਗੀਤ ਹਨ। ਇਸ ਤਰ੍ਹਾਂ ਇਹ ਇਕ ਲੋਕ ਕਾਵਿ ਰੂਪ ਹੈ।"[1]

ਪਰ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਅਧਿਆਤਮਕ ਪ੍ਰਗਟਾਵੇ ਲਈ ਕੀਤਾ। ਇਸ ਕਾਵਿ ਰੂਪ ਵਿਚ ਗੁਰੂ ਜੀ ਨੇ ਜੀਵ ਰੂਪੀ ਇਸਤਰੀ ਤੇ ਪਤੀ ਰੂਪੀ ਪਰਮਾਤਮਾ ਦੇ ਮਿਲਾਪ ਅਤੇ ਵਿਛੋੜੇ ਦਾ ਵਰਣਨ ਬੜੇ ਕਲਾਮਈ ਢੰਗ ਨਾਲ ਕੀਤਾ। ਪਤੀ ਪਰਮਾਤਮਾ ਦੀ ਤਸਵੀਰ ਨੂੰ ਆਪ ਨੇ ਇੰਜ ਉਲੀਕਿਆ ਹੈ -

"ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਵਾਲਾ ॥"

### ਸਲੋਕ

ਇਹ ਪ੍ਰਾਚੀਨ ਕਾਵਿ ਰੂਪ ਹੈ। ਗੁਰੂ ਨਾਨਕ ਦੇ ਸਲੋਕਾਂ ਵਿਚ ਪ੍ਰਭੂ ਉਸਤੱਤ, ਸਮਾਜ, ਧਾਰਮਿਕ ਤੇ ਰਾਜਸੀ ਆਲੋਚਨਾ, ਪੁਰਾਤਨ ਰਸਮਾਂ ਦੀ ਵਿਰੋਧਤਾ ਤੇ ਪ੍ਰਭੂ ਪਿਆਰ ਤੇ ਭਗਤੀ ਦੇ ਗੀਤ ਗਾਏ ਹਨ।

ਗੁਰੂ ਨਾਨਕ ਦੇਵ ਦੇ ਕਾਵਿ ਰੂਪ ਦਾ ਮਨੋਰਥ ਮਨੁੱਖੀ ਕਲਿਆਣ ਤੇ ਪ੍ਰਭੂ ਨਾਲ ਇਕਮਿਕ ਹੋਣਾ ਹੈ। ਗੁਰੂ ਦੀ ਕਾਵਿ ਪ੍ਰਤਿਭਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਫ਼ ਦਿਖਾਈ ਦਿੰਦੀ ਹੈ। ਇਸ ਪਵਿੱਤਰ ਬਾਣੀ ਵਿਚ 'ਸਤਅੰ', ਸ਼ਿਵ, ਅਤੇ 'ਸੁੰਦਰੰ' ਦਾ ਸੰਗਮ ਹੈ, ਜਿਸ ਦਾ ਅੰਮ੍ਰਿਤ ਪੀ ਕੇ ਸਮਾਜ ਮੋਕਸ਼ ਪ੍ਰਾਪਤ ਕਰ ਸਕਦਾ ਹੈ।

---

1. ਭਾਈ ਕਾਨ੍ਹ ਸਿੰਘ, 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਭਾਸ਼ਾ ਵਿਭਾਗ, ਪਟਿਆਲਾ, ਪੰਨਾ 371.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

### ਛੰਦਾ - ਬੰਦੀ

ਛੰਦ ਕਵਿਤਾ ਦਾ ਸਰੀਰ ਹੁੰਦਾ ਹੈ। ਜਿਸ ਤਰ੍ਹਾਂ ਵਿਅਕਤੀ ਉਸ ਦੇ ਸਰੀਰਕ ਰੂਪ ਵਿਚ ਹੀ ਜਾਣਿਆ ਜਾ ਸਕਦਾ ਹੈ, ਇਸੇ ਤਰ੍ਹਾਂ ਕਵਿਤਾ ਸਰੀਰ ਛੰਦ ਰਾਹੀਂ ਪਛਾਣੀ ਜਾਂਦੀ ਹੈ। ਕਵਿਤਾ ਵਿਚ ਸੁੰਦਰਤਾ ਅਤੇ ਲੈਅ ਪੈਦਾ ਕਰਨ ਲਈ ਛੰਦਾਂ ਦਾ ਹੋਣਾ ਜ਼ਰੂਰੀ ਹੈ। ਸੰਤ ਸਿੰਘ ਸੇਖੋਂ ਅਨੁਸਾਰ -

"ਗੁਣ ਤੇ ਰੂਪ ਦਾ ਆਤਮਾ ਤੇ ਸਰੀਰ ਵਾਲਾ ਸਬੰਧ ਹੈ, ਉਹੀ ਸਬੰਧ ਕਵਿਤਾ ਤੇ ਛੰਦਾਂ ਦਾ ਸਮਝਣਾ ਚਾਹੀਦਾ ਹੈ।"[1]

ਛੰਦ ਕਵਿਤਾ ਨੂੰ ਇਕ ਖਾਸ ਨਿਯਮਾਂ ਵਿਚ ਬੰਨ੍ਹਦਾ ਹੈ, ਜਿਨ੍ਹਾਂ ਤੋਂ ਇਕਸੁਰਤਾ ਪੈਦਾ ਹੁੰਦੀ ਹੈ, ਇਸ ਪ੍ਰਕਾਰ - "ਛੰਦ ਦੇ ਅਰਥ ਹੀ ਬੰਧਨ ਦੇ ਹਨ ਜਿਵੇਂ, ਗੁਰਬਾਣੀ ਵਿਚ ਵੀ ਆਉਂਦਾ ਹੈ 'ਸਭ ਚੂਕੇ ਜਮਕੇ ਛੰਦੇ' ਜਾਂ ਇਸ ਦੇ ਅਰਥ ਹਨ ਢੱਕਣਾ ਜਾਂ ਪਰਦਾ।' [2]

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ -

"ਦੇਵਤਿਆਂ ਨੇ ਮੌਤ ਦੇ ਦੁੱਖਾਂ ਤੋਂ ਡਰ ਕੇ ਜਿਨ੍ਹਾਂ ਮੰਤਰਾਂ ਨਾਲ ਆਪਣੇ ਆਪ ਨੂੰ ਢੱਕਿਆ, ਉਨ੍ਹਾਂ ਨੂੰ ਛੰਦ ਕਿਹਾ ਗਿਆ ਤੇ ਵੇਦ ਦਾ ਨਾਂ ਹੀ ਛੰਦ ਹੋਇਆ।"[3]

ਛੰਦ ਕਵਿਤਾ ਵਿਚ ਤੋਲ ਵਜ਼ਨ ਤੇ ਅਨੁਸ਼ਾਸਨ ਪੈਦਾ ਕਰਦਾ ਹੈ। ਗੁਰੂ ਨਾਨਕ ਨੇ ਲੋਕਾਂ ਤਕ ਆਪਣੇ ਭਾਵਾਂ ਨੂੰ ਪਹੁੰਚਾਣ ਲਈ ਕਾਵਿ ਰੂਪ ਦਾ ਸਹਾਰਾ ਲਿਆ। ਬਾਰਾਮਾਹ ਵਿਚ ਵਿਛੋੜੇ ਦਾ ਵਰਣਨ ਕੀਤਾ ਹੈ। ਪ੍ਰਭੂ ਦੀ ਸਰਬ ਵਿਆਪਕਤਾ ਲਈ ਜਪੁਜੀ ਨੂੰ ਜਨਮ ਦਿੱਤਾ। ਗੁਰਮੁਖ ਤੇ ਮਨਮੁਖ ਦੀ ਟੱਕਰ ਲਈ ਵਾਰਾਂ ਰਚੀਆਂ। ਗੁਰੂ ਜੀ ਨੇ ਆਪਣੇ ਕਾਵਿ ਰੂਪਾਂ ਨੂੰ ਵੱਖ ਵੱਖ ਛੰਦਾਂ ਰਾਹੀਂ ਸੁਸ਼ੋਭਤ ਕੀਤਾ, ਤਾਂ

---

1. ਪ੍ਰਿੰ. ਸੰਤ ਸਿੰਘ ਸੇਖੋਂ - ਸਾਹਿਤਿਆਰਥ, ਪੰਨਾ 106.
2. ਐਸ.ਐਸ. ਅਮੋਲ - ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਪੰਨਾ 304.
3. ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ - ਪੰਨਾ 60.

ਜੋ ਪਾਠਕ ਦੇ ਮਨ ਉਤੇ ਉਹੀ ਪ੍ਰਭਾਵ ਪਵੇ ਜੋ ਆਪ ਉਘਾੜਨਾ ਚਾਹੁੰਦੇ ਹਨ। ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਢੁਕਵੇ ਤੋਲ ਤੁਕਾਂਤ ਚੁਣੇ ਤਾਂ ਜੋ ਕਵਿਤਾ ਵਿਚ ਚਮਕ ਦਮਕ ਤੇ ਮਿਠਾਸ ਪੈਦਾ ਹੋ ਸਕੇ -

"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।"

ਇਸ ਬੰਦ ਵਿਚ ਲਾਇਆ, ਆਇਆ ਤੇ ਲੁਭਾਇਆ ਸ਼ਬਦ ਵਰਤ ਕੇ ਕਵੀ ਨੇ ਇਕਸੁਰਤਾ ਤੇ ਲੈਅ ਪੈਦਾ ਕੀਤੀ ਹੈ, ਜਿਸ ਨਾਲ ਸੁਆਦ,ਆਨੰਦ ਤੇ ਹੁਲਾਸ ਪੈਦਾ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਜਿਥੇ ਰਾਗਾਂ ਦੀ ਵਿਲੱਖਣਤਾ ਹੈ, ਉਥੇ ਛੰਦਾ ਬੰਦੀ ਦੀ ਵੀ ਭਰਪੂਰ ਵੰਨਗੀ ਮਿਲਦੀ ਹੈ।

**ਦੋਹਰਾ**

ਇਹ ਦੋ ਤੁਕਾਂ ਦਾ ਹੁੰਦਾ ਹੈ। ਹਰ ਤੁੱਕ ਵਿਚ 24 ਮਾਤਰਾ ਹੁੰਦੀਆਂ ਹਨ। ਬਿਸਰਾਮ ਚਿੰਨ੍ਹ 13 ਅਤੇ 11 ਉਤੇ ਆਉਂਦਾ ਹੈ। ਅੰਤ ਉਤੇ ਗੁਰੂ ਲਘੂ ਹੁੰਦੇ ਹਨ। ਗੁਰੂ ਜੀ ਦੀ ਬਾਣੀ ਵਿਚ ਇਸ ਦੀ ਵਰਤੋਂ ਇੰਜ ਮਿਲਦੀ ਹੈ -

"ਪਾਤਾਲਾ ਪਾਤਾਲ ਲਖ , ਅਗਾਸਾ ਅਗਾਸ ॥
ਓੜਕ ਓੜਕ ਭਾਲ ਥੱਕੇ ਵੇਦ ਕਹਿਨ ਇਕ ਵਾਤ॥"

**ਸੋਰਠਾ**

ਇਸ ਦੀ ਹਰ ਤੁੱਕ ਵਿਚ 24 ਮਾਤਰਾ ਹੁੰਦੀਆਂ ਹਨ। ਬਿਸਰਾਮ ਚਿੰਨ੍ਹ 11 ਅਤੇ 13 ਤੇ ਆਉਂਦਾ ਹੈ। ਗੁਰੂ ਜੀ ਨੇ ਇਸ ਦੀ ਵਰਤੋਂ ਇੰਜ ਕੀਤੀ ਹੈ -

"ਸਾਲਾਹੀ ਸਾਲਾਹਿ, ਏਤਿ ਸੁਰਤਿ ਨਾ ਪਾਇਆ ॥
ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥"

**ਚੋਪਈ**

ਇਹ ਚਾਰ ਤੁਕਾਂ ਦੀ ਹੁੰਦੀ ਹੈ। ਇਸ ਦੀ ਹਰ ਇਕ ਤੁਕ ਵਿਚ 15 ਜਾਂ 16 ਮਾਤਰਾਂ ਹੁੰਦੀਆਂ ਹਨ। ਬਿਸ੍ਰਾਮ ਚਿੰਨ੍ਹ 8-8 ਜਾਂ 8-7 ਉਤੇ ਰਖਿਆ ਜਾਂਦਾ ਹੈ। ਗੁਰੂ ਜੀ ਨੇ ਚੋਪਈ ਨੂੰ ਵਰਤੋਂ ਵਿਚ ਲਿਆਂਦਾ -

'ਮੰਨੈ ਪਾਵਹਿ ਮੋਖੁ ਦੁਆਰੁ "
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰਸਿਖ॥
ਮੰਨੈ ਨਾਨਕ ਭਵਿਹਿ ਨਾ ਭਿਖ ॥'

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਦਵੱਈਆ

ਇਸ ਦੀ ਹਰ ਚਰਣ ਵਿਚ 28 ਮਾਤਰਾਂ ਹੁੰਦੀਆਂ ਹਨ। ਬਿਸਰਾਮ ਚਿੰਨ੍ਹ 16 ਤੇ 12 ਉਤੇ ਆਉਂਦਾ ਹੈ। ਅੰਤ ਉਤੇ ਦੋ ਗੁਰੂ ਹੁੰਦੇ ਹਨ। ਗੁਰੂ ਜੀ ਨੇ ਸਿਧ ਗੋਸ੍ਟ ਵਿਚ ਤੇ ਜਪੁਜੀ ਵਿਚ ਇਸ ਦੀ ਵਰਤੋਂ ਕੀਤੀ ਮਿਲਦੀ ਹੈ -

"ਸਿਧ ਸਭਾ ਕਰ ਆਸਣ ਬੈਠੇ ॥
ਸੰਤ ਸਭਾ ਜੈ ਕਾਰੋ ॥
ਤਿਸੁ ਆਗੈ ਰਹਿਰਾਸ ਹਮਾਰੀ
ਸਾਚਾ ਅਪਰ ਅਪਾਰੋ ॥ "

ਤਾਟੰਕ

ਇਸ ਦੇ ਹਰ ਚਰਣ ਦੀਆਂ 30 ਮਾਤਰਾਂ ਹੁੰਦੀਆਂ ਹਨ। ਚਿੰਨ੍ਹ 16 ਤੇ 14 ਮਾਤਰਾਂ ਉਤੇ ਹੁੰਦਾ ਹੈ। ਇਸ ਦੀ ਵਰਤੋਂ ਸਿਧ ਗੋਸ੍ਟ ਵਿਚ ਕੀਤੀ ਹੈ -

"ਅੰਤਰ ਸ੍ਬਦ ਨਿਰੰਤਰ ਮੁਦ੍ਰਾ ।
ਹਉਮੈ ਮਮਤਾ ਦੂਰ ਕਰੀ ।"

ਸਵੱਈਆ

ਇਸ ਛੰਦ ਦੀ ਹਰ ਤੁੱਕ ਵਿਚ 32 ਮਾਤਰਾਂ ਹੁੰਦੀਆਂ ਹਨ। ਬਿਸਰਾਮ 16-16 ਉਤੇ ਰਖਿਆ ਜਾਂਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਵਰਤਿਆ -

"ਰਿਗ ਕਹੈ ਕਹਿਆ ਭਰਪੂਰ
ਰਾਮ ਨਾਮ ਦੇਵਾ ਮਹਿ ਸੂਰ "

ਅੜਿਲ ਛੰਦ

ਇਸ ਦੇ ਹਰ ਚਰਣ ਦੀਆਂ 20 ਜਾਂ 21 ਮਾਤਰਾਂ ਹੁੰਦੀਆਂ ਹਨ। ਬਿਸਰਾਮ ਚਿੰਨ੍ਹ 12 ਤੇ 9 ਤੇ ਆਉਂਦਾ ਹੈ -

" ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।"

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਛੰਦਾ ਬੰਦੀ ਦੀ ਕਰੜੀ ਕੈਦ ਵਿਚ ਆਪਣੇ ਭਾਵਾਂ ਨੂੰ ਕੁਰਬਾਨ ਨਹੀਂ ਹੋਣ ਦਿਤਾ, ਪਰ ਫਿਰ ਵੀ ਵੰਨ-ਸੁਵੰਨੇ ਛੰਦਾਂ ਦੀ ਵਰਤੋਂ ਨਾਲ ਗੁਰੂ ਜੀ ਦੀ ਕਾਵਿਕ ਸ਼ੈਲੀ ਵਿਚ ਕਾਫੀ ਨਿਖਾਰ ਆਇਆ ਹੈ।

## ਅਲੰਕਾਰ

ਕਿਸੇ ਕਵੀ ਦੀ ਕਾਵਿ ਸ਼ੈਲੀ ਉਸ ਦੇ ਵਰਤੇ ਅਲੰਕਾਰਾਂ ਉਤੇ ਹੀ ਨਿਰਭਰ ਹੈ। ਇਸ ਲਈ ਹੁਣ ਅਸੀਂ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਵਰਤੇ ਗਏ ਅਲੰਕਾਰਾਂ ਤੇ ਵਿਚਾਰ ਕਰਦੇ ਹਾਂ। ਕਵਿਤਾ ਮਨੁੱਖੀ ਭਾਵਾਂ ਦਾ ਸੁੰਦਰ ਪ੍ਰਕਾਸ਼ ਹੈ। ਇਸ ਨੂੰ ਸ਼ਿੰਗਾਰਨ ਲਈ ਜੋ ਸ਼ਬਦ ਅਤੇ ਅਰਥ ਦੀ ਸਜਾਵਟ ਕੀਤੀ ਜਾਂਦੀ ਹੈ, ਉਸ ਨੂੰ ਸਾਹਿੱਤਕ ਸੰਕੇਤਾਂ ਵਿਚ ਅਲੰਕਾਰ ਕਿਹਾ ਜਾਂਦਾ ਹੈ ਜਾਂ ਇੰਜ ਕਹੋ ਕਿ - ਕਾਮਨੀ ਦਾ ਹਾਰ ਸ਼ਿੰਗਾਰਨਾ ਅਲੰਕਾਰ ਹੈ। ਇਸ ਲਈ ਭਾਰਤੀ ਅਚਾਰੀਆ ਵਾਮਨ "ਅਲੰਕਾਰ ਨੂੰ ਕਵਿਤਾ ਦਾ ਹੁਸਨ ਆਖਦਾ ਹੈ ਤੇ ਵੇਦ ਵਿਆਸ਼ ਤੋਂ ਬਿਨਾਂ ਕਵਿਤਾ ਨੂੰ ਇਕ ਤਰ੍ਹਾਂ ਉਦਾਸ ਵਿਧਵਾ ਇਸਤਰੀ ਤਸੱਵਰ ਕਰਦਾ ਹੈ। ਸੋ ਸਪੱਸ਼ਟ ਹੈ ਕਿ ਅਲੰਕਾਰ ਕਵਿਤਾ ਦੇ ਸੌਂਦਰਯ ਨੂੰ ਕਾਇਮ ਰਖਣ ਵਿਚ ਅਹਿਮ ਹਿੱਸੇਦਾਰ ਹਨ।"

ਤ੍ਰਿਲੋਕੀ ਨਰਾਇਣ ਅਨੁਸਾਰ - "ਜੋ ਸਥਾਨ ਲੌਕਿਕ ਵਿਵਹਾਰ ਵਿਚ ਸਵਰਣ ਰਤਨ ਆਦਿ ਪਦਾਰਥਾਂ ਦਾ ਹੁੰਦਾ ਹੈ, ਓਹੋ ਸਥਾਨ ਸਾਹਿੱਤ ਜਗਤ ਵਿਚ ਅਲੰਕਾਰਾਂ ਦਾ ਹੈ। "[1]

ਭਾਵੇਂ ਇਨ੍ਹਾਂ ਦੋਹਾਂ ਵਿਚਕਾਰ ਕੋਈ ਗਹਿਰਾ ਅੰਤਰ ਨਹੀਂ ਹੈ, ਪਰ ਫਿਰ ਵੀ ਪਹਿਲੀ ਉਤਪਤੀ ਅਨੁਸਾਰ ਅਲੰਕਾਰ ਕਰਨ ਵਾਲਾ 'ਕਰਤਾ' ਹੈ ਤੇ ਦੂਜੀ ਅਨੁਸਾਰ ਕਰਨ ਦਾ ਸਾਧਨ ਹੈ। ਪਹਿਲੀ ਵਿਚ ਅਲੰਕਾਰ ਖੁਦ ਸਜਾਉਂਦਾ ਹੈ ਤੇ ਦੂਜੀ ਵਿਚ ਇਸ ਰਾਹੀ ਸਜਾਵਟ ਕੀਤੀ ਜਾਂਦੀ ਹੈ। ਅਲੰਕਾਰਾਂ ਦੀ ਹੱਦ ਨਿਸਚਿਤ ਨਹੀਂ ਹੋ ਸਕਦੀ। ਦੰਡੀ ਦਾ ਕਹਿਣਾ ਹੈ ਕਿ - "ਅਲੰਕਾਰਾਂ ਦੀ ਆਏ ਦਿਨ ਸਿਰਜਨਾਂ ਹੁੰਦੀ ਰਹਿੰਦੀ ਹੈ।"

ਸ਼ਾਸ਼ਤਰਕਾਰਾਂ ਨੇ ਸਮੁੱਚੇ ਅਲੰਕਾਰਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਇਸ ਦੀ ਵੰਡ ਜਗਨ ਨਾਥ ਪ੍ਰਸ਼ਾਦ ਭਾਨੂ ਦੇ ਕਾਵਯ ਪ੍ਰਭਾਕਰ ਗ੍ਰੰਥ ਵਿਚ ਇਸ ਪ੍ਰਕਾਰ ਮਿਲਦੀ ਹੈ ।[2]

ਸ਼ਬਦ ਅਲੰਕਾਰ

ਅਰਥ ਅਲੰਕਾਰ

ਸ਼ਬਦਾਰਥ ਅਲੰਕਾਰ

---

1. ਤ੍ਰਿਲੋਕੀ ਨਰਾਇਣ ਦੀ ਕਸ਼ਿਤ ਹਿੰਦੀ ਸੰਤ ਸਾਹਿੱਤ, ਪੰਨਾ 149.
2. ਡਾ. ਜਗਦੀਸ਼ ਨਰਾਇਣ ਤ੍ਰਿਪਾਠੀ, ਆਧੁਨਿਕ ਹਿੰਦੀ ਮੇਂ ਅਲੰਕਾਰ ਵਿਧਾਨ- ਪੰਨਾ 109.

ਗੁਰੂ ਨਾਨਕ ਨੂੰ ਜ਼ਿੰਦਗੀ ਦਾ ਵਿਸ਼ਾਲ ਅਨੁਭਵ ਹੋਣ ਕਰਕੇ ਉਨ੍ਹਾਂ ਦੇ ਅਲੰਕਾਰਾਂ ਵਿਚ ਵੀ ਇਕ ਪ੍ਰਕਾਰ ਦੀ ਵਿਸ਼ਾਲਤਾ ਹੈ। ਉਨ੍ਹਾਂ ਦੇ ਅਲੰਕਾਰ ਸ਼ਿੰਗਾਰ ਦੇ ਨਾਲ ਨਾਲ ਪ੍ਰਭਾਵ ਨੂੰ ਵੀ ਤੀਖਣ ਕਰਦੇ ਹਨ।

## ਰੂਪਕ ਅਲੰਕਾਰ

ਉਪਮੇਯ ਤੇ ਉਪਮਾਨ ਦੀ ਜੋ ਆਪਸ ਵਿਚ ਅਭੇਦਤਾ ਹੈ ਉਸ ਨੂੰ ਰੂਪਕ ਅਲੰਕਾਰ ਕਹਿੰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਰੂਪਕ ਅਲੰਕਾਰ ਦਾ ਲਛਣ ਇਸ ਤਰ੍ਹਾਂ ਪ੍ਰਗਟ ਕੀਤਾ ਹੈ - "ਇਕਅਰਥ ਅਲੰਕਾਰ ਸਰੂਪ ਅਥਵਾ ਗੁਣ ਕਰਕੇ ਕਿਸੇ ਜਿਹਾ ਰੂਪ ਧਾਰਨ ਕਰਨ ਵਾਲਾ ਰੂਪਕ ਅਲੰਕਾਰ ਹੈ।"[1]

ਗੁਰੂ ਸਾਹਿਬਾ ਨੇ ਅਲੰਕਾਰ ਉਸ ਸਮੇਂ ਦੀਆਂ ਪ੍ਰਚਲਤ ਪ੍ਰਸਥਿਤੀਆਂ ਵਿਚੋਂ ਲਏ। ਗੁਰੂ ਜੀ ਉਸ ਪਰਮਾਤਮਾ ਦੀ ਵਿਸ਼ਾਲਤਾ, ਸਰਬ ਵਿਆਪਕਤਾ ਤੇ ਵਿਸ਼ਾਲਤਾ ਤੋਂ ਲੋਕਾਂ ਨੂੰ ਜਾਣੂ ਕਰਾਉਣਾ ਚਾਹੁੰਦੇ ਸਨ। ਇਸ ਲਈ ਉਸ ਪਰਮਾਤਮਾ ਲਈ - ਪਾਤਸ਼ਾਹ, ਸਾਹਿਬ, ਸੁਲਤਾਨ, ਸ਼ਾਹ, ਸੁਆਮੀ ਅਨੇਕ ਰੂਪਕ ਵਰਤੇ ਜਿਵੇਂ -

"ਤੂੰ ਸੁਲਤਾਨ ਕਹਾਂ ਹਉ ਮੀਆਂ ਤੇਰੀ ਕਵਨ ਵਡਾਈ "

## ਉਪਮਾ ਅਲੰਕਾਰ

ਮੰਮਟ ਅਨੁਸਾਰ - "ਉਪਮਾਂ ਵਿਚ ਚਾਰ ਤੱਤਾਂ ਦਾ ਹੋਣਾ ਜ਼ਰੂਰੀ ਹੈ, ਉਪਮੇਯ, ਉਪਮਾਨ, ਧਰਮ ਤੇ ਵਾਚਕ।" ਗੁਰੂ ਸਾਹਿਬ ਨੇ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਅਨੇਕਾਂ ਉਪਮਾਵਾਂ ਦਿੱਤੀਆਂ। ਪਰਮਾਤਮਾ ਪ੍ਰਤੀ ਵਿਛੋੜੇ ਦੇ ਦੁੱਖ ਅਤੇ ਪ੍ਰੇਮ ਪ੍ਰਗਟ ਕਰਨ ਲਈ ਮਛਲੀ ਤੇ ਪਾਣੀ ਦੀ ਉਪਮਾ ਦਿੱਤੀ ਹੈ -

"ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਮਛਲੀ ਨੀਰ "

## ਦ੍ਰਿਸ਼ਟਾਂਤ ਅਲੰਕਾਰ

ਕਿਸੇ ਹੋਰ ਪ੍ਰਸੰਗ ਦਾ ਹਵਾਲਾ ਦੇ ਕੇ ਕਿਸੇ ਭਾਵ ਨੂੰ ਉਘਾੜਨਾ - ਉਹ ਦ੍ਰਿਸ਼ਟਾਂਤ ਅਲੰਕਾਰ ਹੈ -

---

1. ਭਾਈ ਕਾਨ੍ਹ ਸਿੰਘ ਨਾਭਾ - ਮਹਾਨ ਕੋਸ਼ 'ਗੁਰੂ ਸ਼ਬਦ ਰਤਨਾਕਰ, ਜਿਲਦ ਚੌਥੀ, ਪੰਨਾ- 3126.

"ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ
ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ॥

ਅਨੁਪ੍ਰਾਸ ਅਲੰਕਾਰ

ਜਿਸ ਕਾਵਿ ਵਿਚ ਅੱਖਰਾਂ ਦੀ ਸਮਾਨਤਾ ਤੇ ਪਦਾਂ ਦਾ ਵਜ਼ਨ ਇਕੋ ਜਿਹਾ ਹੋਵੇ। ਇਕੋ ਅਖਰ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਨੂੰ ਇਕ ਲੜੀ ਵਿਚ ਪ੍ਰੋ ਕੇ ਸੋਂਦਰਯ ਪੈਦਾ ਹੋਵੇ, ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਗੁਰੂ ਜੀ ਨੇ ਇਸ ਅਲੰਕਾਰ ਦੀ ਇਸ ਤਰ੍ਹਾਂ ਵਰਤੋਂ ਕੀਤੀ ਹੈ ਕਿ ਸ਼ਬਦ ਨਗੀਨਿਆਂ ਦੀ ਤਰ੍ਹਾਂ ਦਿਖਾਈ ਦੇਂਦੇ ਹਨ -

"ਪਪੈ ਪਾਤਿਸਾਹੁ ਪਰਮੇਸਰੁ ॥
ਵੇਖਣ ਕਉ ਪਰਪੰਚੁ ਕੀਆ ॥"

ਇਨ੍ਹਾਂ ਅਲੰਕਾਰਾਂ ਤੋਂ ਬਿਨਾਂ ਆਪ ਨੇ ਅਤਕਥਨੀ ਅਲੰਕਾਰ, ਅਨਯੋਕਤੀ ਅਲੰਕਾਰ, ਲੋਕਯੁਗਤੀ ਅਲੰਕਾਰ, ਯਮਕ ਅਲੰਕਾਰ ਆਦਿ ਵੀ ਵਰਤੇ ਹਨ।

ਗੁਰੂ ਨਾਨਕ ਸਾਹਿਬ ਦੀ ਇਸ ਤਰ੍ਹਾਂ ਕਾਵਿ ਸ਼ੈਲੀ ਨੂੰ ਇਸੇ ਲਈ ਵਿਦਵਾਨਾਂ ਨੇ ਅਲੰਕਰਿਤ ਸ਼ੈਲੀ ਵੀ ਆਖਿਆ ਹੈ। ਆਪ ਦੇ ਅਲੰਕਾਰ ਬੜੇ ਸਜਰੇ, ਸੁਭਾਵਕ ਤੇ ਮੌਲਿਕ ਹਨ। ਇਨ੍ਹਾਂ ਦੀ ਵਰਤੋਂ ਗੁਰੂ ਜੀ ਨੇ ਕੇਵਲ ਸ਼ਿੰਗਾਰ ਲਈ ਨਹੀ ਕੀਤੀ ਸਗੋਂ ਭਾਵਾਂ ਦੀ ਸਪੱਸ਼ਟਤਾ ਲਈ ਵੀ ਵਰਤੇ ਹਨ ।

ਬਿੰਬਾਵਲੀ

ਕਵੀ ਅਮੂਰਤ ਭਾਵਾਂ ਨੂੰ ਮੂਰਤੀਮਾਨ ਕਰਨ ਲਈ ਬਿੰਬ ਦੀ ਸ਼ਰਣ ਲੈਂਦਾ ਹੈ। ਇਸ ਰਾਹੀਂ ਮਨ ਦੇ ਚਿੱਤਰ ਅੰਕਤ ਕਰਨ ਤੇ ਹੀ ਕਵਿਤਾ ਦੀ ਸਿਰਜਨਾ ਸ਼ੁਰੂ ਹੁੰਦੀ ਹੈ। ਇਸ ਨਾਲ ਸ਼ੈਲੀ ਵਿਚ ਨਿਖਾਰ ਆਉਂਦਾ ਹੈ। ਬਿੰਬ ਦੀ ਜ਼ਰੂਰਤ ਨੂੰ ਮੁੱਖ ਰਖਦਿਆਂ ਹਰਬਰਡ ਰੀਡ ਅਨੁਸਾਰ -

"ਸਾਹਿੱਤ ਵਿਚ ਕਵਿਤਾ ਵਾਦ ਵਿਵਾਦ ਤੋਂ ਤਾਂ ਖਾਸ ਕਰਕੇ ਪਿੱਛਾ

ਛੁਡਾ ਸਕਦੀ ਹੈ, ਪਰ ਕੁਦਰਤੀ ਤੌਰ ਤੇ ਇਹ ਬਿੰਬ ਤੋਂ ਪਿਛਾ ਨਹੀਂ ਛੁਡਾ ਸਕਦੀ।"[1]

ਡ੍ਰਾਈਡਨ ਕਵਿਤਾ ਵਿਚ ਬਿੰਬ ਦੀ ਥਾਂ ਨੂੰ ਪਛਾਣਦਾ ਹੋਇਆ ਕਹਿੰਦਾ ਹੈ -

"ਬਿੰਬਾਵਲੀ ਆਪਣੇ ਆਪ ਵਿਚ ਕਵਿਤਾ ਦੀ ਸਮੁੱਚੀ ਜਾਨ ਹੈ ਅਤੇ ਇਸ ਨੂੰ ਕਲਾਤਮਿਕ ਉਚਿਆਈਆਂ ਤਕ ਪਹੁੰਚਾਉਂਦੀ ਹੈ।"[2]

ਹਰ ਕਵੀ ਆਪਣੇ ਭਾਵਾਂ ਨੂੰ ਪ੍ਰਸਤੁਤ ਕਰਨ ਲਈ ਬਿੰਬਾਂ ਦੀ ਵਰਤੋਂ ਕਰਦਾ ਹੈ। ਭਾਰਤੀ ਇਤਿਹਾਸ ਦੇ ਪੰਨਿਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਦੀਆਂ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪ੍ਰਸਥਿਤੀਆਂ ਚਿੰਤਾ ਜਨਕ ਹੋਣ ਕਰਕੇ ਜਨਤਾ ਕੁਰਾਹੇ ਪਈ ਹੋਈ ਸੀ। ਲੋਕਾਂ ਨੂੰ ਨਵਾਂ ਰਾਹ ਦਿਖਾਉਣ ਲਈ ਜੋ ਬਾਣੀ ਰਚੀ ਉਸ ਦੀ ਪਵਿੱਤਰ ਦੇਣ ਬਿੰਬਾਵਲੀ ਹੈ। ਇਹ ਬਿੰਬ ਉਨ੍ਹਾਂ ਦੇ ਵਿਸ਼ਾਲ ਤਜਰਬੇ ਤੇ ਦੀਰਘ ਦ੍ਰਿਸ਼ਟੀ ਦੇ ਲਖਾਇਕ ਹਨ

ਗੁਰੂ ਜੀ ਨੇ ਵਿਅਕਤੀਗਤ ਟੀਕਾ ਟਿਪਣੀ ਦੀ ਥਾਂ ਸੰਸਾਰਕ ਸੰਸਥਾਵਾਂ ਦੇ ਪਤਨ ਉਤੇ ਸਿੱਧਾ ਹਮਲਾ ਕੀਤਾ -

"ਵਾਇਨ ਚੇਲੇ ਨਚਨਿ ਗੁਰ, ਪੈਰ ਹਲਾਇਨਿ ਫੇਰਨਿ ਸਿਰਿ।
ਉਡਿ ਉਡਿ ਰਾਵਾ ਝਾਟੈ ਪਾਇ, ਦੇਖੈ ਲੋਕ ਹਸੈ ਘਰਿ ਜਾਇ।
ਰੋਟੀਆ ਕਾਰਨ ਪੂਰਹਿ ਤਾਲ ।"

---

1. Literature ,poetry in particular can dispense with logic, but cannot in its nature dispense with the image} Herbert Read, Art Now's, Page 127.
2. Imaging is, in itself the every height and light of poetry."
W.Basilwarsfold "Judgement" in literature,Page 96.

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਕਈ ਐਸੇ ਬਿੰਬ ਹਨ, ਜੋ ਰਾਜਨੀਤਕ ਜੀਵਨ ਜਾਂ ਰਾਜ ਦੇ ਸ਼ਾਸ਼ਨ ਨਾਲ ਸਬੰਧ ਰਖਦੇ ਹਨ। ਰਾਜਸੀ ਵਿਚਾਰਾਂ ਨੂੰ ਸਮਾਜਿਕ ਬਿੰਬਾਂ ਰਾਹੀ ਅਭਿਵਿਅਕਤ ਕੀਤਾ ਹੈ ਤੇ ਰਾਜਸੀ ਸਥਿਤੀ ਦਾ ਬੜਾ ਯਥਾਰਥਕ ਚਿੱਤਰ ਖਿੱਚਿਆ ਹੈ -

"ਲਬੁ ਪਾਪੁ ਦੁਇ ਰਾਜਾ ਮਹਿਤਾ ਕੂੜੁ ਹੋਆ ਸਿਕਦਾਰੁ।"
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬਿਚਾਰ ॥"

ਗੁਰੂ ਜੀ ਨੇ ਬਹੁਤ ਸਾਰੇ ਬਿੰਬ ਪ੍ਰਾਕਿਰਤੀ ਵਿਚੋਂ ਵੀ ਲਏ ਹਨ, ਜਿਵੇਂ - ਮੌਸਮ, ਬਿਜਲੀ,ਧੁੱਪ, ਛਾਂ, ਸਮੁੰਦਰ, ਸੂਰਜ , ਫੁੱਲ, ਦਰਖਤ, ਪੰਛੀ ਜਾਨਵਰ ਆਦਿ।

ਗੁਰੂ ਜੀ ਨੇ ਅਗਿਆਨ ਲਈ ਚੰਦਰਮਾ ਤੇ ਗਿਆਨ ਲਈ ਸੂਰਜ ਦਾ ਬਿੰਬ ਅਕਸਰ ਵਰਤਿਆ ਹੈ। ਅਗਿਆਨ ਰੂਪੀ ਚੰਦਰਮਾ ਵਿਚ ਗਿਆਨ ਰੂਪੀ ਸੂਰਜ ਦਾ ਪ੍ਰਕਾਸ਼ ਹੁੰਦਾ ਹੈ -

" ਜੇ ਸਉ ਚੰਦਾ ਉਗਵਹਿ ਸੂਰਜ ਚੜੇ ਹਜਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।"

ਗੁਰੂ ਜੀ ਦੇ ਬਿੰਬ ਵਿਚਾਰਾਂ ਅਤੇ ਅਨੁਭੂਤੀ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੁੰਦੇ ਹਨ ਆਪ ਦੇ ਵਰਤੇ ਬਿੰਬ ਕਵਿਤਾ ਵਿਚ ਸੁਹਜ ਆਨੰਦ ਦੀ ਅਵਸਥਾ ਹੀ ਪੈਦਾ ਨਹੀ ਕਰਦੇ,ਸਗੋਂ ਭਾਵਾਂ ਨੂੰ ਸਪੱਸ਼ਟ ਕਰਨ ਅਤੇ ਸ਼ੈਲੀ ਨੂੰ ਸਾਰਥਿਕ ਬਨਾਉਣ ਵਿਚ ਪੂਰੇ ਪੂਰੇ ਸਹਾਈ ਹੁੰਦੇ ਹਨ, ਕਿਉਂਕਿ ਬਿੰਬ ਕਵਿਤਾ ਦੀ ਸ਼ੈਲੀਗਤ ਵਿਸ਼ੇਸ਼ਤਾ ਹੈ । ਗੁਰੂ ਨਾਨਕ ਦੇਵ ਜੀ ਦੇ ਬਿੰਬ ਆਲੇ ਦੁਆਲੇ ਦੇ ਜੀਵਨ ਵਿਚੋਂ ਲਏ ਗਏ ਹਨ। ਇਸ ਲਈ ਇਨ੍ਹਾਂ ਬਿੰਬਾਂ ਦੀ ਵਰਤੋਂ ਨਾਲ ਆਪ ਦੀ ਕਾਵਿ ਸ਼ੈਲੀ ਹੋਰ ਵੀ ਪ੍ਰਭਾਵਸ਼ਾਲੀ ਬਣ ਗਈ ਹੈ।

### ਬੋਲੀ

ਕਾਵਿ ਸ਼ੈਲੀ ਦਾ ਇਕ ਜ਼ਰੂਰੀ ਤੱਤ ਬੋਲੀ ਹੈ। ਕਾਵਿ ਭਾਸ਼ਾ ਆਮ ਭਾਸ਼ਾ ਨਾਲੋਂ ਵਖਰੀ ਹੁੰਦੀ ਹੈ। ਰੇਨੀ ਵੈਲਕ ਅਨੁਸਾਰ -

"Language study thus becomes extra ordinary important far the study of the Poetry. "

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਹਰ ਸਾਹਿੱਤਕਾਰ ਆਪਣੇ ਸਮੇਂ ਦੇ ਵਾਯੂਮੰਡਲ ਅਰਥਾਤ ਸਮਾਜ ਦੀ ਉਪਜ ਹੁੰਦਾ ਹੈ, ਜਿਹੜਾ ਆਪਣੇ ਚੌਗਿਰਦੇ ਦੇ ਵਾਤਾਵਰਣ ਤੋਂ ਕੱਚਾ ਮਸਾਲਾ ਵੀਣ ਕੇ ਭਾਵਾਂ,ਵਿਚਾਰਾਂ, ਵਲਵਲਿਆਂ ਅਤੇ ਹਕੀਕਤਾਂ ਦੀ ਭੱਠੀ ਤਾ ਕੇ, ਬੋਲੀ ਰੂਪੀ ਕੁਠਾਲੀ ਵਿਚ ਢਾਲ ਕੇ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਠੀਕ ਇੰਜੇ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਵਾਯੂਮੰਡਲ ਤੋਂ ਪ੍ਰਭਾਵਤ ਹੋ ਕੇ ਨਿੱਜੀ ਬਹੁਪੱਖੀ ਤੇ ਵਿਸ਼ਾਲ ਜੀਵਨ ਤਜਰਬਿਆਂ ਦੇ ਆਧਾਰ ਤੇ ਮਾਤ ਬੋਲੀ ਰਾਹੀ ਕਿਰਿਆਤਮਕ ਛੁਹ ਦੇ ਕੇ ਨਵਾਂ ਨਰੋਆ ਜੀਵਨ ਸਚਾਈਆਂ ਭਰਪੂਰ ਸਾਹਿੱਤ ਪੇਸ਼ ਕੀਤਾ। ਗੁਰੂ ਨਾਨਕ ਜੀ ਦੀ ਬਾਣੀ ਉਪਰ ਉਸ ਸਮੇਂ ਦੇ ਹੋ ਰਹੇ ਅਨਿਆਇ, ਜ਼ੁਲਮ ਕੁਰੀਤੀਆਂ ਤੇ ਜੁਗ ਗਰਦੀਆਂ ਦਾ ਡੂੰਘਾ ਅਸਰ ਪਿਆ। ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲੀਨ ਵਿਦਵਤਾ ਦੇ ਮਿਆਰ ਅਨੁਸਾਰ - ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ ਫਾਰਸੀ , ਸਾਧ ਭਾਸ਼ਾ ਅਤੇ ਦੇਸੀ ਮਾਤ ਭਾਸ਼ਾ ਪੰਜਾਬੀ ਦੇ ਅਧਿਆਤਮਕ ਸਾਹਿੱਤ ਤੋਂ ਜਾਣੂ ਸਨ। ਗੁਰੂ ਜੀ ਨੇ ਲੋਕ ਕਲਿਆਣ ਲਈ ਪੇਂਡੂ ਲੋਕ ਬੋਲੀ ਪੰਜਾਬੀ ਨੂੰ ਸਾਧਨ ਬਣਾਇਆ। ਆਪ ਜੀ ਦੀ ਪਵਿੱਤਰ ਕਲਮ ਛੋਹ ਨਾਲ ਇਸ ਨੇ ਨਵਾਂ ਮੋੜ ਖਾਧਾ ਅਤੇ ਆਧੁਨਿਕ ਪ੍ਰਸਿੱਧ ਭਾਸ਼ਾਵਾਂ ਦੀ ਕਤਾਰ ਵਿਚ ਆ ਖੜੀ ਹੋਈ। ਮਾਤ ਭਾਸ਼ਾ ਪੰਜਾਬੀ ਨਾਲ ਆਪ ਦਾ ਅਟੁੱਟ ਤੇ ਅਕਹਿ ਪ੍ਰੇਮ ਸੀ, ਜਿਸ ਪ੍ਰਤੀ ਪਿਆਰ ਇਨ੍ਹਾਂ ਸਤਰਾਂ ਵਿਚ ਡੁਲ੍ਹ ਡੁਲ੍ਹ ਪੈਂਦਾ ਵਿਖਾਈ ਦੇਂਦਾ ਹੈ -

"ਖਤ੍ਰੀਆ ਤਾ ਧਰਮ ਛੋਡਿਆ ਮਲੈਛ ਭਾਖਿਆ ਗਹੀ।
ਸ੍ਰਿਸ਼ਟ ਸਭ ਏਕ ਵਰਨ ਹੋਈ ਧਰਮ ਕੀ ਗਤਿ ਰਹੀ।"

ਗੁਰੂ ਨਾਨਕ ਕਾਲ ਵਿਚ ਬਾਦਸ਼ਾਹ ਤੇ ਕਰਮਚਾਰੀਆਂ ਦੀ ਭਾਸ਼ਾ ਅਰਬੀ ਫਾਰਸੀ ਸੀ, ਬ੍ਰਾਹਮਣਾਂ ਦੀ ਧਾਰਮਿਕ ਭਾਸ਼ਾ ਸੰਸਕ੍ਰਿਤ ਸੀ ਜੋ ਆਮ ਜਨਤਾ ਦੀ ਸੂਝ ਅਤੇ ਕਾਰ ਵਿਹਾਰ ਤੋਂ ਉੱਚੀ ਸੀ। ਲੋਕ ਸਵਾਰਥ ਲਈ ਸਰਕਾਰੀ ਭਾਸ਼ਾ ਵਲ ਝੁਕੇ ਹੋਏ ਸਨ। ਗੁਰੂ ਜੀ ਨੇ ਇਹ ਮਹਿਸੂਸ ਕੀਤਾ ਕਿ ਮਾਤ ਬੋਲੀ ਨੂੰ ਤਿਆਗ ਕੇ ਕੋਈ ਕੌਮ ਉੱਚਾ ਸਾਹਿੱਤ ਨਹੀ ਪੈਦਾ ਕਰ ਸਕਦੀ। ਇਸ ਲਈ ਆਪ ਨੇ ਪੰਜਾਬੀ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਣਾ ਕੇ ਪੰਜਾਬੀ ਭਾਸ਼ਾ ਨੂੰ ਭਾਰਤ ਦੇ ਦੂਜਾ ਪ੍ਰਾਂਤਾਂ ਦੇ ਵਾਸੀਆਂ ਦੇ ਸਮਝਣ ਯੋਗ ਬਣਾਇਆ।

ਗੁਰੂ ਜੀ ਦੀ ਵਰਤੀ ਭਾਸ਼ਾ ਲੋਕ ਭਲਾਈ ਅਤੇ ਮਾਨਵ ਧਰਮ ਦੀ ਪ੍ਰਤੀਕ ਹੈ ਤੇ ਉਸ ਸਮੇਂ ਦੀ ਆਰਥਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਅਵਸਥਾ ਦੀ ਅਗਵਾਈ ਕਰਦੀ ਹੈ। ਜਦ ਗੁਰੂ ਜੀ ਨੇ ਹਿੰਦੂ ਵਿਦਵਾਨ ਨੂੰ ਸੰਬੋਧਨ ਕੀਤਾ ਹੈ, ਤਦ ਸੰਸਕ੍ਰਿਤ ਦੀ ਸ਼ਬਦਾਵਲੀ ਨੂੰ ਬੋਲ ਚਾਲ ਵਿਚ ਯੋਗ ਸਥਾਨ ਦਿੱਤਾ। ਜਦ ਨਾਥਾਂ ਜੋਗੀਆਂ ਨਾਲ ਵਾਰਤਾਲਾਪ ਹੋਈ ਤਦ ਸਾਧ ਭਾਸ਼ਾ ਦੇ ਮੇਲ ਨਾਲ ਪੰਜਾਬੀ ਨੂੰ ਸ਼ਿੰਗਾਰਿਆ ਅਤੇ ਜੇ ਕਰ ਮੁਸਲਮਾਨਾਂ ਸੂਫੀਆਂ ਨਾਲ ਰੂਹਾਨੀ ਮਤਲਬ ਕਾਇਮ ਹੋਈ ਤਦ ਲੋੜ ਅਨੁਸਾਰ ਅਰਬੀ ਫਾਰਸੀ ਦੇ ਸ਼ਬਦਾਂ ਦੀ ਵਰਤੋਂ ਕਰਕੇ ਲੋੜੀਂਦੇ ਵਾਤਾਵਰਨ ਨੂੰ ਪ੍ਰਭਾਵਸ਼ਾਲੀ ਬਣਾਇਆ। ਇਹ ਆਪ ਜੀ ਦੀ ਸੁਚੱਜੀ ਪ੍ਰਭਾਵਸ਼ਾਲੀ ਤੇ ਓਜਸਵੀ ਸ਼ਬਦ ਚੋਣ ਦਾ ਹੀ ਕਮਾਲ ਹੈ ਕਿ ਆਪ ਨੇ ਕਈਆਂ ਬੋਲੀਆਂ ਦੇ ਸ਼ਬਦਾਂ ਨੂੰ ਇਕੱਠੇ ਵਰਤ ਕੇ ਉਨ੍ਹਾਂ ਵਿਚ ਅਜੇਹੀ ਸੁਮੇਲਤਾ ਅਤੇ ਇਕਸੁਰਤਾ ਪੈਦਾ ਕਰ ਦਿੱਤੀ ਹੈ ਕਿ ਆਪ ਦੀ ਰਚਨਾ ਦੀ ਭਾਸ਼ਾ ਕਿਤੇ ਵੀ ਢਿੱਲੀ ਨਹੀ ਪੈਂਦੀ -

"ਸਾਧੂ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜਾ ਲੀਏ।
ਦੁਖੀਏ ਦਰਦ ਵੰਦ ਦਰਿ ਤੇਰੈ ਨਾਮ ਰਤੇ ਦਰਵੇਸ ਭਏ।
ਖਲੜੀ ਖਪਰੀ ਚਮੜੀ ਸਿਧਾ ਸੂਤੁ ਧੋਤੀ ਕੀਨੀ
ਤੂੰ ਸਾਹਿਬੁ ਹਉ ਸਾਂਗੀ ਤੇਰਾ, ਪ੍ਰਣਵੈ ਨਾਨਕ ਜਾਤਿ ਕੈਸੀ ।"

ਮੁਸਲਮਾਨਾਂ ਦੇ ਸੰਪਰਕ ਕਰਕੇ ਮੁਸਲਮਾਨੀ ਭਾਸ਼ਾਵਾਂ ਅਰਬੀ ਫਾਰਸੀ ਆ ਜਾਣੀ ਸੁਭਾਵਕ ਹੀ ਸੀ। ਪਰ ਬੋਲੀ ਉਤੇ ਫਾਰਸੀ ਵਿਆਕਰਣ ਦਾ ਕੋਈ ਪ੍ਰਭਾਵ ਨਹੀ। ਰਾਗ ਤਿਲੰਗ ਵਿਚ ਉਨ੍ਹਾਂ ਨੇ ਆਮ ਲੋਕਾਂ ਦੇ ਬੋਲ ਚਾਲ ਫਾਰਸੀ ਵਰਤੀ ਹੈ -

"ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ
ਹਕਾ ਕਬੀਰ ਕਰੀਮ ਤੂੰ ਬੇਐਬ ਪਰਵਦਗਾਰ।"

ਪੂਰਬ ਕਾਲ ਅਤੇ ਉਨ੍ਹਾਂ ਦੇ ਸਮੇਂ ਨਾਥ-ਪੰਥੀ ਸਾਹਿੱਤ ਵਿਚਾਰਧਾਰਾ ਅਤੇ ਉਨ੍ਹਾਂ ਦੀ ਪੰਜਾਬੀ ਪ੍ਰਧਾਨ ਸਾਧ ਭਾਖਾ ਪੰਜਾਬ ਨਿਵਾਸੀਆਂ ਅਤੇ ਲੋਕ ਬੋਲੀ ਪੰਜਾਬੀ ਉਪਰ ਕਿਸੇ ਨਾ ਕਿਸੇ ਰੂਪ ਵਿਚ ਅਸਰ ਪਾ ਚੁਕੀ ਤੇ ਸੀ ਤੇ ਆਪਣੀ ਇਸ ਮਿਲੇ ਜੁਲੇ ਰੂਪ ਵਿਚ ਸੰਤ ਸਾਹਿੱਤ ਦਾ ਮਾਧਿਅਮ ਬਣ ਗਈ ਸੀ। ਗੁਰੂ ਜੀ ਦੀ ਭਾਸ਼ਾ ਵਿਚ ਸਾਧ ਭਾਸ਼ਾ ਦਾ ਅਸਰ ਪ੍ਰਤੱਖ ਹੈ - ਪਰ ਪਾਣ ਪੰਜਾਬੀ ਦੀ ਚੜ੍ਹੀ ਹੋਈ ਹੈ -

"ਕੋਲੂ ਚਰਖਾ ਚਕੀ ਚੁਕ ਬਲਵਾ ਕੋਲੇ ਬਹੁਤ ਅਨੰਤੁ।
ਲਾਟੂ ਮਧਾਣੀਆਂ ਅਨਗਾਹੁ। ਪੰਖੀ ਭਉਦਿਆਂ ਲੈਨਿ ਨ ਸਾਹਿ।"

ਲਹਿੰਦੀ ਦਾ ਅਸਰ -

'ਆਖਾ ਜੀਵਾ ਵਿਸਰੈ ਮਰਿ ਜਾਉ
ਆਖਣ ਅਉਖਾ ਸਾਚਾ ਨਾਉ ।"

ਚੰਗੀ ਕਵਿਤਾ ਉਹ ਮੰਨੀ ਜਾਂਦੀ ਹੈ ਜਿਸ ਦੀਆਂ ਕੁਝ ਤੁਕਾਂ ਅਖਾਣ ਬਣ ਜਾਣ। ਅਖਾਣ ਦੀ ਡਾਂ. ਐਸ.ਐਸ. ਬੇਦੀ ਨੇ ਇਹ ਪਰਿਭਾਸ਼ਾ ਦਿੱਤੀ ਹੈ -

"ਅਖਾਣ ਨਿੱਤ ਦੀ ਬੋਲ ਚਾਲ ਵਿਚ ਵਰਤੀਦੇ ਪ੍ਰਵਾਨ ਹੋਏ ਉਹ ਕਥਨ ਹਨ ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਅਨੁਭਵ ਸੂਤਰਬਧ ਕਰਕੇ ਦਿਲ ਖਿਚਵੀ ਜਾਂ ਅਲੰਕਾਰਿਕ ਬੋਲੀ ਵਿਚ ਪੇਸ਼ ਕੀਤਾ ਹੁੰਦਾ ਹੈ" ਡਾ. ਬਿਦ ਚੰਦ ਮੁਹਾਵਰੇ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ - "ਮੁਹਾਵਰਾ ਕਿਸੇ ਭਾਸ਼ਾ ਅਥਵਾ ਬੋਲੀ ਵਿਚ ਪਰਯੁਕਤ ਹੋਣ ਵਾਲਾ ਉਹ ਵਾਕ ਖੰਡ ਹੈ, ਜੋ ਆਪਣੀ ਉਪਸਥਿੱਤੀ ਦੁਆਰਾ ਸੰਪੂਰਨ ਵਾਕ ਨੂੰ ਸਬਲ, ਸਤੇਜ ਤੇ ਰੋਚਕ ਅਤੇ ਚੁਸਤ ਬਣਾ ਦਿੰਦਾ ਹੈ ।"

ਗੁਰੂ ਨਾਨਕ ਬਾਣੀ ਦੀ ਭਾਸ਼ਾ ਵਿਚ ਜੀਵਨ ਖੇਤਰ ਦੇ ਸਾਰੇ ਕਾਰਜ, ਅਧਿਆਤਮਕ ਅਨੁਭਵ ਸਮਾਜਿਕ ਜੀਵਨ ਦੇ ਆਦਰਸ਼ ਲੋਕ ਉਕਤੀਆਂ ਰਾਹੀ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤੇ ਗਏ ਹਨ -

"ਮਨੁ ਜੀਤੈ ਜਗੁ ਜੀਤੁ ।"

"ਦੁਖ ਦਾਰੂ ਸੁਖ ਰੋਗ ਭਇਆ।"

ਗੁਰੂ ਜੀ ਨੇ ਵੱਡੇ ਤੋਂ ਵੱਡੇ ਖ਼ਿਆਲ ਨੂੰ ਸੂਖਮ ਤੋ ਸੂਖਮ ਭਾਵਾਂ ਰਾਹੀ ਇਸ ਤਰ੍ਹਾਂ ਬਿਆਨ ਕੀਤਾ ਕਿ ਆਪ ਦੀ ਭਾਸ਼ਾ ਵਿਚ ਸਰਲਤਾ, ਸੰਜਮ ਤੇ ਸੰਖਿਪਤਾ ਆ ਗਈ ਜਿਸ ਕਾਰਨ ਲੋਕ ਦਿਲਾਂ ਵਿਚ ਬੜੀ ਹਰਮਨ ਪਿਆਰੀ ਹੋ ਗਈ -

"ਹਕੁ ਪਰਾਇਆ ਨਾਨਕਾ ਉਸ ਸੂਅਰੁ ਉਸੁ ਗਾਇ।"

"ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ।"

ਗੁਰੂ ਜੀ ਨੇ ਸੰਜੀਵ ਅਤੇ ਬਹੁ ਰੂਪ ਚਿੰਨ੍ਹਾਂ ਘਰੋਗੀ ਅਤੇ ਸੈਨਿਕ ਅਲੰਕਾਰਾਂ, ਢੁਕਵੇਂ ਰਸਾਂ, ਸੋਹਣੇ ਅਖਾਣਾਂ ਅਤੇ ਮੁਹਾਵਰਿਆਂ ਦੀ ਵਰਤੋਂ ਕਰਕੇ ਆਪਣੀਆਂ ਰਚਨਾਵਾਂ ਦੀ ਭਾਸ਼ਾ ਵਿਚ ਸਾਰਥਿਕਤਾ ਪੈਦਾ ਕੀਤੀ। ਇਹ ਉਨ੍ਹਾਂ ਦੀ ਸੁਚੱਜੀ ਸ਼ਬਦ ਚੋਣ ਦਾ ਹੀ ਕਮਾਲ ਹੈ ਕਿ ਇਨ੍ਹਾਂ ਦੀ ਭਾਸ਼ਾ ਵਿਚ ਸੰਜਮ, ਸੂਖਮਤਾ ਅਤੇ ਸੁੰਦਰਤਾ ਦੇ ਨਾਲ ਅਧਿਆਤਮਕ ਸੁਹਿਰਦਤਾ ਵੀ ਆ ਗਈ। ਹਰ ਸ਼ਬਦ ਕਾਵਿ ਪ੍ਰਤਿਭਾ ਦਾ ਮੁਥਾਜ ਹੈ ਤੇ ਜੋ ਸ਼ੈਲੀ ਨੂੰ ਹੀਰੇ ਦੀ ਤਰ੍ਹਾਂ ਚਮਕਾ ਦਿੰਦੀ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਕਾਵਿ ਬੋਲੀ ਪੰਜਾਬੀ ਹੈ। ਡਾ. ਮੋਹਨ ਸਿੰਘ ਦੀਵਾਨਾ ਦੇ ਹੇਠ ਲਿਖੇ ਕਥਨ ਨਾਲ ਅਸੀ ਸਹਿਮਤ ਹਾਂ -

"The Language of the house of Nanak is all Punjabi in morphology and symtex, in basic word stock and semnatics." 1

ਰਸ

ਰਸ ਵਾਦੀਆਂ ਨੇ 'ਰਸ' ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ - "ਰਸ ਤੋਂ ਬਿਨਾਂ ਸ਼ਬਦ ਤੇ ਅਰਥ ਸਾਹਿੱਤ ਦੀ ਰਚਨਾ ਨਹੀਂ ਕਰ ਸਕਦੇ ਇਸ ਲਈ 'ਰਸ' ਸਾਹਿੱਤ ਜਾਂ ਕਾਵਿ ਦੀ ਜਾਨ ਜਾਂ ਆਤਮਾ ਹੈ।"[2] "ਰਸ ਸ਼ਬਦ ਦੀ ਵਰਤੋਂ ਅਨੰਦ ਮਈ-ਪਰਮ-ਚੇਤਨਾ, ਅਲੌਕਿਕ ਅਨੰਦ ਯਥਾਰਥਕਤਾ ਆਖਰੀ ਸਚਾਈ, ਸਮਾਧਦਸ਼ਾ ਆਦਿ ਦੇ ਅਰਥਾਂ ਵਿਚ ਹੋਈ।"[3]

ਹਰ ਰਸ ਦੇ ਮੂਲ ਵਿਚ ਇਕ ਜਜ਼ਬਾ ਕੰਮ ਕਰਦਾ ਹੈ, ਜਿਸ ਨੂੰ ਸਾਹਿੱਤਕ ਭਾਸ਼ਾ ਵਿਚ 'ਸਥਾਈ ਭਾਵ' ਕਹਿੰਦੇ ਹਨ, ਜਿਸ ਨੂੰ ਕਵੀ ਆਪਣੀ ਕਲਾਤਮਿਕ ਛੁਹ ਨਾਲ ਉਜਾਗਰ ਕਰਦਾ ਹੈ। ਭਾਰਤੀ ਸਾਹਿੱਤ ਅਚਾਰੀਆ ਨੇ ਨੌਂ

1. Dr. Mohan Singh Dewana -An Introduction to Punjabi Literature, First Edition.

2. ਡਾ. ਪ੍ਰੇਮ ਪ੍ਰਕਾਸ਼ ਸਿੰਘ 'ਭਾਰਤੀ ਕਾਵਿ ਸ਼ਾਸ਼ਤਰ, ਪੰਨਾ 85.

3. ਅਲੋਚਨਾ ਮਾਸਿਕ ਅੰਕ ਅਪਰੈਲ 1959 - ਰਸ ਸਿਧਾਂਤ ਦਾ ਕ੍ਰਮਿਕ ਵਿਕਾਸ।

ਇਨ੍ਹਾਂ ਸਥਾਈ ਭਾਵਾਂ-ਪ੍ਰੇਮ, ਖੁਸ਼ੀ, ਸ਼ੋਕ, ਕਾਮ, ਕ੍ਰੋਧ, ਉਤਸ਼ਾਹ, ਭੈ, ਘਿਰਣਾ, ਵਿਸਮਯ ਤੇ ਵੈਰਾਗ ਆਦਿ ਦੇ ਆਧਾਰ ਤੇ ਰਸਾਂ ਨੂੰ ਨੌ ਭਾਗਾਂ ਵਿਚ ਵੰਡਿਆ ਹੈ।

ਕਵਿਤਾ ਵਿਚ ਅਨੁਭਵ ਦੀ ਸਚਾਈ ਅਤੇ ਕਲਪਨਾ ਦਾ ਸੁਯੋਗ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਭਾਵੇਂ ਬਹੁਤੀ ਕਵਿਤਾ ਅਧਿਆਤਮਕ ਹੈ, ਪਰ ਫਿਰ ਵੀ ਇਸ ਵਿਚ ਗੁਰੂ ਜੀ ਨੇ ਸਮਕਾਲੀਨ ਪ੍ਰਸਥਿਤੀਆਂ ਦੇ ਦਿਲ ਚੀਰਵੇਂ ਢੰਗ ਨਾਲ ਤਸਵੀਰ ਪੇਸ਼ ਕੀਤੀ ਹੈ। ਗੁਰੂ ਜੀ ਦੀ ਅਧਿਆਤਮਕ ਅਤੇ ਦੁਨਿਆਵੀ ਦੋਹਾਂ ਤਰ੍ਹਾਂ ਦੀ ਕਵਿਤਾ ਵਿਚ ਪ੍ਰਾਪਤ ਸੁਹਿਰਦੱਤਾ ਇਸ ਗਲ ਵਿਚ ਹੈ ਕਿ ਉਨ੍ਹਾਂ ਦਾ ਸਾਰਾ ਅਨੁਭਵ ਖੁਦ ਜੀਵਿਆ ਤੇ ਗ੍ਰਹਿਣ ਕੀਤਾ ਅਨੁਭਵ ਹੈ। ਗੁਰੂ ਜੀ ਦੀ ਬਹੁਤੀ ਕਵਿਤਾ ਉਸ ਪਰਮਾਤਮਾ ਨਾਲ ਸੰਜੋਗ ਤੇ ਵਿਯੋਗ ਬਾਰੇ ਹਨ ਤੇ ਇਸ ਦਾ ਪ੍ਰਧਾਨ ਮਨੁੱਖ ਦਾ ਇਸਤਰੀ ਤੇ ਪਤਨੀ ਹੋਣਾ ਤੇ ਪ੍ਰਭੂ ਪਰਮੇਸ਼ਵਰ ਦਾ ਪੁਰਸ਼ ਤੇ ਪਤੀ। ਗੁਰੂ ਜੀ ਨੇ ਜੋ ਰਾਜਿਆਂ ਦੇ ਅਤਿਆਚਾਰਾਂ ਦਾ ਬਿਆਨ ਕੀਤਾ ਤਾਂ ਕਵਿਤਾ ਕਰੁਣਾਮਈ ਹੋ ਗਈ। ਗੁਰੂ ਜੀ ਨੇ ਆਪਣੇ ਕਾਵਿ ਵਿਚ ਵਿਚਾਰ, ਭਾਵਾਂ, ਪ੍ਰਸਥਿਤੀਆਂ ਅਨੁਸਾਰ ਬੜੇ ਢੁਕਵੇਂ ਫਬਵੇਂ ਰਸਾਂ ਦਾ ਪ੍ਰਯੋਗ ਕੀਤਾ ਤੇ ਕਵਿਤਾ ਵਿਚ ਰਸਾਂ ਨੂੰ ਬੜਾ ਮਹੱਤਵਪੂਰਨ ਥਾਂ ਦਿੱਤਾ।

### ਸ਼ਾਂਤ ਰਸ

ਗੁਰੂ ਨਾਨਕ ਦੇਵ ਜੀ ਦੀ ਬਹੁਤੀ ਬਾਣੀ ਸ਼ਾਂਤ ਰਸ ਵਿਚ ਹੈ। ਜਿਸ ਨੂੰ ਪੜ੍ਹਦਿਆਂ ਪੜ੍ਹਦਿਆਂ ਸਾਡੇ ਮਨ ਵਿਚ ਸ਼ਾਂਤੀ, ਠੰਡ ਤੇ ਟਿਕਵਾਂ ਪ੍ਰਭਾਵ ਸਿੰਜਰਿਆ ਜਾਂਦਾ ਹੈ। ਗੁਰੂ ਜੀ ਨੇ ਉਸ ਆਦਿ ਪੁਰਖ ਪਰਮੇਸ਼ਵਰ ਦਾ ਅਨੁਭਵ ਕਰਦਿਆਂ ਲਿਖਦੇ ਹਨ -

"ਅਨਹਦੋ ਅਨਹਦੁ ਵਾਜੈ ਰੁਣ ਝੁਣ ਕਾਰੇ ਰਾਮ।
ਮੇਰਾ ਮਨੋ ਮੇਰਾ ਮਨੁ ਰਾਤਾ ਨਾਲ ਪਿਆਰੇ ਰਾਮ।"

### ਸ਼੍ਰਿੰਗਾਰ ਰਸ

ਇਸ ਵਿਚ ਪ੍ਰੇਮ ਦਾ ਉਲੰਬਨ ਪਰਮਾਤਮਾ ਹੈ। ਗੁਰੂ ਜੀ ਅਨਿਨ ਭਗਤ ਸਨ ਤੇ ਉਨ੍ਹਾਂ ਨੇ ਇਸ ਸੰਸਾਰਿਕ ਚਿੱਤਰ ਨੂੰ ਅਧਿਆਤਮਕ ਅਰਥਾਂ ਦੇ ਸਪੱਸ਼ਟੀਕਰਣ ਲਈ ਵਰਤਿਆ ਹੈ। ਪ੍ਰੇਮ ਵਿਚ ਡੁੱਬੀ ਜੀਵ ਰੂਪੀ ਇਸਤਰੀ ਆਪਣੇ ਪਤੀ ਰੂਪੀ ਪਰਮਾਤਮਾ ਨੂੰ ਇਕ ਪਲ ਲਈ ਵੀ ਨਹੀਂ ਭੁੱਲ ਸਕਦੀ, ਕਿਉਂਕਿ ਉਸ ਦੇ ਪਿਆਰ ਵਿਚ ਲੀਨ ਹੋ ਚੁੱਕੀ ਹੈ -

"ਤੂੰ ਸੁਣਿ ਰਹਿ ਰਸ ਭਿੰਨੇ ਪ੍ਰੀਤਮ ਆਪਣੇ ।
ਮਨਿ ਤਨਿ ਰਵਨ ਰਵੰਨੇ ਘੜੀ ਨਾ ਬੀਸਰੈ।"
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਇ॥"

ਇਸ ਤਰ੍ਹਾਂ ਗੁਰੂ ਜੀ ਨੇ ਸ਼ਿੰਗਾਰ ਰਸ ਨਾਲ ਆਪਣੀ ਕਵਿਤਾ ਨੂੰ ਸ਼ਿੰਗਾਰਿਆ ਹੈ।

<u>ਕਰੁਣਾ ਰਸ</u>

ਜਿਸ ਰਸ ਤੋਂ ਹਿਰਦੇ ਵਿਚ ਸ਼ੋਕ ਉਦਾਸੀ ਪੈਦਾ ਹੋ ਜਾਵੇ। ਗੁਰੂ ਜੀ ਸੰਸਾਰਕ ਦੁੱਖਾਂ, ਸ਼ੋਕਾਂ ਤੇ ਭਟਕੇ ਹੋਏ ਲੋਕ ਜੋ ਸੰਸਾਰਕ ਵਿਕਾਰਾਂ ਵਿਚ ਫਸ ਚੁਕੇ ਸਨ, ਉਨ੍ਹਾਂ ਦਾ ਬਿਆਨ ਬੜੇ ਕਰੁਣਾ-ਮਈ ਢੰਗ ਨਾਲ ਪੇਸ਼ ਕੀਤਾ ਹੈ। ਉਮਰ ਦੇ ਅਖ਼ੀਰਲੇ ਪਹਿਰ ਬਾਰੇ ਆਪ ਇਸ ਤਰ੍ਹਾਂ ਦਸਦੇ ਹਨ -

"ਕਰ ਕਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮਸੇ।
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿਕੇ ਮਨਿ ਵਸੇ।"

<u>ਬੀਰ ਰਸ</u>

ਇਸ ਰਸ ਵਿਚ ਯੁੱਧ ਦੀ ਭਾਵਨਾ ਨੂੰ ਚਮਕਾਉਂਦਾ ਹੈ। ਉਤਸ਼ਾਹ ਤੇ ਜੋਸ਼ ਭਰਨ ਲਈ ਵਰਤਿਆ ਜਾਂਦਾ ਹੈ। ਗੁਰੂ ਜੀ ਨੇ ਜਗਿਆਸੂ ਨੂੰ ਨਿਰਭੈ, ਉਤਸ਼ਾਹੀ ਅਤੇ ਬੀਰ ਬਣਾਉਣ ਲਈ ਆਪ ਜੀ ਨੇ ਦਸਿਆ ਕਿ ਪਰਮਾਤਮਾ ਦੇ ਭੈ ਤੋਂ ਬਿਨਾਂ ਹੋਰ ਕਿਸੇ ਭੈ ਨੂੰ ਨਹੀਂ ਮੰਨਣਾ ਚਾਹੀਦਾ। ਗੁਰੂ ਜੀ ਦੁਨਿਆਵੀ ਭੈ ਨੂੰ ਮਨ ਦਾ ਸ਼ੋਕ ਹੀ ਮੰਨਦੇ ਹਨ-

"ਡਰੀਐ ਜੇ ਡਰੁ ਹੋਵੈ ਹੋਰ।
ਡਰਿ ਡਰਿ ਡਰਣਾ ਮਨ ਕਾ ਸੋਰੁ।"

<u>ਰੌਦਰ ਰਸ</u>

ਜਿਹੜਾ ਰਸ ਮਨੁੱਖੀ ਮਨ ਅੰਦਰ ਕ੍ਰੋਧ ਪੈਦਾ ਕਰੇ ਉਹ ਰੌਦਰ ਰਸ ਅਖਵਾਉਂਦਾ ਹੈ। ਬਾਬਰ ਦੇ ਕਤਲੇ-ਏ-ਆਮ ਦੇ ਨਜ਼ਾਰਿਆਂ ਦਾ ਬਿਆਨ ਕਰਦੇ ਹੋਏ ਬਾਬਰਵਾਣੀ ਵਿਚ ਰੌਦਰ ਰਸ ਪੈਦਾ ਕੀਤਾ ਹੈ -

"ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ"

ਆਪ ਇਨ੍ਹਾਂ ਅਤਿਆਚਾਰਾਂ ਤੇ ਜ਼ੁਲਮਾਂ ਨੂੰ ਦੇਖਕੇ ਮਨ ਨੂੰ ਠੇਸ ਪਹੁੰਚੀ ਜਿਸ ਕਰਕੇ ਦਿਲਚੀਰਵਾਂ ਨਕਸ਼ਾ ਬਾਬਰਵਾਣੀ ਵਿਚ ਪੇਸ਼ ਕੀਤਾ ਹੈ।

ਅਦਭੁੱਤ ਰਸ

ਪਰਮਾਤਮਾ ਦੀ ਰਚੀ ਹੋਈ ਅਦਭੁੱਤ ਸ੍ਰਿਸ਼ਟੀ ਤੇ ਉਸ ਦੀ ਸੁੰਦਰਤਾ ਤੇ ਇਕ ਅਗੰਮੀ ਹੁਕਮ ਅਨੁਸਾਰ ਅਤੇ ਇਕ ਨਿਯਮ ਅਧੀਨ ਸਭ ਦਾ ਆਪੋ ਆਪਣੇ ਕਰਤੱਵ ਦਾ ਪਾਲਣ ਕਰਨਾ ਦੇਖ ਕੇ ਗੁਰੂ ਜੀ ਨੇ ਅਸਚਰਜਤਾ, ਹਰਖ ਤੇ ਖੁਸ਼ੀ ਰਲਵੇਂ ਭਾਵਾਂ ਨੂੰ ਅਦਭੁੱਤ ਰਸ ਰਾਹੀਂ ਪ੍ਰਗਟ ਕੀਤਾ। ਕਵੀ ਵਿਸਮਾਦ ਵਿਚ ਆ ਕੇ ਝੂਮਦਾ ਹੈ -

"ਵਿਸਮਾਦੁ ਨਾਦੁ ਵਿਸਮਾਦੁ ਵੇਦੁ ....ਵਿਸਮਾਦੁ ਭੇਦ .....।"

ਬੀਭਤਸ ਰਸ

ਇਹ ਰਸ ਉਥੋਂ ਲਭਦਾ ਹੈ ਜਿਥੇ ਕਵਿਤਾ ਹਾਸੇ ਤੋਂ ਅਗੇ ਲੰਘ ਕੇ ਸਿੱਧੇ ਘ੍ਰਿਣਾ ਦੇ ਜਜ਼ਬੇ ਤੋਂ ਉਪਜਾਉਂਦੀ ਹੈ। ਸਰੇਵੜਿਆਂ ਬਾਰੇ ਇਹ ਸ਼ਬਦ ਬੀਭਤਸ ਰਸ ਦੀ ਮੂੰਹ ਬੋਲਦੀ ਤਸਵੀਰ ਹੈ -

"ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।
ਫੋਲ ਫਦਿਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ।
ਮਾਊ ਪੀਊ ਕਿਰਤ ਗਵਾਇਨ ਟਬਰ ਰੋਵਨਿ ਧਾਹੀ। "

ਭਿਆਨਕ ਰਸ

ਇਹ ਰਸ ਭੈ ਤੇ ਡਰ ਦਾ ਅਹਿਸਾਸ ਕਰਾਉਂਦਾ ਹੈ। ਗੁਰੂ ਜੀ ਨੇ ਭੈੜੇ ਕਰਮ ਕਰਨ ਵਾਲਿਆਂ ਜੀਵਾਂ ਦੀ ਪਰਮਾਤਮਾ ਦੀ ਦਰਗਾਹ ਵਿਚ ਜੋ ਦੁਰਦਸ਼ਾ ਹੁੰਦੀ ਹੈ, ਉਸ ਦਾ ਚਿੱਤਰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਉਸ ਨਾਲ ਭ੍ਰਿਆਨਕ ਰਸ ਉਪਜਦਾ ਹੈ -

"ਅੰਤਰਿ ਚੋਰ ਮੁਹੈ ਘਰੁ ਮੰਦਰੁ।
ਇਨ ਸਾਕਤਿ ਦੂਤੁ ਨ ਜਾਤਾ ਏ
ਦੂੰਦਰਿ ਦੂਤ ਭੂਤ ਭੀਹਾਲੇ।
ਖਿੰਚੋ ਤਾਣ ਕਰਹਿ ਬੇਤਾਲੇ ।"

ਹਾਸ ਰਸ

ਗੁਰੂ ਜੀ ਨੇ ਜਿਥੇ ਧਾਰਮਿਕ ਅਤੇ ਸਮਾਜਿਕ ਭੇਖਾਂ ਉਤੋਂ ਪਰਦਾ ਚੁਕਿਆ ਹੈ ਅਤੇ ਵਿਅੰਗ ਕੀਤੇ ਹਨ, ਉਥੇ ਉਨ੍ਹਾਂ ਦੇ ਨਿਮੇ ਨਿਮੇ ਹਾਸ ਰਸ ਦੀ ਫੁਹਾਰ ਵੀ ਪਾਈ ਹੈ -

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

"ਵਾਇਨ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰ॥"

ਭਾਵੇਂ ਗੁਰੂ ਜੀ ਨੇ ਹਰ ਰਸ ਵਰਤਿਆ ਹੈ ਪਰ ਪ੍ਰਧਾਨਤਾ ਸ਼ਾਂਤ ਰਸ ਤੇ ਸ਼ਿੰਗਾਰ ਰਸ ਨੂੰ ਹੀਦਿੱਤੀ ਹੈ। ਗੁਰੂ ਜੀ ਦਾ ਹਰ ਸ਼ਬਦ ਆਤਮ-ਰਸ ਭਿੰਨਾ ਗੀਤ ਹੈ।

ਇਸ ਤਰ੍ਹਾਂ ਆਪ ਦੀ ਸ਼ੈਲੀ ਬੜੀ ਰਸਦਾਇਕ ਹੈ। ਵੰਨ-ਸੁਵੰਨੇ ਰਸਾਂ ਨਾਲ ਸ਼ਿੰਗਾਰੀ ਹੋਈ ਹੈ।

ਰਾਗ

ਗੁਰੂ ਨਾਨਕ ਸਾਹਿਬ ਦੀ ਸਮੁੱਚੀ ਰਚਨਾ 'ਜਪੁਜੀ' ਤੋਂ ਬਿਨਾਂ ਕ੍ਰਮਵਾਰ ਹੇਠ ਲਿਖੇ ਰਾਗਾਂ ਵਿਚ ਵੰਡੀ ਮਿਲਦੀ ਹੈ। ਗੁਰੂ ਸਾਹਿਬ ਨੇ ਆਪਣੀ ਮਹਾਨ ਦਾਰਸ਼ਨਿਕ ਰਚਨਾ 'ਜਪੁਜੀ' ਜਿਸ ਨੂੰ ਸਾਰੀ ਗੁਰਮਤਿ ਫਿਲਾਸਫੀ ਦਾ ਮੂਲ ਮੰਨਿਆ ਗਿਆ ਹੈ, ਇਸ ਤੋਂ ਇਲਾਵਾ ਸਾਰੀਆਂ ਰਚਨਾਵਾਂ ਨੂੰ ਰਾਗਾਂ ਵਿਚ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੇ ਆਪਣੀ ਬਾਣੀ ਵਿਚ ਵਰਤੇ ਗਏ ਰਾਗ 19 ਹਨ ਤੇ ਉਨ੍ਹਾਂ ਦਾ ਵੇਰਵਾ ਗੁਰੂ ਗ੍ਰੰਥ ਸਾਹਿਬ ਵਿਚ ਆਏ ਕ੍ਰਮ ਅਨੁਸਾਰ ਇਸ ਤਰ੍ਹਾਂ ਹੈ -

(1) ਸਿਰੀ ਰਾਗ (2) ਮਾਝ ਰਾਗ (3) ਗਉੜੀ ਰਾਗ
(4) ਆਸਾ ਰਾਗ (5) ਗੂਜਰੀ ਰਾਗ (6) ਸੋਰਠਿ ਰਾਗ
(7) ਵਡਹੰਸ ਰਾਗ (8) ਧਨਾਸਰੀ ਰਾਗ (9) ਤਿਲੰਗ ਰਾਗ
(10) ਸੂਹੀ ਰਾਗ (11) ਬਿਲਾਵਲ ਰਾਗ (12) ਰਾਮਕਲੀ ਰਾਗ
(13) ਮਾਰੂ ਰਾਗ (14) ਤੁਖਾਰੀ ਰਾਗ (15) ਭੈਰਉ ਰਾਗ
(16) ਬਸੰਤ ਰਾਗ (17) ਸਾਰੰਗ ਰਾਗ (18) ਮਲਾਰ ਰਾਗ
(19) ਪ੍ਰਭਾਤੀ ਰਾਗ ।[੧]

"ਅਸਲ ਵਿਚ ਗੁਰੂ ਜੀ ਆਪ ਆਪਣੀਆਂ ਰਚਨਾਵਾਂ ਨੂੰ ਰਾਗਾਂ ਵਿਚ ਗਾਇਨ ਕਰਦੇ ਸਨ ਅਤੇ ਸਾਡੇ ਰਾਗ ਅਚਾਰੀਆਂ ਅਨੁਸਾਰ ਇਨ੍ਹਾਂ ਰਾਗਾਂ ਦਾ ਵਿਸ਼ੇਸ਼ ਆਤਮਕ ਤੇ ਮਾਨਸਿਕ ਅਵਸਥਾਵਾਂ ਨਾਲ ਸਬੰਧ ਹੈ।"[2]

---

1. ਸ. ਚਰਨ ਸਿੰਘ 'ਬਾਣੀ ਬਿਉਰਾ'
2. ਡਾ. ਤਾਰਨ ਸਿੰਘ 'ਭਗਤੀ ਤੇ ਸ਼ਕਤੀ '

ਇਸ ਲਈ ਗੁਰੂ ਜੀ ਨੇ ਵਿਸ਼ੇਸ਼ ਪ੍ਰਕਾਰ ਦੇ ਭਾਵਾਂ ਦੇ ਪ੍ਰਗਟਾ ਲਈ ਵਿਸ਼ੇਸ਼ ਪ੍ਰਕਾਰ ਦੇ ਰਾਗ ਨੂੰ ਹੀ ਵਰਤਿਆ ਜਿਵੇਂ ਕੋਈ ਰਾਗ ਸ਼ਾਂਤੀ ਦਾ ਹੈ, ਕੋਈ ਉਤਸ਼ਾਹ ਦਾ, ਕੋਈ ਖੁਸ਼ੀ ਦਾ, ਕੋਈ ਗ਼ਮੀ ਦਾ, ਜਿਵੇਂ ਕਿ ਬਸੰਤ ਤੇ ਸੂਹੀ ਖੁਸ਼ੀ ਦੇ ਰਾਗ ਹਨ, ਵਡਹੰਸ-ਵੈਰਾਗ ਦੀ ਅਵਸਥਾ ਪ੍ਰਦਾਨ ਕਰਦਾ ਹੈ ਤੇ ਗਉੜੀ ਗੰਭੀਰਤਾ ਦਾ ਰਾਗ ਹੈ। ਇਸ ਲਈ ਗੁਰੂ ਸਾਹਿਬ ਦੀ ਰਚਨਾ ਦੇ ਅਸਲ ਭਾਵ ਨੂੰ ਸਮਝਣ ਲਈ ਜਾਂ ਪੂਰਨ ਪ੍ਰਭਾਵ ਨੂੰ ਗ੍ਰਹਿਣ ਕਰਨ ਲਈ ਇਸ ਨੂੰ ਨਿਸ਼ਚਿਤ ਕੀਤੇ ਗਏ ਰਾਗ ਵਿਚ ਗਾਇਨ ਕਰਨ ਦੀ ਜ਼ਰੂਰਤ ਸਮਝੀ ਹੈ।

ਮਿਡਲਟਨ ਮਰੀ ਨੇ ਕਿਹਾ ਹੈ -

"ਸ਼ੈਲੀ ਆਪੇਦਾ ਉਹ ਪ੍ਰਗਟਾਅ ਹੈ ਜਿਸ ਰਾਹੀਂ ਅਸੀਂ ਲੇਖਕ ਦੀ ਪਛਾਣ ਕਰ ਸਕਦੇ ਹਾਂ।[1]"

ਸ਼ੈਲੀ ਦੇ ਉਪਰੋਕਤ ਭਿੰਨ ਭਿੰਨ ਜ਼ਰੂਰੀ ਤੱਤਾਂ ਦੇ ਆਧਾਰ ਉਤੇ ਹੁਣ ਅਸੀਂ ਸੰਖੇਪ ਰੂਪ ਗੁਰੂ ਨਾਨਕ ਦੇਵ ਜੀ ਦੀ ਕਾਵਿ ਸ਼ੈਲੀ ਦਾ ਸਮੁੱਚੇ ਰੂਪ ਵਿਚ ਮੁਲਅੰਕਣ ਕਰਦੇ ਹਾਂ। ਆਪ ਦੀ ਬਾਣੀ ਇਕ ਜਗਦੀ ਜੋਤ ਤਰ੍ਹਾਂ ਹੈ, ਜੋ ਸਦਾ ਭੁਲੇ ਭਟਕੇ ਰਾਹੀਆਂ ਨੂੰ ਰਾਹ ਦਿਖਾਉਂਦੀ ਰਹੇਗੀ। ਗੁਰੂ ਨਾਨਕ ਦੀ ਬਾਣੀ ਵਿਚ ਵਿਚਾਰ ਅਤੇ ਭਾਵ ਦੀ ਅਜਿਹੀ ਡੂੰਘਾਈ ਹੈ ਕਿ ਉਨ੍ਹਾਂ ਨੂੰ ਦਾਰਸ਼ਨਿਕ ਕਵੀ ਕਿਹਾ ਜਾ ਸਕਦਾ ਹੈ। ਇਸੇ ਲਈ ਉਨ੍ਹਾਂ ਦੀ ਬਹੁਤ ਸਾਰੀ ਬਾਣੀ ਦਾਰਸ਼ਨਿਕ ਸ਼ੈਲੀ ਵਿਚ ਰਚੀ ਗਈ ਹੈ, ਉਦਾਹਰਣ ਲਈ ਜਪੁਜੀ ਸਾਹਿਬ, ਆਸਾ ਦੀ ਵਾਰ ਇਹ ਦਾਰਸ਼ਨਿਕ ਸ਼ੈਲੀ ਦਾ ਨਮੂਨਾ ਹਨ।

ਗੁਰੂ ਸਾਹਿਬ ਦੀ ਬਾਣੀ ਵਿਚ ਜਿਥੇ ਕਲਪਨਾ ਉਥੇ ਦਲੀਲ, ਭਾਵ ਉਥੇ। ਬੁਧੀ ਪ੍ਰਧਾਨ ਹੋ ਗਈ ਹੈ - ਉਥੇ ਸ਼ੈਲੀ ਵਰਣਾਤਮਿਕ ਬਣ ਗਈ ਹੈ ਪਰ ਜਿਥੇ ਉਨ੍ਹਾਂ ਦੀ ਬਾਣੀ ਵਿਚ ਭਾਵ ਤੇ ਕਲਪਨਾ ਪ੍ਰਧਾਨ ਹੈ, ਉਥੇ ਉਨ੍ਹਾਂ ਨੇ ਆਪਣੇ ਅਨੁਭਵ ਦਾ ਚਿੱਤਰਨ ਕੀਤਾ ਹੈ। ਕਾਵਿ ਸ਼ੈਲੀ ਜਿਤਨੀ ਵੱਧ ਬਿੰਬਾਤਮਿਕ ਹੋਵੇਗੀ ਉਤਨੀ ਹੀ ਉਸ ਨੂੰ ਉੱਤਮ ਸਮਝਿਆ ਜਾਵੇਗਾ। ਮਿਡਲਟਨ ਮਰੀ ਨੇ -"ਭਾਸ਼ਵੀ ਸ਼ੈਲੀ ਨੂੰ ਇਸੇ ਲਈ ਬਿੰਬਾਤਮਿਕ ਸ਼ੈਲੀ ਤੋਂ ਬਿਲਕੁਲ ਉਲਟ ਸਮਝਿਆ ਹੈ। ਉਸ ਦਾ ਕਹਿਣਾ ਹੈ ਕਿ ਕਵੀ ਦਾ ਕੰਮ ਬਿੰਬਾਤਮਿਕ ਸ਼ੈਲੀ ਵਿਚ ਰਚਨਾ ਕਰਨਾ ਹੈ।"[2]

---

1. Style is not isolable quality of writing,it is writing itself.
   Middleton Murry 'The Problem of style' Page 70.
2. Middleton Murry 'The Problem of Style,Page -111

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਗੁਰੂ ਨਾਨਕ ਦੀਆਂ ਰਚਨਾਵਾਂ ਦਾ ਬਹੁਤਾ ਹਿੱਸਾ ਅਜਿਹੀ ਬਿੰਬਾਤਮਿਕ ਸ਼ੈਲੀ ਵਿਚ ਹੈ। ਗੁਰੂ ਜੀ ਨੇ ਅਲੰਕਾਰਾਂ ਦਾ ਉਚਿਤ ਪ੍ਰਯੋਗ ਕੀਤਾ ਹੈ। ਹਰ ਅਲੰਕਾਰ ਠੀਕ ਢੰਗ ਨਾਲ ਠੀਕ ਸਥਾਨ ਉਤੇ ਪ੍ਰਸਥਿਤੀਆਂ ਤੇ ਉਦੇਸ਼ ਅਨੁਸਾਰ ਵਰਤਿਆ ਹੈ। ਹਰ ਅਲੰਕਾਰ ਦਾ ਮੰਤਵ ਕਾਵਿ ਸਜਾਵਟ ਦੇ ਨਾਲ ਨਾਲ ਅਰਥ ਦੀ ਸਪੱਸ਼ਟਤਾ ਵੀ ਰਿਹਾ ਹੈ,ਕਿਉਂਕਿ ਅਲੰਕਾਰ ਗੁਰੂ ਸਾਹਿਬ ਦੀ ਕਵਿਤਾ ਦਾ ਸਾਰਥਿਕ ਤੇ ਸਹਿਜ ਸੁਭਾਵਕ ਅੰਗ ਬਣ ਕੇ ਆਏ ਹਨ। ਗੁਰੂ ਨਾਨਕ ਦੇਵ ਜੀ ਦੀ ਕਾਵਿ ਸ਼ੈਲੀ ਵਿਚ ਸ਼ਬਦ ਦਾ ਪ੍ਰਯੋਗ ਬਹੁਤੀ ਵਾਰੀ ਵਿਅੰਜਨਿਕ ਰੂਪ ਵਿਚ ਕੀਤਾ ਗਿਆ ਹੈ। ਸੌਖੇ ਸ਼ਬਦਾਂ ਵਿਚ ਇਸ ਨੂੰ ਇਸ਼ਾਰਿਤਕ ਸ਼ਬਦਾਵਲੀ ਵੀ ਕਿਹਾ ਜਾਂਦਾ ਹੈ।

ਪ੍ਰੋ. ਐਫ.ਐਲ ਲਿਊਕਾਸ ਅਨੁਸਾਰ -

"ਇਸੇ ਤੋਂ ਸੰਖਿਪਤਾ ਜਿਸ ਨੂੰ ਸਿਆਣਪ ਦੀ ਮਾਂ ਮੰਨਿਆ ਜਾਂਦਾ ਹੈ, ਉਪਜਦੀ ਹੈ ਅਤੇ ਇਹ ਸੰਖਿਪਤਾ ਹੀ ਕਵਿਤਾ ਵਿਚ ਸ਼ਕਤੀ,ਸ਼ਾਨ,ਚੁਸਤੀ,ਸੁਝਾਅ ਅਤੇ ਸਪੱਸ਼ਟਤਾ ਭਰਦੀ ਹੈ।"[1]

ਗੁਰੂ ਜੀ ਦੀ ਕਵਿਤਾ ਵਿਚ ਇਹ ਸੰਖਿਪਤਾ ਅਤੇ ਇਸ ਤੋਂ ਉਪਜਦੀ ਮਹਾਨ ਸ਼ਕਤੀ ਵਿਦਮਾਨ ਹੈ। ਉਹ ਸਿਆਣਪ ਭਰੀਆਂ ਗਲਾਂ,ਜੀਵਨ ਦੇ ਵਿਸ਼ਾਲ ਤਜਰਬੇ ਅਟੱਲਾ ਸਚਾਈਆਂ ਦੇ ਤੱਤ ਥੜੇ ਥੋੜੇ ਜਹੇ ਤੇ ਬਲਵਾਨ ਸ਼ਬਦਾਂ ਵਿਚ ਕਹਿ ਜਾਂਦੇ ਸਨ,ਜੋ ਅਖੋਤਾਂ ਵਾਂਗ ਯਾਦ ਰਹਿੰਦੇ ਹਨ। ਜਿਨ੍ਹਾਂ ਨੂੰ ਹੋਰ ਸਜਾਵਟ ਜਾਂ ਬਨਾਵਟ ਦੀ ਲੋੜ ਨਹੀ ਰਹਿੰਦੀ। ਇਸ ਤਰ੍ਹਾਂ ਇਹ ਸੰਜਮੀ ਸ਼ੈਲੀ ਵੀ ਹੈ।

ਸਵਿਫਟ ਦਾ ਸ਼ੈਲੀ ਬਾਰੇ ਇਹ ਕਹਿਣਾ ਕਿ - 'ਯੋਗ ਸ਼ਬਦ ਯੋਗ ਸਥਾਨ ਉਤੇ'[2] ਗੁਰੂ ਸਾਹਿਬ ਦੀ ਬਾਣੀ ਉਪਰ ਪੂਰਾ ਢੁੱਕਦਾ ਹੈ। ਇਹ ਕਥਨ ਕਿ - "ਕਾਵਿ ਸ਼ੈਲੀ ਵਿਚ ਭਾਸ਼ਾ ਨੂੰ ਇਉਂ ਵਰਤਿਆ ਜਾਂਦਾ ਹੈ ਕਿ ਉਹ ਪ੍ਰਭਾਵ ਪਾਵੇ, ਚਮਤਕਾਰ ਪੈਦਾ ਕਰੇ ਤੇ ਸੁਖੈਨ ਜਾਪੇ।"[3] ਜੇ ਇਨ੍ਹਾਂ ਕਾਵਿ ਕਸਵੱਟੀਆਂ ਨੂੰ

---

1. Prof. F.L.Lucas -"Style - Page 206
2. Swift, Dictionary of Thought, Page 617,Ed.1933.
3. Encyclopaedia Britanica . Page -497.

ਸਾਹਮਣੇ ਰੱਖ ਕੇ ਗੁਰੂ ਜੀ ਦੀ ਬਾਣੀ ਪਰਖੀ ਜਾਵੇ ਤਾਂ ਅਤਿਕਥਨੀ ਨਹੀ ਹੋਵੇਗੀ, ਕਿ ਗੁਰੂ ਜੀ ਦੀ ਬਾਣੀ ਇਸ ਕਾਵਿ ਕਸਵਟੀ ਉਤੇ ਪੂਰੀ ਉਤਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਝੂਠੇ ਭਰਮਾਂ ਭੁਲੇਖਿਆਂ ਤੇ ਜ਼ੁਲਮ ਵਿਰੁਧ ਨਿਧੜਕ ਹੋ ਕੇ ਆਵਾਜ਼ ਉਠਾਈ ਤੇ ਅਜਿਹੇ ਭੇੜਾਂ, ਪਖੰਡਾਂ ਉਤੇ ਵਿਅੰਗਮਈ ਤਰੀਕੇ ਨਾਲ ਟਕੋਰਾਂ ਕੀਤੀਆਂ। ਜਿਸ ਨਾਲ ਬਿਥੇ ਉਨ੍ਹਾਂ ਦੀ ਸ਼ੈਲੀ ਦੀ ਨੁਹਾਰ ਹੀ ਬਦਲ ਗਈ ਤੇ ਸ਼ੈਲੀ ਇਥੇ ਵਿਅੰਗਾਤਮਿਕ ਹੋ ਨਿਬੜੀ। ਉਨ੍ਹਾਂ ਦੀ ਸ਼ੈਲੀ ਦੀ ਵਚਿੱਤਰਤਾ ਦਾ ਕਾਰਨ ਉਨ੍ਹਾਂ ਦਾ ਸ੍ਰੋਤਾ, ਪਾਠਕ ਅਤੇ ਉਸ ਯੁਗ ਵਿਚ ਪੰਜਾਬੀ ਬੋਲੀ ਦੀ ਸਥਿੱਤੀ ਹੈ। ਗੁਰੂ ਜੀ ਨੇ ਲੋਕਾਂ ਤਕ ਆਪਣਾ ਸੰਦੇਸ਼ ਪਹੁੰਚਾਣ ਲਈ ਲੋਕ ਬੋਲੀਆਂ ਤੇ ਲੋਕ ਛੰਦਾਂ ਦਾ ਪ੍ਰਯੋਗ ਪਬਨਾਂ ਸੰਕੇਤ ਦੇ ਕੀਤਾ ਹੈ।

ਆਪ ਦੀ ਕਵਿਤਾ ਵਿਚ ਰਾਗ ਦੀ ਪ੍ਰਧਾਨਤਾ ਹੈ। ਇਹ ਰਾਗ ਤੱਤ ਦੀ ਇਹ ਬਹੁਲਤਾ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਸੰਗੀਤਾਤਮਕ ਸ਼ੈਲੀਦੇ ਦਰਸ਼ਨ ਕਰਾਉਂਦੀ ਹੈ। ਉਨ੍ਹਾਂ ਦੇ ਬਿੰਬਾਤਮਿਕ ਪ੍ਰਗਟਾਵੇ ਕਰਕੇ ਇਸ ਕਾਵਿ ਸ਼ੈਲੀ ਨੂੰ ਪ੍ਰਧਾਨਤਾ ਵਰਣਾਤਮਿਕ ਜਾਂ ਵਿਅੰਗਾਤਮਿਕ ਸ਼ੈਲੀ ਹੀ ਨਹੀ ਸਗੋ ਸੰਗਰੇਤਾਤਮਕ ਸ਼ੈਲੀ ਦੀ ਹੈ। ਛੰਦ ਤੇ ਰਾਗ ਦੇ ਤੱਤ ਕਰਕੇ ਉਨ੍ਹਾਂ ਦੀ ਵਰਣਾਤਮਿਕ ਕਵਿਤਾ ਵੀ ਸੰਗੀਤਮਈ ਹੋ ਨਿਬੜੀ ਹੈ। ਗੁਰੂ ਨਾਨਕ ਦੀ ਕਾਵਿ ਸ਼ੈਲੀ ਵਿਚੋਂ ਕਵਿਤਾ ਤੇ ਰਾਗ ਨੂੰ ਵੱਖ ਕਰ ਸਕਣਾ ਬਹੁਤ ਕਠਿਨ ਹੈ। ਇਸੇ ਲਈ ਇਹ ਸ਼ੈਲੀ ਮਹਾਨ ਕਾਵਿ ਸ਼ੈਲੀ ਦੇ ਨਾਲ ਨਾਲ ਮਹਾਨ ਸੰਗੀਤਮਈ ਸ਼ੈਲੀ ਵੀ ਹੋ ਨਿਬੜੀ ਹੈ ।

-=::੦::=-

# ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ


## ਸਾਰੰਸ਼

ਵਿਅਕਤੀਆਂ ਦਾ ਸਮੂਹ ਸਮਾਜ ਹੈ। ਜੀਵਨ ਬਿਨਾਂ ਸਮਾਜ ਨਹੀ ਅਤੇ ਸਮਾਜ ਬਿਨਾਂ ਜੀਵਨ ਬੇਅਰਥ ਹੈ। ਜੀਵਨ ਅਤੇ ਸਮਾਜ ਇਕੱਠੇ ਬਾਹਾਂ ਵਿਚ ਬਾਹਾਂ ਪਾ ਕੇ ਤੁਰਦੇ ਹਨ। ਕਵੀ ਸਮਾਜ ਦਾ ਅਨੁਭਵਸ਼ੀਲ ਤੇ ਚੇਤਨਾਸ਼ੀਲ ਪ੍ਰਾਣੀ ਹੁੰਦਾ ਹੈ। ਸਮੇਂ ਦੀਆਂ ਤਤਕਾਲੀਨ,ਰਾਜਨੀਤਕ,ਆਰਥਿਕ,ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਪ੍ਰਭਾਵ ਕਵੀ ਮਨ ਉਤੇ ਪੈਂਦਾ ਹੈ। ਸਮਾਜ ਦੀ ਹਰ ਸਮੱਸਿਆਂ ਨੂੰ ਕਵੀ ਆਪਣੀ ਨਿੱਜੀ ਸਮੱਸਿਆ ਸਮਝਦਾ ਹੈ ਤੇ ਉਸ ਦੇ ਹੱਲ ਤੇ ਕਾਰਨ ਲੱਭਣ ਵਿਚ ਲਗਿਆ ਰਹਿੰਦਾ ਹੈ। ਇਸ ਤਰ੍ਹਾਂ ਸਾਹਿੱਤਕਾਰ ਤੇ ਸਮਾਜ ਦਾ ਅਟੁੱਟ ਅਤੇ ਨਿੱਘਾ; ਰਿਸ਼ਤਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਇਕ ਸਾਹਿੱਤਕਾਰ ਦੇ ਨਾਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਨੀਝ ਨਾਲ ਨੇੜੇ ਹੋ ਕੇ ਤਕਿਆ। ਗੁਰੂ ਜੀ ਨੇ ਆਪਣੇ ਆਲੇ ਦੁਆਲੇ ਵਿਅਕਤੀਆਂ ਨੂੰ ਨਿਰਬਲ ਤੇ ਸਮਾਜ ਨੂੰ ਕੋਝਾ ਦੇਖਿਆ। ਉਨ੍ਹਾਂ ਨੇ ਦੰਭ,ਕਪਟ,ਪਖੰਡ,ਦਿਖਾਵਾ,ਚਿੰਨ੍ਹਵਾਦ, ਕਰਮ ਕਾਂਡ ਆਦਿ ਵਿਰੁਧ ਆਵਾਜ਼ ਉਠਾਈ, ਤੇ ਉਨ੍ਹਾਂ ਦੇ ਪਾਪਾਂ ਲਈ ਜ਼ਿੰਦਗੀ ਦਾ ਭਰਪੂਰ ਪਾਜ ਉਘਾੜਿਆ। 'ਪਰਵਾਹ ਨਾਹੀ ਕਿਸੈ ਕੇਰੀ', 'ਸਚੁ ਸੁਣਾਇਸੀ ਸਚ ਕੀ ਬੇਲਾ', 'ਛੋਡੀਲੇ ਪਖੰਡਾ', 'ਜੇ ਜੀਵੈ ਪਤਿ ਲਥੀ ਜਾਇ', ਸਭ ਹਰਾਮ ਜੇਤਾ ਕਿਛੁ ਖਾਇ,' 'ਸ਼ੁਭ ਅਮਲਾਂ ਬਾਝੋਂ ਦੋਵੇਂ ਰੋਇ,'' ਨਾ ਕੋਈ ਹਿੰਦੂ ਨਾ ਮੁਸਲਮਾਨ' ਦੀਆਂ ਨਿਧੜਕ ਧੁਨਾਂ ਨੇ ਭਾਰਤ ਵਾਸੀਆਂ ਦੀ ਆਤਮਾ ਦੇ ਅਣਖ ਨੂੰ ਜਗਾ ਦਿੱਤਾ। ਗੁਰੂ ਜੀ ਆਪਣੇ ਸਮੇਂ ਦੇ ਸਮਾਜ ਦੇ ਸਬੰਧ ਤੋਂ ਪ੍ਰਭਾਵਤ ਹੋਏ। ਜੀਵਨ ਵਿਚ ਸਮਾਜਕ ਕੀਮਤਾਂ ਨਾਲ ਟਕਰਾਏ। ਰਚਨਾ ਵਿਚ ਰਾਜਸੀ, ਆਰਥਿਕ ਧਾਰਮਿਕ ਤੇ ਸਮਾਜਿਕ ਸਥਿਤੀ ਤੇ 'ਟੀਕਾ' ਟਿੱਪਣੀ' ਕੀਤੀ ਤੇ ਸਮਾਜ ਦੇ ਆਦਰਸ਼ ਨੂੰ ਚਿਤਰਿਆ। ਉਨ੍ਹਾਂ ਰਾਜੇ ਅਤੇ ਪਰਜਾ ਦੇ ਸਬੰਧ ਨੂੰ ਸਮਝਿਆ, ਜਾਗੀਰਦਾਰ ਅਤੇ ਮੁਜ਼ਾਰੇ ਦੇ ਫਰਕ ਨੂੰ ਮਹਿਸੂਸ ਕੀਤਾ ; ਧਰਮ ਅਤੇ ਭੇਖ ਵਿਚਕਾਰ ਵੰਡ ਕੀਤੀ, ਬ੍ਰਾਹਮਣ ਅਤੇ ਸ਼ੂਦਰ ਦੀ ਸੰਸਥਾ ਨੂੰ ਤੱਕਿਆ; ਮਰਦ ਅਤੇ ਔਰਤ ਦੇ ਰਿਸ਼ਤੇ ਨੂੰ ਟੁੰਬਿਆ, ਹਲੂਣਿਆ ਅਤੇ ਪਰਤੀਕਰਮ ਵਜੋਂ ਸਮਾਜ ਨੇ ਹਲੂਣਾ ਖਾਧਾ। ਇਸ ਤਰ੍ਹਾਂ ਦਾ ਸਾਹਿੱਤਉਤਮ ਸਾਹਿਤ ਹੁੰਦਾ ਹੈ, ਕਿਉਂਕਿ ਇਹ ਜੀਵਨ ਵਿਚੋਂ ਪੈਦਾ ਹੋਇਆ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਸਮੁਚੀ ਜਾਤੀ ਦੇ ਸਾਂਝੇ ਰੂਹਾਨੀ ਆਗੂ,ਇਕ ਸਚੇ ਦੇਸ਼ ਭਗਤ ਤੇ ਮਹਾਨ ਸਾਹਿੱਤਕਾਰ ਸਨ ਜਿਨ੍ਹਾਂ ਦੇ ਜੀਵਨ ਕਾਰਨਾਮੇ,ਮਿਠੇ ਤੇ ਸਤ ਭਰੇ ਬੋਲ ਭਾਰਤੀ ਜ਼ਿੰਦਗੀ ਵਿਚ ਇਕ ਨਵੀ ਸਾਂਝੀ ਜੀਵਨ ਰੌ ਲੈ ਕੇ ਆਏ, ਜਿਸ ਵਿਚ ਨਾ ਕੋਈ ਨੀਵਾਂ ਰਿਹਾ ਤੇ ਨਾ ਉਚਾ, ਨਾ ਕੋਈ ਵੈਰੀ ਤੇ ਨਾ ਬਿਗਾਨਾ। ਸਗੋਂ ਜਿਸ ਵਿਚ ਸਾਰੇ ਬਰਾਬਰ ਤੇ ਸਾਂਝੀਵਾਲ ਬਣ ਗਏ। ਆਪ ਨੇ ਕੌਮ ਚੋਰਾਂ,ਵਿਹਲੜਾਂ, ਲਹੂ ਪੀਣੇ

(ਅ)

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

ਮਲਕ ਭਾਗੋਆਂ ਜੋ ਗਰੀਬਾਂ ਦਾ ਲਹੂ ਪੀ ਪੀ ਕੇ ਭੂੱਚਰ ਬਣੀ ਜਾ ਰਹੇ ਸਨ, ਮਾਇਆ ਇਕੱਠੀ ਕਰ ਰਹੇ ਸਨ, ਦੂਜਿਆਂ ਦੇ ਹੱਕਾਂ ਉੱਤੇ ਛਾਪਾ ਮਾਰਨਾ,ਮੁਰਦਾਰ ਖਾਣਾ ਹੱਕ ਸਮਝਦੇ ਸਨ - ਉਨ੍ਹਾਂ ਲੁਟੇਰਿਆਂ, ਰਾਖਸ਼ਸ਼ਾਂ, ਜਾਦੂਗਰਾਂ, ਕਰਾਮਾਤੀਆਂ ਤੇ ਸੰਨਿਆਸੀਆਂ ਨੂੰ ਆਪਣੀ ਪਿਆਰ ਛੋਹ ਬਖਸ਼ ਕੇ ਸ਼ਬਦ ਸੰਗਿਤਕ ਵਾਤਾਵਰਣ ਵਿਚ ਲਿਆ ਕੇ ਪਹਿਲਾਂ ਉਸ ਦੀ ਜੀਵਨ ਦ੍ਰਿਸ਼ਟੀ ਨੂੰ ਬਦਲਿਆ ਫਿਰ ਉਸ ਨੂੰ ਸਤਿ ਸੰਗਤ ਵਿਚ ਜੁੜਨ ਵਾਸਤੇ ਉਤਸਾਹਿਤ ਕੀਤਾ ਫਿਰ ਉਸ ਨੂੰ ਪ੍ਰਭੂ ਸਿਮਰਨ ਦੁਆਰਾ ਦੈਵੀ ਗੁਣਾਂ ਦੀ ਪ੍ਰਾਪਤੀ ਵਾਸਦੇ ਪ੍ਰੇਰਿਆ।

ਪੰਜਾਬੀ ਸਾਹਿੱਤ ਖੇਤਰ ਵਿਚ ਜੋ ਕਈ ਸਦੀਆਂ ਤੋਂ ਬੰਨ੍ਹ ਲਗੇ ਹੋਏ ਸਨ - ਉਨ੍ਹਾਂ ਨੂੰ ਤੋੜ ਕੇ ਇਕ ਐਸਾ ਸਾਹਿਤਕ ਹੜ੍ਹ ਵਗਾਇਆ ਕਿ ਦੋ ਸਦੀਆਂ ਦੇ ਵਿਚ ਹੀ ਪੰਜਾਬੀ ਸਾਹਿਤ ਨੂਰੋ ਨੂਰ ਹੋ ਗਿਆ। ਗੁਰੂ ਨਾਨਕ ਨੇ ਜੋ ਵੀ ਰਚਿਆ, ਲੋਕਾਂ ਦੇ ਵਿਚ ਰਚ ਕੇ ਲੋਕਾਂ ਦੀ ਬੋਲੀ ਵਿਚ ਰਚਿਆ, ਭਾਵੇਂ ਕਿ ਉਨ੍ਹਾਂ ਦੀਆਂ ਕਈ ਪ੍ਰਮੁੱਖ ਰਚਨਾਵਾਂ ਵਿਚ ਹਿੰਦੀ,ਸੰਸਕ੍ਰਿਤ ,ਪ੍ਰਾਕ੍ਰਿਤ, ਫਾਰਸੀ, ਮੁਲਤਾਨੀ ਸ਼ਬਦ ਵਰਤੇ ਹਨ ਇਹ ਸਿਰਫ ਸਿਧਾਂਤਕ ਰਚਨਾਵਾਂ ਰਚਨ ਵੇਲੇ ਜਾਂ ਦੂਜੀਆਂ ਭਾਸ਼ਾਵਾਂ ਦੇ ਲੋਕਾਂ ਨੂੰ ਉਪਦੇਸ਼ ਦੇਣ ਵੇਲੇ ਹੀ ਵਰਤੇ ਹਨ। ਸਮੁੱਚੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਨਿਰੋਲ ਰਹੱਸਵਾਦੀ ਨਹੀ, ਉਹ ਮਹਾਨ ਮਾਨਵਵਾਦੀ ਚੇਤੰਨ ਲੋਮੀ ਉਸਰੱਈਏ ਤੇ ਸੂਝਵਾਨ ਸਮਾਜਿਕ ਨੇਤਾ ਵੀ ਸਨ। ਸ੍ਰੇਸ਼ਟ ਸਾਹਿਤਕਾਰ - ਸਾਹਿੱਤਕਾਰਾਂ ਦੇ ਨਿਰਮਾਤਾ ਤੇ ਵਿਸ਼ਵ ਸੰਗੀਤ ਦਾ ਸੁਪਨਾ ਸਾਕਾਰ ਕਰਨ ਵਾਲੇ ਪ੍ਰਬੀਨ ਸੰਗੀਤਕਾਰ ਵੀ ਸਨ; ਪਰ ਇਹ ਸਰਬ ਪੱਖ, ਇਕ ਦੂਜੇ ਨਾਲ ਇਕਸੁਰ ਹੋ ਕੇ ਉਨ੍ਹਾਂ ਦੀ ਸ਼ਖਸ਼ੀਅਤ ਨੂੰ ਇਕ ਸੁੰਦਰ ਇਕਾਈ ਦਾ ਅਜਿਹਾ ਅਨੰਤ ਗੌਰਵ ਦਾ ਬਿੰਬ ਪ੍ਰਦਾਨ ਕਰਦੇ ਹਨ - ਜਿਸ ਉਤੇ ਜਿੰਨਾਂ ਮਾਣ ਕੀਤਾ ਜਾਏ ਉਹ ਥੋੜ੍ਹਾ ਹੈ।

-=::ੴ::=-

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

### ਪੁਸਤਕ ਸੂਚੀ


| ਨੰ. | ਲੇਖਕ | ਪੁਸਤਕ | ਪ੍ਰਕਾਸ਼ਕ | ਸੰਨ |
|---|---|---|---|---|
| 1. | ਗਿ. ਊਧਮ ਸਿੰਘ | 'ਗੁਰੂ ਨਾਨਕ ਜੀਵਨ ਇਕ ਨਵੀ ਖੋਜ | ਸੁਰਜੀਤ ਪ੍ਰਕਾਸ਼ਨ ਨਵੀ ਦਿਲੀ-27. | 1972 |
| 2. | ਡਾ. ਸੁਰਿੰਦਰ ਸਿੰਘ ਬੇਦੀ | ਨਾਨਕ ਲੋਕ ਪ੍ਰਵਾਹ | ਲੋਕਲ ਬੁਕ ਸ਼ਾਪ ਦਿੱਲੀ-6. | 1971 |
| 3. | ਸੇਵਾ ਸਿੰਘ ਸੇਵਕ | ਗੁਰੂ ਨਾਨਕ ਵਿਸ਼ਵ ਨੂਰ | ਲਾਲਾ ਅਮੀ ਚੰਦ ਸੂਰੀ, ਮਾਲਕ ਪੰਜਾਬ ਕਿਤਾਬ ਘਰ ਜਲੰਧਰ | 1969 |
| 4. | ਪ੍ਰੋ. ਸਾਹਿਬ ਸਿੰਘ | ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ | ਸੇਵਾ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ | 1969 |
| 5. | ਸਤਿਬੀਰ ਸਿੰਘ | 'ਬਲਿਓ ਚਿਰਾਗ' | ਸ. ਮਹਿਤਾਬ ਸਿੰਘ ਨਿਊ ਬੁਕ ਕੰਪਨੀ-ਜਲੰਧਰ | 1969 |
| 6. | ਸੇਵਾ ਸਿੰਘ ਸੇਵਕ | ਪ੍ਰਾਚੀਨ ਜਨਮ ਸਾਖੀ ਗੁਰੂ ਨਾਨਕ ਦੇਵ ਜੀ | " | 1969 |
| 7. | ਸੁਰਿੰਦਰ ਸਿੰਘ ਕੋਹਲੀ | ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ | ਪੰਜਾਬ ਯੂਨੀਵਰਸਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ। | 1969 |
| 8. | ਸੰਤੋਖ ਸਿੰਘ | ਨਿਰੰਕਾਰੀ ਦਰਸ਼ਨ | ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ | 1952 |
| 9. | ਪ੍ਰੋ. ਸਾਹਿਬ ਸਿੰਘ | ਕੁਝ ਹੋਰ ਧਾਰਮਕ ਲੇਖ | ਲਾਹੌਰ ਬੁਕ ਸ਼ਾਪ, ਲੁਧਿਆਣਾ | 1956 |
| 10. | ਪ੍ਰੋ. ਸਾਹਿਬ ਸਿੰਘ | ਭਗਤ ਬਾਣੀ ਸਟੀਕ | ਸਿੰਘ ਬ੍ਰਦਰਜ਼ ਅੰਮ੍ਰਿਤਸਰ | 1969 |
| 11. | ਸੰਤ ਸਿੰਘ ਸੇਖੋਂ | ਸਾਹਿਤਾਰਥ | ਲਾਹੌਰ ਬੁਕ ਸ਼ਾਪ ਲੁਧਿਆਣਾ | 1970 |
| 12. | ਸਤਿਬੀਰ ਸਿੰਘ | ਸਾਡਾ ਇਤਿਹਾਸ | ਨਿਊ ਬੁਕ ਐਂਡ ਕੰਪਨੀ ਜਲੰਧਰ | 1957 |
| 13. | ਸ. ਸ. ਅਸ਼ੋਕ | ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ | ਲਾਹੌਰ ਬੁਕ ਸ਼ਾਪ ਲੁਧਿਆਣਾ | 1955 |
| 14. | ਡਾ. ਹਰੀ ਰਾਮ ਗੁਪਤਾ | ਗੁਰੂ ਨਾਨਕ ਦੇਵ ਜੀ | ਗੁਰੂ ਨਾਨਕ ਫਾਊਂਡੇਸ਼ਨ ਵਲੋਂ ਨਵਯੁਗ ਪਬਲਿਸ਼ਰਜ਼ ਦਿਲੀ। | 1969 |
| 15. | ਅਨੁ. ਹਰਭਜਨ ਸਿੰਘ | 'ਚਿੰਠੀਆਂ ਬਿਨ ਸਿਰਨਾਵਿਓਂ | ਨਵਯੁਗ ਪਬਲਿਸ਼ਰਜ਼ ਦਿਲੀ | 1966 |
| 16. | ਪ੍ਰੋ. ਕਰਤਾਰ ਸਿੰਘ | ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ | ਲਾਹੌਰ ਬੁਕ ਸ਼ਾਪ ਲੁਧਿਆਣਾ | 1947 |
| 17. | ਕਲਾ ਸਿੰਘ ਬੇਦੀ | ਵਾਰਕਾਰ ਗੁਰੂ ਨਾਨਕ | ਪੰਜਾਬੀ ਬੁਕ ਸਟੋਰ ਨਵੀ ਦਿਲੀ | 1968. |

| | | | |
|---|---|---|---|
| 18. ਕਰਨੈਲ ਸਿੰਘ ਥਿੰਦ | ਲੋਕ ਧਾਨ ਅਤੇ ਮਧਕਾਲੀਨ ਪੰਜਾਬੀ ਸਾਹਿੱਤ | ਰਵੀ ਸਾਹਿੱਤ ਪ੍ਰਕਾਸ਼ਨ ਅੰਮ੍ਰਿਤਸਰ | 1973 |
| 19. ਕਾਲਾ ਸਿੰਘ ਬੇਦੀ | ਗੁਰੂ ਨਾਨਕ ਸ਼ਬਦ ਰਤਨਾਕਰ | ਭਾਸ਼ਾ ਵਿਭਾਗ, ਪੰਜਾਬ | 1969 |
| 20. ਡਾ. ਕਾਲਾ ਸਿੰਘ ਬੇਦੀ | ਗੁਰੂ ਨਾਨਕ ਭਾਸ਼ਾ | ਪੰਜਾਬੀ ਬੁਕ ਸਟੋਰ ਨਵੀ ਦਿਲੀ | 1962 |
| 21. ਕਪੂਰ ਸਿੰਘ ਘੁੰਮਣ ਕਿਰਪਾਲ ਸਿੰਘ | ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ | ਭਾਸ਼ਾ ਵਿਭਾਗ, ਪੰਜਾਬ | 1970 |
| 22. ਡਾ. ਕਾਲਾ ਸਿੰਘ ਬੇਦੀ | ਗੁਰੂ ਨਾਨਕ ਕਾਵਿ ਚਿੱਤਰਣ | ਪੰਜਾਬੀ ਬੁਕ ਸਟੋਰ ਨਵੀ ਦਿਲੀ | |
| 23. ਡਾ. ਕਾਲਾ ਸਿੰਘ ਬੇਦੀ | ਗੁਰੂ ਨਾਨਕ ਦਰਸ਼ਨ | ਪੰਜਾਬੀ ਪ੍ਰਕਾਸ਼ਕ-ਦਿੱਲੀ-5 | 1965 |
| 24. ਕਰਤਾਰ ਸਿੰਘ | ਧਰਮ ਬਾਰੇ | ਲਾਹੌਰ ਬੁਕ ਸ਼ਾਪ ਲੁਧਿਆਣਾ | 1946 |
| 25. ਡਾ. ਕਾਲਾ ਸਿੰਘ ਬੇਦੀ | ਗੁਰੂ ਨਾਨਕ ਨਿਰੰਕਾਰੀ | ਪੰਜਾਬੀ ਬੁਕ ਸਟੋਰ ਨਵੀ ਦਿਲੀ | 1966 |
| 26. ਕਰਤਾਰ ਸਿੰਘ | ਪੰਜਾਬੀ ਸਾਹਿੱਤ ਸੰਸਾਰ ਦੇ ਚੌਦਾਂ ਰਤਨ | ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ | ਚੌਥੀ ਵਾਰ 1972. |
| 27. ਗੁਰਦਿੱਤ ਸਿੰਘ ਪ੍ਰੇਮੀ | ਪੰਜਾਬੀ ਸਾਹਿੱਤ ਦੇ ਚੋਣਵੇਂ ਸਿਤਾਰੇ | ਨਿਊ ਬੁਕ ਕੰਪਨੀ, ਜਲੰਧਰ | 1972 |
| 28. ਗੁਰਮੁਖ ਸਿੰਘ, ਨਿਹਾਲ ਸਿੰਘ | ਗੁਰੂ ਨਾਨਕ ਜੀਵਨ ਯੁੱਗ ਅਤੇ ਉਪਦੇਸ਼ | ਗੁਰੂ ਨਾਨਕ ਫਾਊਂਡੇਸ਼ਨ ਦਿਲੀ | 1969 |
| 29. ਡਾ. ਗੁਰਦੇਵ ਸਿੰਘ | ਗੁਰੂ ਨਾਨਕ ਵਿਚਾਰ ਅਤੇ ਕਾਵਿ ਕਲਾ | ਲਾਹੌਰ ਬੁਕ ਸ਼ਾਪ, ਲੁਧਿਆਣਾ | |
| 30. ਅਨੁ. ਗੁਰਮੁਖ ਸਿੰਘ ਗੁਰਮੁਖ | ਸਿਖ ਇਤਿਹਾਸ | " " | |
| 31. " " | ਪੰਜਾਬੀ ਦਾ ਇਤਿਹਾਸ | " " | |
| 32. ਗੋਪਾਲ ਸਿੰਘ ਦਰਦੀ | ਪੰਜਾਬੀ ਸਾਹਿੱਤ ਦਾ ਇਤਿਹਾਸ | ਪੰਜਾਬ ਯੂਨੀਵਰਸਟੀ ਪਬਲੀਕੇਸ਼ਨ ਚੰਡੀਗੜ੍ਹ | 1962 |
| 33. ਪ੍ਰੋ. ਚਰਨਜੀਤ ਸਿੰਘ | ਸੱਚ ਕੀ ਬਾਣੀ ਨਾਨਕ ਆਖੈ | ਪ੍ਰੋ. ਚਰਨਜੀਤ ਸਿੰਘ ਨਵੀ-ਦਿਲੀ | 1969. |
| 34. ਭਾਈ ਜੋਧ ਸਿੰਘ | ਗੁਰੂ ਨਾਨਕ ਮੱਤ ਦਰਪਨ | ਭਾਸ਼ਾ ਵਿਭਾਗ, ਪੰਜਾਬ | 1970 |
| 35. ਪ੍ਰੋ. ਜੁਗਿੰਦਰ ਸਿੰਘ | ਗੁਰਮਤਿ ਤੇ ਗੁਰਦਰਸ਼ਨ | ਪ੍ਰੀਤ ਪ੍ਰਕਾਸ਼ਨ, ਨਵੀ ਦਿਲੀ | 1970 |
| 36. ਜਗੀਰ ਸਿੰਘ ਜਗਤਾਰ | ਗੁਰੂ ਨਾਨਕ ਇਕ ਦ੍ਰਿਸ਼ਟੀਕੋਣ | ਮੁਹਾਂਦਰਾ ਪ੍ਰਕਾਸ਼ਨ ਬਰਨਾਲਾ | 1970 |
| 37. ਡਾ. ਜੀਤ ਸਿੰਘ ਸੀਤਲ | ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ | ਮੁਨੀ ਲਾਲ ਗੁਪਤਾ, ਪੈਪਸੂ ਬੁਕ ਡਿਪੂ, ਪਟਿਆਲਾ | 1973 |
| 38. ਭਾਈ ਜੋਧ ਸਿੰਘ | ਗੁਰੂ ਨਾਨਕ ਬਾਣੀ | ਨੈਸ਼ਨਲ ਬੁਕ ਟਰੱਸਟ ਨਵੀ ਦਿਲੀ | 1971 |
| 39 ਡਾ. ਤਾਰਨ ਸਿੰਘ | ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ | 1963 |

| | | | |
|---|---|---|---|
| 40. ਡਾ. ਤਾਰਨ ਸਿੰਘ | ਗੁਰੂ ਨਾਨਕ ਚਿੰਤਨ ਤੇ ਕਲਾ | ਕਸਤੂਰੀ ਲਾਲ ਐਂਡ ਸੰਨਜ਼ ਅੰਮ੍ਰਿਤਸਰ | 1963 |
| 41. ਡਾ. ਤ੍ਰਿਲੋਚਨ ਸਿੰਘ | ਜੀਵਨ ਚਰਿਤ੍ਰ ਗੁਰੂ ਨਾਨਕ ਦੇਵ | ਦਿੱਲੀ ਸਿੱਖ ਗੁਰਦੁਆਰਾ ਰੋਡ ਦਿਲੀ | 1972 |
| 42 ਡਾ. ਤਾਰਨ ਸਿੰਘ | ਭਗਤੀ ਤੇ ਸ਼ਕਤੀ | ਫਕੀਰ ਸਿੰਘ ਅੰਮ੍ਰਿਤਸਰ | 1962 |
| 43 ਪ੍ਰੋ. ਦਲਜੀਤ ਸਿੰਘ | ਗੁਰੂ ਨਾਨਕ ਜੋਤ ਤੇ ਸਰੂਪ | ਦੇਵ ਦਤ ਪ੍ਰਕਾਸ਼ਨ ਲੁਧਿਆਣਾ | |
| 44 ਦੀਵਾਨ ਸਿੰਘ | ਗੁਰੂ ਨਾਨਕ ਦਾ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ | ਫਕੀਰ ਸਿੰਘ ਐਂਡ ਸੰਨਜ਼ ਅੰਮ੍ਰਿਤਸਰ | 1968 |
| 45 ਡਾ. ਧਰਮਪਾਲ ਸੈਨੀ | ਗੁਰੂ ਨਾਨਕ ਚਿੰਤਨ ਤੇ ਹੋਰ ਨਿਬੰਧ | ਕੇ. ਲਾਲ ਐਂਡ ਕੰਪਨੀ ਜਲੰਧਰ | 1972 |
| 46 ਪ੍ਰੀਤਮ ਸਿੰਘ | ਆਲੋਚਨਾ ਗੁਰੂ ਨਾਨਕ ਅੰਕ ਭਾਗ ਪਹਿਲਾ | ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ | 1970 |
| 47 ਪ੍ਰੀਤਮ ਸਿੰਘ | ਆਲੋਚਨਾ ਗੁਰੂ ਨਾਨਕ ਅੰਕ ਭਾਗ ਦੂਜਾ | " " | " |
| 48 ਪ੍ਰੇਮ ਪ੍ਰਕਾਸ਼ ਸਿੰਘ | ਭਾਰਤੀ ਕਾਵਿ ਸ਼ਾਸ਼ਤਰ | " " | 1963 |
| 49 ਪ੍ਰੋ. ਬਲਬੀਰ ਕੌਰ ਰੰਧਾਵਾ | ਗੁਰੂ ਨਾਨਕ ਅਲੰਕਾਰ | ਸਰਦਾਰ ਸਾਹਿੱਤ ਭਵਨ ਪਟਿਆਲਾ | 1968 |
| 50 ਡਾ. ਮੋਹਨ ਸਿੰਘ | ਪੰਜਾਬੀ ਸਾਹਿੱਤ ਦਾ ਇਤਿਹਾਸ | ਕਸਤੂਰੀ ਲਾਲ ਐਂਡ ਸੰਨਜ਼ ਅੰਮ੍ਰਿਤਸਰ | 1956 |
| 51 ਮਹਿੰਦਰ ਦੇਸਾਂਝ | ਘੜੀਐ ਸ਼ਬਦ ਸਚੀ ਟਕਸਾਲ | ਲਿਖਾਰੀ ਸਭਾ ਜਲੰਧਰ | 1970 |
| 52 ਰਤਨ ਸਿੰਘ ਜੱਗੀ | ਗੁਰੂ ਨਾਨਕ ਬਾਣੀ | ਮਦਾਨ ਪਬਲਿਸ਼ਰਜ਼ ਪਟਿਆਲਾ | 1968 |
| 53 ਵਿਸ਼ਵਾਨਾਥ ਤਿਵਾੜੀ | ਕਰਾਂਤੀਕਾਰ ਗੁਰੂ ਨਾਨਕ | ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ | 1969 |
| 54 ਭਾਈ ਵੀਰ ਸਿੰਘ | ਪੁਰਾਤਨ ਜਨਮਸਾਖੀ | ਖਾਲਸਾ ਸਾਹਿੱਤ ਸਮਾਚਾਰ ਅੰਮ੍ਰਿਤਸਰ | |
| 55 ਗੁਰੂ ਨਾਨਕ | ਪ੍ਰਕਾਸ਼ਨ ਵਿਭਾਗ, ਸੂਚਨਾ ਅਤੇ ਪ੍ਰਸਾਰਣ ਮੰਤ੍ਰਾਲਯ, ਭਾਰਤ ਸਰਕਾਰ | - | 1969 |
| 56 ਪੰਜਾਬੀ ਦੁਨੀਆਂ | ਗੁਰੂ ਨਾਨਕ ਅੰਕ ਭਾਗ ਦੂਜਾ, | ਭਾਸ਼ਾ ਵਿਭਾਗ, ਪੰਜਾਬ | 1970 |
| 57 ਪੰਜਾਬੀ ਦੁਨੀਆਂ | ਗੁਰੂ ਨਾਨਕ ਅੰਕ, ਭਾਗ ਪਹਿਲਾ | , ਭਾਸ਼ਾ ਵਿਭਾਗ, ਪੰਜਾਬ | |
| 58 ਗੁਰਮਤਿ ਪ੍ਰਕਾਸ਼ - | ਗੁਰੂ ਨਾਨਕ ਬਾਣੀ ਅੰਕ - | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ | 1969 |
| 59 ਪੰਜਾਬੀ ਦੁਨੀਆਂ | ਭਾਈ ਗੁਰਦਾਸ ਅੰਕ | ਭਾਸ਼ਾ ਵਿਭਾਗ, ਪੰਜਾਬ | 1968 |
| 60 ਨਰੈਣ ਸਿੰਘ - | 15 ਵਾਰਾਂ ਸਟੀਕ, ਭਾਈ ਗੁਰਦਾਸ | ਲਾਹੌਰ ਬੁਕ ਸ਼ਾਪ, ਲੁਧਿਆਣਾ | 1944 |

## ਹਿੰਦੀ

61 ਗੁਰੂ ਨਾਨਕ ਰਚਨਾਵਲੀ - ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1970

62 ਜੈ ਰਾਮ ਮਿਸ਼ਰ- ਨਾਨਕ ਬਾਣੀ - ਮਿਤਰ ਪ੍ਰਕਾਸ਼ਨ, ਅਲਾਹਾਬਾਦ - 2019 ਬਿਕਰਮੀ।

-੦-

253610

## ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿੱਤਰ

### English Books


1. Anil Chandra Banerjea 'Guru Nanak and his time'

   Publisher : Sardar Amrik Singh, Punjab University Patiala.

2. Gurmukh Nihal singh 'Guru Nanak His life, Times and Teachings'

   Pub. Guru Nanak Foundation New Delhi 1969.

3. Gurcharan Singh 'History of the Punjab'

   Pub. Kapur & Sons Delhi 1968.

4. Ishury Parshad 'New History of India'

   Pub. Indian Press, Allahabad 1960.

5. J.M.Kurry 'Problem of Styde ' London O.U.P.1956.

6. Joseph Davey 'Cunningham ' 'Cunningham's History of The Sikhs'.

   Pub. S. Chand & Co. Delhi, Lucknow, Jullundor, A.D. 1955.

7. J.S. Grewal 'Guru Nanak in History'

   Pub. Publication Bureau Punjab University Chandigarh -1969.

8. Dr. Mohan Singh 'AHistory of Panjabi Literature(1100-1932)

   Pub. Kasturi Lal & Sons, Amritsar. II Ed. 1956.

9. Dr. M.M. Singh 'Sri Guru Nanak'

   Pub. Jiwan Singh-Dehra Dun

10. Tara Chand 'Influence of Islam on Indian Culture'

    Pub. Indian Press Allahabad-1954.

11. W.H. McLeod 'Guru Nanak and Sikh Religion'

    Pub. The clarendon Press-1968.

12. 'Parkh' Editor Dr. S.S. Kohli,

    Pub- The Secretary Publication Bureau, Punjab University Chandigarh.


***

253610